
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫ਼ਤਾਵਾਰੀ
# ਦੇਸ਼ ਦੁਆਬਾ
VOL - 9 ISSUE - 28
October 21, 2020
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸਿੱਖ ਮੁਗਲ, ਪਹਿਲੀ ਜੰਗ (15 ਮਈ 1628) ਬਾਰੇ ਪ੍ਰਮਿੰਦਰ ਸਿੰਘ ਪ੍ਰਵਾਨਾ ਦਾ ਸਬੰਧਤ ਲੇਖ ਅੰਦਰ ਦੇਖੋ।

## ਪੰਜਾਬ ਖੇਤੀ ਬਿੱਲਾਂ ਦਾ ਵਿਰੋਧ ਕਰਨ ਵਾਲਾ ਪਹਿਲਾ ਸੂਬਾ ਬਣਿਆ

**ਚੰਡੀਗੜ੍ਹ (ਬਿਊਰੋ)–** ਪੰਜਾਬ ਪੂਰੇ ਭਾਰਤ ਵਿੱਚ ਪਹਿਲਾ ਸੂਬਾ ਬਣ ਗਿਆ ਹੈ ਜਿਸ ਦੀ ਵਿਧਾਨ ਸਭਾ ਨੇ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਖਿਲਾਫ਼ ਮਤਾ ਪਾਸ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਪੇਸ਼ ਖੇਤੀ ਬਾੜੀ ਬਿਲਾਂ ਨੂੰ ਵੀ ਸਰਬ ਸਹਿਮਤੀ ਨਾਲ ਪੰਜਾਬ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ ਗਿਆ ਹੈ। ਇਨ੍ਹਾਂ ਬਿੱਲਾਂ ਦੇ ਪੇਸ਼ ਹੋਣ ਮੌਕੇ ਭਾਜਪਾ ਦੇ ਵਿਧਾਇਕ ਵਿਧਾਨ ਸਭਾ ਤੋਂ ਗ਼ੈਰ-ਹਾਜ਼ਿਰ ਰਹੇ। ਇਨ੍ਹਾਂ ਬਿੱਲਾਂ ਵਿੱਚ ਪੰਜਾਬ ਸਰਕਾਰ ਨੇ ਐੱਮਐੱਸਪੀ ਨੂੰ ਸ਼ਾਮਿਲ ਕੀਤਾ ਹੈ ਤੇ ਉਸ ਤੋਂ ਘੱਟ ਕੀਮਤ ’ਤੇ ਫਸਲ ਦੀ ਕੀਮਤ ਅਦਾ ਕਰਨ ’ਤੇ ਤਿੰਨ ਸਾਲ ਦੀ ਸਜ਼ਾ ਹੈ। ਹੁਣ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਨੂੰ ਇੱਕ ਦਿਨ ਵਾਸਤੇ ਵਧਾ ਦਿੱਤਾ ਗਿਆ ਹੈ।




ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਭਾਜਪਾ ਤੋਂ ਇਲਾਵਾ ਸਾਰੀਆਂ ਪਾਰਟੀਆਂ ਦੇ ਵਿਧਾਇਕਾਂ ਨੇ ਰਾਜਪਾਲ ਨਾਲ ਮੁਲਾਕਾਤ ਕੀਤੀ। ਮੁਲਾਕਾਤ ਮਗਰੋਂ ਰਾਜ ਭਵਨ ਦੇ ਬਾਹਰ ਸਾਰੀਆਂ ਪਾਰਟੀਆਂ ਦੇ ਵਿਧਾਇਕ ਨਾਲ ਨਜ਼ਰ ਆਏ। ਭਾਜਪਾ ਤੋਂ ਇਲਾਵਾ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਪੰਜਾਬ ਦੇ ਖੇਤੀ ਬਿੱਲਾਂ ਲਈ ਇੱਕਜੁਟਤਾ ਦਿਖਾਈ ਹੈ। ਮੁਲਾਕਾਤ ਮਗਰੋਂ ਕੈਪਟਨ ਅਮਰਿੰਦਰ ਨੇ ਕਿਹਾ ਕਿ ਉਨ੍ਹਾਂ ਨੇ ਰਾਜਪਾਲ ਨੂੰ ਅਪੀਲ ਕੀਤੀ ਹੈ ਕਿ ਉਹ ਵਿਧਾਨ ਸਭਾ ਵਿੱਚ ਪਾਸ ਬਿੱਲਾਂ ’ਤੇ ਦਸਤਖ਼ਤ ਕਰ ਦੇਣ। ਜਦੋਂ ਕੈਪਟਨ ਅਮਰਿੰਦਰ ਨੂੰ ਪੁੱਛਿਆ ਕਿ ਜੇ ਰਾਜਪਾਲ ਨੇ ਦਸਤਖ਼ਤ ਨਹੀਂ ਕੀਤੇ ਤਾਂ ਉਨ੍ਹਾਂ ਨੇ ਕਿਹਾ, “ਜੇ ਅਜਿਹਾ ਹੁੰਦਾ ਹੈ ਤਾਂ ਸਾਡੇ ਕੋਲ ਕਾਨੂੰਨੀ ਬਦਲ ਹਨ। ਅਸੀਂ ਰਾਸ਼ਟਰਪਤੀ ਕੋਲ ਵੀ ਸਮਾਂ ਮੰਗਿਆ ਹੈ ਤੇ ਨਵੰਬਰ ਦੇ ਪਹਿਲੇ ਹਫ਼ਤੇ ਵਿੱਚ ਸਾਰੀ ਵਿਧਾਨ ਸਭਾ ਉਨ੍ਹਾਂ ਨਾਲ ਮੁਲਾਕਾਤ ਕਰੇਗੀ।”

ਰਾਜ ਭਵਨ ਦੇ ਬਾਹਰੋਂ ਸਾਂਝੀ ਪ੍ਰੈੱਸ ਕਾਨਫਰੰਸ ਦੇ ਮੰਚ ਤੋਂ ਅਕਾਲੀ ਦਲ ਨੇ ਕਿਹਾ ਕਿ ਉਨ੍ਹਾਂ ਨੇ ਕੈਪਟਨ ਅਮਰਿੰਦਰ ਦੀ ਸਰਕਾਰ ਵੱਲੋਂ ਲਿਆਏ ਗਏ ਬਿੱਲਾਂ ਦੇ ਨਾਲ ਸਹਿਮਤੀ ਪ੍ਰਗਟਾਈ ਹੈ। ਅਕਾਲੀ ਦਲ ਦੇ ਆਗੂ ਸ਼ਰਨਜੀਤ ਸਿੰਘ ਢਿੱਲੋਂ ਨੇ ਕਿਹਾ, “ਮੈਂ ਅੱਜ ਮੋਦੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਛੋਟਾ ਸੂਬਾ ਨਾ ਮੰਨਿਆ ਜਾਵੇ।ਕਈ ਵੱਡੀਆਂ ਲਹਿਰਾਂ ਪੰਜਾਬ ਤੋਂ ਵੀ ਨਿਕਲੀਆਂ ਹਨ।”

ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਲੀਡਰ ਹਰਪਾਲ ਸਿੰਘ ਚੀਮਾ ਨੇ ਵੀ ਕਿਹਾ ਕਿ ਉਹ ਇਨ੍ਹਾਂ ਬਿੱਲਾਂ ਦੇ ਹੱਕ ਵਿੱਚ ਪੰਜਾਬ ਸਰਕਾਰ ਨਾਲ ਖੜ੍ਹੇ ਹਨ। ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਭਾਜਪਾ ਤੋਂ ਇਲਾਵਾ ਬਾਕੀ ਸਾਰੀਆਂ ਪਾਰਟੀਆਂ ਦੀ ਸਹਿਮਤੀ ਦੇ ਨਾਲ ਪਾਸ ਕੀਤੇ ਗਏ ਤਿੰਨੇ ਬਿੱਲਾਂ ਦਾ ਵੇਰਵਾ:

**ਬਿੱਲ 1–** ਕਿਸਾਨ ਵਪਾਰ ਅਤੇ ਵਣਜ ਦੀਆਂ ਵਿਸ਼ੇਸ਼ ਵਿਵਸਥਾਵਾਂ ਅਤੇ ਪੰਜਾਬ ਸੋਧ ਬਿੱਲ 2020 ਤਹਿਤ ਕਣਕ ਜਾਂ ਝੋਨੇ ਦੀ ਕੋਈ ਵੀ ਵਿਕਰੀ ਜਾਂ ਖਰੀਦ ਜਾਇਜ਼ ਨਹੀਂ

**(ਬਾਕੀ ਸਫਾ 16 ‘ਤੇ)**




## ਮੁਲਕ ’ਚ ਮੁੜ ਵਧਣ ਲੱਗੀ ਕੋਰੋਨਾ ਮਹਾਮਾਰੀ

**ਵਾਸ਼ਿੰਗਟਨ (ਬਿਊਰੋ)–** ਦੁਨੀਆ ’ਚ ਕੋਰੋਨਾ ਵਾਇਰਸ ਦੇ ਕਹਿਰ ਨਾਲ ਸਭ ਤੋਂ ਜ਼ਿਆਦਾ ਜੂਝ ਰਹੇ ਅਮਰੀਕਾ ਵਿਚ ਇਸ ਮਹਾਮਾਰੀ ਦੀ ਮਾਰ ਫਿਰ ਵਧਣ ਲੱਗੀ ਹੈ। ਦੇਸ਼ ਵਿਚ ਬੀਤੇ 24 ਘੰਟੇ ਦੌਰਾਨ 58 ਹਜ਼ਾਰ ਤੋਂ ਜ਼ਿਆਦਾ ਨਵੇਂ ਕੋਰੋਨਾ ਪ੍ਰਭਾਵਿਤ ਮਿਲਣ ਨਾਲ ਪੀੜਤਾਂ ਦਾ ਅੰਕੜਾ 84 ਲੱਖ ਤੋਂ ਜ਼ਿਆਦਾ ਹੋ ਗਿਆ ਹੈ। ਹੁਣ ਤਕ ਕੁਲ ਕਰੀਬ ਸਵਾ ਦੋ ਲੱਖ ਪੀੜਤਾਂ ਦੀ ਮੌਤ ਹੋਈ ਹੈ।



ਜੋਹਨਸ ਹਾਪਕਿਨਸ ਯੂਨੀ-ਵਰਸਿਟੀ ਦੇ ਡਾਟਾ ਅਨੁਸਾਰ ਅਮਰੀਕਾ ਵਿਚ ਸੋਮਵਾਰ ਨੂੰ 58 ਹਜ਼ਾਰ 387 ਨਵੇਂ ਪਾਜ਼ੇਟਿਵ ਕੇਸ ਮਿਲੇ। ਇਕ ਦਿਨ ਪਹਿਲੇ 70 ਹਜ਼ਾਰ ਤੋਂ ਜ਼ਿਆਦਾ ਨਵੇਂ ਪੀੜਤ ਮਿਲੇ ਸਨ। ਜੁਲਾਈ ਮਹੀਨੇ ਪਿੱਛੋਂ ਇਕ ਦਿਨ ਵਿਚ ਨਵੇਂ ਮਾਮਲਿਆਂ ਦਾ ਇਹ ਨਵਾਂ ਰਿਕਾਰਡ ਹੈ। ਅਮਰੀਕਾ ਵਿਚ ਸੱਤ ਅਕਤੂਬਰ ਤੋਂ ਰੋਜ਼ਾਨਾ 45 ਹਜ਼ਾਰ ਤੋਂ ਜ਼ਿਆਦਾ ਨਵੇਂ ਕੋਰੋਨਾ ਰੋਗੀ ਪਾਏ ਜਾ ਰਹੇ ਹਨ। ਅਮਰੀਕਾ ਵਿਚ ਸਭ ਤੋਂ ਵੱਧ ਕੋਰੋਨਾ ਪ੍ਰਭਾਵਿਤ ਕੈਲੀਫੋਰਨੀਆ, ਟੈਕਸਾਸ, ਫਲੋਰੀਡਾ ਅਤੇ ਨਿਊਯਾਰਕ ਵਰਗੇ ਸੂਬਿਆਂ ਵਿਚ ਮਿਲੇ ਹਨ। ਕੈਲੀਫੋਰਨੀਆ ਵਿਚ ਅੱਠ ਲੱਖ 80 ਹਜ਼ਾਰ ਅਤੇ ਟੈਕਸਾਸ ਵਿਚ ਵੀ ਕਰੀਬ ਏਨੇ ਹੀ ਮਾਮਲੇ ਹਨ। ਫਲੋਰੀਡਾ ਵਿਚ ਸਾਢੇ ਸੱਤ ਲੱਖ ਕੋਰੋਨਾ ਪੀੜਤ ਮਿਲੇ ਹਨ ਜਦਕਿ ਨਿਊਯਾਰਕ ਵਿਚ ਹੁਣ ਤਕ ਕੁਲ ਕਰੀਬ ਸਵਾ ਪੰਜ ਲੱਖ ਪੀੜਤ ਮਿਲੇ ਹਨ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

GINNY WALIA
Law Offices, Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

## ਰਾਸ਼ਟਰਪਤੀ ਚੋਣ ਤੋਂ ਪਹਿਲਾਂ ਹੀ ਰਿਕਾਰਡ ਤੋੜ ਪੋਸਟਲ ਵੋਟਿੰਗ

**ਵਾਸ਼ਿੰਗਟਨ** – ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਲਈ ਵੋਟਿੰਗ 3 ਨਵੰਬਰ ਨੂੰ ਹੋਣੀ ਹੈ ਪਰ ਇਸ ਤੋਂ ਪਹਿਲਾਂ ਹੀ ਤਕਰੀਬਨ ਢਾਈ ਕਰੋੜ ਲੋਕ ਆਪਣੀ ਵੋਟ ਪਾ ਚੁੱਕੇ ਹਨ, ਜੋ ਅਮਰੀਕੀ ਇਤਿਹਾਸ ਵਿਚ ਇਕ ਰਿਕਾਰਡ ਹਨ। ਕੋਰੋਨਾ ਵਾਇਰਸ ਸੰਕਟ ਕਾਰਨ ਇਸ ਵਾਰ ਮੇਲ ਇਨ ਵੋਟਿੰਗ ਨੂੰ ਬੜ੍ਹਾਵਾ ਦਿੱਤਾ ਗਿਆ ਹੈ, ਜਿਸ ਤਹਿਤ ਵੱਖ-ਵੱਖ ਸੂਬਿਆਂ ਤੋਂ ਲੋਕ ਆਪਣੀ ਵੋਟ ਨੂੰ ਮੇਲ ਕਰ ਰਹੇ ਹਨ ਜਿਨ੍ਹਾਂ ਦੀ ਗਿਣਤੀ 3 ਨਵੰਬਰ ਦੀਆਂ ਵੋਟਾਂ ਨਾਲ ਕੀਤੀ ਜਾਵੇਗੀ।



ਅਮਰੀਕੀ ਚੋਣ ਪ੍ਰਣਾਲੀ ਵਿਚ ਇਸ ਨੂੰ ਈ. ਬੀ. ਸੀ. ਐੱਸ. ਕਿਹਾ ਗਿਆ ਹੈ, ਜੋ ਇਸ ਵਾਰ ਚੋਣ ਨਤੀਜਿਆਂ ਵਿਚ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਈ. ਬੀ. ਸੀ. ਐੱਸ. ਤੋਂ ਭਾਵ ਹੈ ਕਿ ਵੋਟਾਂ ਦੀ ਤਾਰੀਖ਼ ਤੋਂ ਪਹਿਲਾਂ ਹੀ ਚੋਣਾਂ ਕਰਵਾਉਣਾ। ਇਸ ਲਈ ਅਮਰੀਕੀ ਸੰਵਿਧਾਨ ਵਿਚ ਇਕ ਬਦਲ ਦਿੱਤਾ ਗਿਆ ਹੈ, ਜਿਸ ਤਹਿਤ ਲੋਕ ਬੈਲੇਟ ਰਾਹੀਂ ਵੋਟਿੰਗ ਕਰ ਸਕਦੇ ਹਨ ਅਤੇ ਵੋਟ ਨੂੰ ਮੇਲ ਕਰ ਸਕਦੇ ਹਨ। ਇਨ੍ਹਾਂ ਦੀ ਵਰਤੋਂ ਅਜਿਹੇ ਪੇਂਡੂ ਇਲਾਕਿਆਂ ਜਾਂ ਅਜਿਹੇ ਸਥਾਨਾਂ 'ਤੇ ਹੁੰਦੀ ਹੈ ਜਿੱਥੇ ਰਹਿਣ ਵਾਲੇ ਸੈਂਟਰ ਤੋਂ ਦੂਰ ਹੁੰਦੇ ਹਨ। ਇਸ ਦੇ ਨਾਲ ਹੀ ਬਜ਼ੁਰਗਾਂ ਲਈ ਇਹ ਸੁਵਿਧਾ ਦਿੱਤੀ ਜਾਂਦੀ ਹੈ।

ਵੋਟਿੰਗ ਦੇ ਦਿਨ ਤੋਂ ਤਕਰੀਬਨ 30 ਦਿਨ ਪਹਿਲਾਂ ਲੋਕ ਆਪਣੀ ਵੋਟ ਪੋਸਟ ਕੀਤੀ ਜਾ ਸਕਦੀ ਹੈ । ਹਰ ਸੂਬੇ ਵਿਚ ਸਥਾਨਕ ਚੋਣ ਵਿਭਾਗ ਤਾਰੀਖ਼ ਤੈਅ ਕਰਦਾ ਹੈ। ਇਸ ਦੇ ਲਈ ਰਜਿਸਟ੍ਰੇਸ਼ਨ ਕਰਨਾ ਜ਼ਰੂਰੀ ਹੁੰਦਾ ਹੈ। ਕੋਰੋਨਾ ਕਾਰਨ ਇਸ ਵਾਰ ਵੱਡੀ ਗਿਣਤੀ ਵਿਚ ਲੋਕਾਂ ਨੇ ਮੇਲ ਰਾਹੀਂ ਵੋਟਾਂ ਪਾ ਕੇ ਰਿਕਾਰਡ ਤੋੜ ਦਿੱਤਾ ਹੈ। ਪਿਛਲੇ ਸਾਲ 30 ਲੱਖ ਲੋਕਾਂ ਨੇ ਪਹਿਲਾਂ ਵੋਟਾਂ ਪਾਈਆਂ ਸਨ ਪਰ ਇਸ ਵਾਰ ਤਾਂ 27 ਮਿਲੀਅਨ ਭਾਵ 2.7 ਕਰੋੜ ਲੋਕ ਆਪਣੀ ਵੋਟ ਪਾ ਚੁੱਕੇ ਹਨ।

# ਅਮਰੀਕਨ ਗੁਰਦੁਆਰੇ 'ਚ ਖ਼ੂਨੀ ਝੜਪਾਂ: 6 ਸਿੱਖ ਜ਼ਖਮੀ


**ਰੈਂਟਨ** – ਅਮਰੀਕਾ ਦੇ ਸ਼ਹਿਰ ਰੈਂਟਨ ਵਿੱਚ ਸਥਿਤ ਇੱਕ ਗੁਰੂ ਘਰ 'ਚ ਕੁਝ ਸਿੱਖਾਂ ਦੀ ਆਪਸ 'ਚ ਲੜਾਈ ਹੋ ਗਈ। ਇਸ ਦੌਰਾਨ 6 ਸਿੱਖ ਜ਼ਖਮੀ ਹੋ ਗਏ, ਜਿਨਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ।



ਰੈਂਟਨ ਸ਼ਹਿਰ, ਸਿਆਟਲ ਵਿਖੇ ਗੁਰਦੁਆਰਾ ਸਿੰਘ ਸਭਾ ਵਿੱਚ ਐਤਵਾਰ ਦੁਪਹਿਰੇ ਦੋ ਧੜਿਆਂ ਵਿਚ ਖ਼ੂਨੀ ਝੜੱਪ ਹੋਈ। ਇਸ ਲੜਾਈ ਵਿੱਚ ਬੇਸ ਬਾਲ ਬੱਲੇ ਅਤੇ ਤਲਵਾਰਾਂ ਦੀ ਖੁੱਲ੍ਹ ਕੇ ਵਰਤੋਂ ਹੋਈ ਜਿਸ ਵਿੱਚ ਕਈ ਵਿਅਕਤੀ ਜ਼ਖ਼ਮੀ ਹੋ ਗਏ। ਅਮਰੀਕਾ ਤੋਂ ਪਰਵਾਸੀ ਪੰਜਾਬੀਆਂ ਨੇ ਵੀਡੀਓ ਅਤੇ ਟੈਲੀਫੋਨ ਉਤੇ ਇਸ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ''ਗੁਰਦੁਆਰੇ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਪਹੁੰਚਿਆ।'' ਘਟਨਾ ਦਾ ਪਤਾ ਚੱਲਦੇ ਹੀ ਰੈਂਟਨ ਪੁਲੀਸ ਅਤੇ ਰੈਂਟਨ ਫਾਇਰਫਾਈਟਰਜ਼ ਮੌਕੇ ਉੱਤੇ ਪੁੱਜੇ ਅਤੇ ਸਥਿਤੀ 'ਤੇ ਕਾਬੂ ਪਾਇਆ। ਉਨ੍ਹਾਂ ਕਿਹਾ ਕਿ ਇਹ ਘਟਨਾ ਗੁਰੂ ਘਰ ਦੇ ਲੰਗਰ ਹਾਲ ਵਿੱਚ ਹੋਈ ਹੈ ਅਤੇ ਦੋ ਗੁੱਟਾਂ ਵਿਚਕਾਰ ਜਮ ਕੇ ਝਗੜਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਕਈ ਵਾਰ ਝਗੜਾ ਹੋ ਚੁੱਕਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇੱਕ ਧੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਨਾਰਾਜ਼ ਚੱਲ ਰਿਹਾ ਹੈ ਅਤੇ ਕਮੇਟੀ ਵੱਲੋਂ ਦੂਜੇ ਧੜੇ ਦੀ ਪੁਸ਼ਤ ਪਨਾਹੀ ਦੇ ਸ਼ੱਕ ਕਾਰਨ ਹੀ ਇਹ ਝਗੜਾ ਹੋਇਆ ਹੈ। ਇਸ ਲੜਾਈ ਵਿਚ ਕਈਆਂ ਦੀਆਂ ਪੱਗਾ ਲੱਥ ਗਈਆਂ ਅਤੇ ਕਈਆਂ ਦੇ ਸੱਟ ਲੱਗੀ। ਪੁਲੀਸ ਨੇ ਦਖਲਅੰਦਾਜ਼ੀ ਕਰ ਕੇ ਮਾਹੌਲ ਸ਼ਾਂਤ ਕੀਤੀ।

ਰੈਂਟਨ ਪੁਲਿਸ ਦੇ ਜਨਤਕ ਸੂਚਨਾ ਅਧਿਕਾਰੀ ਸਿੰਡੀ ਮੌਰਿਸ ਨੇ ਦੱਸਿਆ ਕਿ ਦੁਪਹਿਰ ਲਗਭਗ 2.48 ਵਜੇ ਰੈਂਟਨ ਦੇ 'ਗੁਰਦੁਆਰਾ ਸਿੰਘ ਸਭਾ ਆਫ਼ ਵਾਸ਼ਿੰਗਟਨ' ਨਾਂ ਦੇ ਗੁਰੂ ਘਰ ਵਿੱਚ ਲੜਾਈ ਹੋਣ ਸਬੰਧੀ ਖ਼ਬਰ ਮਿਲੀ ਸੀ। ਇਸ 'ਤੇ ਤੁਰੰਤ ਰੈਂਟਨ ਪੁਲਿਸ ਟੀਮ ਮੌਕੇ 'ਤੇ ਭੇਜੀ ਗਈ, ਜਿੱਥੇ ਗੁਰਦੁਆਰਾ ਕਮੇਟੀ ਦੇ 15-20 ਮੈਂਬਰ ਆਪਸ ਵਿੱਚ ਲੜ ਰਹੇ ਸਨ। ਪੁਲਿਸ ਨੇ ਜਾ ਕੇ ਉਨਾਂ ਦੀ ਲੜਾਈ ਬੰਦ ਕਰਵਾਈ। ਇਸ ਆਪਸੀ ਟੱਕਰ 'ਚ 6 ਸਿੱਖ ਜ਼ਖਮੀ ਹੋ ਗਏ, ਜਿਨਾਂ ਨੂੰ ਇਲਾਜ ਲਈ ਰੈਂਟਨ ਦੇ ਵੈਲੀ ਮੈਡੀਕਲ ਸੈਂਟਰ 'ਚ ਭਰਤੀ ਕਰਵਾਇਆ ਗਿਆ। ਪੁਲਿਸ ਨੂੰ ਦੱਸਿਆ ਗਿਆ ਹੈ ਕਿ ਇਸ ਲੜਾਈ 'ਚ ਹਥਿਆਰਾਂ ਦੀ ਵਰਤੋਂ ਕੀਤੀ ਗਈ ਸੀ, ਪਰ ਇਸ ਮੁੱਦੇ 'ਤੇ ਮੌਕੇ 'ਤੇ ਮੌਜੂਦ ਲੋਕਾਂ ਦੇ ਵਿਚਾਰ ਅਲੱਗ-ਅਲੱਗ ਹਨ। ਜ਼ਖਮੀਆਂ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

# ਸ਼ਹਿਰ ਟਰੇਸੀ ਵਿਚ ਪੁਲਿਸ ਨੇ ਸਿੱਖ ਪਰਮਜੀਤ ਸਿੰਘ ਹੱਤਿਆ ਮਾਮਲੇ ਦੀ ਮੁੜ ਖੋਲੀ ਜਾਂਚ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਸੈਂਟਰਲ ਵੈਲੀ ਦੇ ਸ਼ਹਿਰ ਟਰੇਸੀ ਵਿਚ 25 ਅਗਸਤ 2019 ਨੂੰ ਇਕ ਅਣਪਛਾਤੇ ਹਮਲਾਵਰ ਵੱਲੋਂ ਚਾਕੂ ਨਾਲ ਹਮਲਾ ਕਰਕੇ ਮਾਰ ਦਿੱਤੇ ਗਏ ਭਾਰਤੀ ਮੂਲ ਦੇ ਅਮਰੀਕੀ ਸਿੱਖ ਪਰਮਜੀਤ ਸਿੰਘ ਦੇ ਕੇਸ ਦੀ ਪੁਲਿਸ ਨੇ ਨਵੇਂ ਸਿਰੇ ਤੋਂ ਜਾਂਚ ਸ਼ੁਰੂ ਕਰ ਦਿੱਤੀ ਹੈ। ਇਕ ਅਦਾਲਤ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਵਿਅਕਤੀ ਐਨਥਨੀ ਕਰੀਟਰ ਰੋਡਜ (22) ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਸੀ ਤੇ ਉਸ ਵਿਰੁੱਧ ਲਾਏ ਦੋਸ਼ ਰੱਦ ਕਰ ਦਿੱਤੇ ਸਨ।

ਟਰੇਸੀ ਪੁਲਿਸ ਦੇ ਬੁਲਾਰੇ ਲੈਫਟੀਨੈਂਟ ਮੀਗੂਲ ਕੋਨਟਰੇਰਸ ਨੇ ਦੱਸਿਆ ਕਿ ਸਾਡੀ ਟੀਮ ਨੇ ਮਾਮਲੇ ਦੀ ਨਵੇਂ ਸਿਰੇ ਤੋਂ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਅਧਿਕਾਰੀ ਹੋਰ ਸਬੂਤ ਜੁਟਾਉਣ ਵਿਚ ਲੱਗੇ ਹੋਏ ਹਨ। ਸਿੱਖ ਭਾਈਚਾਰੇ ਤੇ ਪਰਿਵਾਰ ਵੱਲੋਂ ਬੇਨਤੀ ਕਰਨ 'ਤੇ ਪੁਲਿਸ ਵਿਭਾਗ ਮਾਮਲੇ ਦੀ ਦੁਬਾਰਾ ਜਾਂਚ ਲਈ ਸਹਿਮਤ ਹੋਇਆ ਹੈ। 64 ਸਾਲਾ ਪਰਮਜੀਤ ਸਿੰਘ 2016 ਵਿਚ ਭਾਰਤ ਤੋਂ ਅਮਰੀਕਾ ਆਇਆ ਸੀ ਤੇ ਉਹ ਟਰੇਸੀ ਵਿਚ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ। ਉਸ ਉਪਰ ਹਮਲਾ ਘਰ ਦੇ ਨੇੜੇ ਉਸ ਵੇਲੇ ਕੀਤਾ ਗਿਆ ਸੀ ਜਦੋਂ ਉਹ ਸ਼ਾਮ ਵੇਲੇ ਸੈਰ ਕਰ ਰਿਹਾ ਸੀ।




SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE
FOR SAFETY, AUDITS AND
RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਭਾਰਤੀ ਮੂਲ ਦੇ ਅਮਰੀਕੀਆਂ ਦੀ ਵੱਡੀ ਬਹੁਗਿਣਤੀ ਬਾਈਡੇਨ ਦੀ ਹਮਾਇਤੀ-ਸਰਵੇ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਭਾਰਤੀ ਮੂਲ ਦੇ ਅਮਰੀਕੀਆਂ ਦੀ ਵੱਡੀ ਬਹੁਗਿਣਤੀ ਰਾਸ਼ਟਰਪਤੀ ਦੇ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਜੋ ਬਾਈਡੇਨ ਤੇ ਉੱਪ ਰਾਸ਼ਟਰਪਤੀ ਦੇ ਅਹੁੱਦੇ ਲਈ ਕਮਲਾ ਹੈਰਿਸ ਨੂੰ ਵੋਟ ਪਾਉਣਾ ਚਹੁੰਦੀ ਹੈ। ਇਹ ਪ੍ਰਗਟਾਵਾ ਇਕ ਤਾਜ਼ਾ ਸਰਵੇ ਵਿਚ ਹੋਇਆ ਹੈ। 2020 ਇੰਡੀਅਨ ਅਮੈਰੀਕਨ ਐਟੀਚਿਊਟ ਸਰਵੇ ਅਨੁਸਾਰ 72% ਭਾਰਤੀ-ਅਮਰੀਕੀ ਭਾਈਚਾਰਾ ਬਾਈਡੇਨ ਤੇ ਕਮਲਾ ਹੈਰਿਸ ਨੂੰ ਵੋਟ ਪਾਉਣੀ ਚਹੁੰਦਾ ਹੈ ਜਦ ਕਿ 22% ਡੋਨਾਲਡ ਟਰੰਪ ਦੇ ਹੱਕ ਵਿਚ ਹਨ। 3% ਕਿਸੇ ਤੀਸਰੇ ਉਮੀਦਵਾਰ ਨੂੰ ਵੋਟ ਪਾਉਣਾ ਚਹੁੰਦੇ ਹਨ ਜਦ ਕਿ 3% ਵੋਟ ਪਾਉਣ ਦਾ ਇਰਾਦਾ ਨਹੀਂ ਰਖਦੇ। ਇਹ ਸਰਵੇ ਕਾਰਨੀਜ ਇੰਡੋਮੈਂਟ ਫਾਰ ਇੰਟਰਨੈਸ਼ਨਲ ਪੀਸ ਜੌਹਨ ਹੋਪਕਿਨਜ ਯੁਨੀਵਰਸਿਟੀ ਤੇ ਯੁਨੀਵਰਸਿਟੀ ਆਫ ਪੈਨਸਿਲਵਾਨੀਆ ਦੀ ਭਾਈਵਾਲੀ ਨਾਲ ਪੋਲਿੰਗ ਕੰਪਨੀ 'ਯੂ ਗੌਵ' ਦੁਆਰਾ ਕੀਤਾ ਗਿਆ। ਦ ਟਾਈਮਜ਼ ਅਨੁਸਾਰ ਭਾਰਤੀ ਮੂਲ ਦੀ ਅਮਰੀਕਨ ਕਮਲਾ ਹੈਰਿਸ ਨੂੰ ਉਪ ਰਾਸ਼ਟਰਪਤੀ ਦੇ ਅਹੁੱਦੇ ਲਈ ਮੈਦਾਨ ਵਿਚ ਉਤਾਰਨ ਕਾਰਨ ਫਲੋਰੀਡਾ, ਮਿਸ਼ੀਗਨ ਤੇ ਪੈਨਸਿਲਵਾਨੀਆ ਵਰਗੇ ਰਾਜਾਂ ਵਿਚ ਵੋਟਰਾਂ ਦਾ ਝੁਕਾਅ ਡੈਮੋਕਰੈਟਿਕ ਉਮੀਦਵਾਰਾਂ ਵੱਲ ਵਧਿਆ ਹੈ। ਸਰਵੇ ਅਨੁਸਾਰ 45% ਵੋਟਰਾਂ ਨੇ ਸੰਕੇਤ ਦਿੱਤਾ ਹੈ ਕਿ ਕਮਲਾ ਹੈਰਿਸ ਦੀ ਉੱਪ ਰਾਸ਼ਟਰਪਤੀ ਵਜੋਂ ਨਾਮਜ਼ਦਗੀ ਨੇ ਨਵੰਬਰ ਚੋਣਾਂ ਵਿਚ ਉਨਾਂ ਲਈ ਉਮੀਦਵਾਰਾਂ ਦੀ ਚੋਣ ਸਬੰਧੀ ਰਾਹ ਸੌਖਾ ਕਰ ਦਿੱਤਾ ਹੈ। ਜਦ ਕਿ 10% ਨੇ ਕਿਹਾ ਹੈ ਕਿ ਕਮਲਾ ਹੈਰਿਸ ਉਨਾਂ ਲਈ ਕੋਈ ਮੁੱਦਾ ਨਹੀਂ ਹੈ। ਹਾਲਾਂ ਕਿ ਸਰਵੇ ਵਿਚ ਪਹਿਲਾਂ ਦੀ ਤੁਲਨਾ 'ਚ ਟਰੰਪ ਦੇ ਹੱਕ ਵਿਚ ਸਮਰਥਨ ਵਧਿਆ ਹੈ ਪਰ ਸਮੁੱਚੇ ਤੌਰ 'ਤੇ ਵੱਡੀ ਤਾਦਾਦ ਵਿਚ ਭਾਰਤੀ ਮੂਲ ਦੇ ਅਮਰੀਕੀ ਡੈਮੋਕਰੈਟਿਕ ਉਮੀਦਵਾਰਾਂ ਦੇ ਹੱਕ ਵਿਚ ਨਜਰ ਆ ਰਹੇ ਹਨ।

# ਨਿਊ ਜਰਸੀ ਵਿਚ ਹਾਥਰਸ ਜਬਰ ਜਨਾਹ ਵਿਰੁੱਧ ਪ੍ਰਦਰਸ਼ਨ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਨੇ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਵਿਚ ਹਾਥਰਸ ਵਿਖੇ ਇਕ ਦਲਿਤ ਲੜਕੀ ਨਾਲ ਹੋਏ ਸਮੂਹਿਕ ਜਬਰ ਜਨਾਹ ਤੇ ਹੱਤਿਆ ਨੂੰ ਲੈ ਕੇ ਨਿਊਜਰਸੀ ਵਿਚ ਪ੍ਰਦਰਸ਼ਨ ਕੀਤਾ ਤੇ ਪੀੜਤ ਪਰਿਵਾਰ ਨੂੰ ਨਿਆਂ ਦੇਣ ਦੀ ਮੰਗ ਕੀਤੀ। ਪ੍ਰਦਰਸ਼ਨ ਦੌਰਾਨ ਜਾਰੀ ਇਕ ਬਿਆਨ ਵਿਚ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਨੇ ਕਿਹਾ ਕਿ ਪੁਲਿਸ ਵੱਲੋਂ ਕਾਹਲ ਤੇ ਧੱਕੇ ਨਾਲ ਰਾਤ ਵੇਲੇ ਕੀਤੇ ਗਏ ਸਸਕਾਰ ਨੇ ਨਾ ਕੇਵਲ ਭਾਰਤ ਬਲਕਿ ਪੂਰੇ ਵਿਸ਼ਵ ਵਿਚ ਡੂੰਘੇ ਦੁੱਖ ਦੀ ਲਹਿਰ ਪੈਦਾ ਹੋਈ ਹੈ। ਕੌਂਸਲ ਨੇ ਕਿਹਾ ਹੈ ਕਿ ਰਾਜ ਸਰਕਾਰ ਇਸ ਗੈਰਮਾਨਵੀ ਅਪਰਾਧ ਦੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ ਕਰ ਰਹੀ ਹੈ। ਇਸ ਪ੍ਰਦਰਸ਼ਨ ਦੀ ਸਿਵਲ ਸੋਸਾਇਟੀ ਦੇ ਹੋਰ ਗਰੁੱਪਾਂ ਜਿਵੇਂ ਹਿੰਦੂਜ਼ ਫਾਰ ਹਿਊਮਨ ਰਾਈਟਸ, ਇੰਡੀਆ ਸਿਵਲ ਵਾਚ ਸਾਧਨਾ, ਸਟੂਡੈਂਟ ਅੰਗੇਸਟ ਹਿੰਦੂਤਵਾ ਅਡੀਆਲੋਜੀ, ਮੁਸਲਿਮ ਫਾਰ ਪ੍ਰੋਗਰੈਸਿਵ ਵੈਲਯੂ, ਦਲਿਤ ਸੌਲੀਡਰਟੀ ਫੋਰਮ ਤੇ ਗਲੋਬਲ ਇੰਡੀਅਨ ਪ੍ਰੋਗਰੈਸਿਵ ਅਲਾਇੰਸ ਵਲੋਂ ਸਮਰਥਨ ਕੀਤਾ ਗਿਆ ਸੀ। ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਦੇ ਨਿਊ ਜਰਸੀ ਦੇ ਪ੍ਰਧਾਨ ਨੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਿੰਦੂ ਰਾਸ਼ਟਰਵਾਦੀ ਸਰਕਾਰ ਦਲਿਤ ਔਰਤਾਂ ਨਾਲ ਹੁੰਦੇ ਭਿਆਨਕ ਕਿਸਮ ਦੇ ਅਪਰਾਧਾਂ ਦੇ ਸਾਜਿਸ਼ਕਾਰਾਂ ਦੀ ਰਖਿਆ ਕਰਦੀ ਹੈ ਕਿਉਂਕਿ ਇਹ ਸਰਕਾਰ ਦਲਿਤਾਂ ਨੂੰ ਬਰਾਬਰ ਦੇ ਸ਼ਹਿਰੀ ਨਹੀਂ ਸਮਝਦੀ। ਇਕ ਹੋਰ ਬੁਲਾਰੇ ਜਾਵਦ ਖਾਨ ਨੇ ਕਿਹਾ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿਤਿਆ ਨਾਥ ਸਵਿਧਾਨ ਅਨੁਸਾਰ ਲੋਕਾਂ ਦੀ ਸੇਵਾ ਕਰਨ ਦੇ ਕਾਬਲ ਨਹੀਂ ਹਨ। ਉਹ ਅਸਫਲ ਮੁੱਖ ਮੰਤਰੀ ਹਨ। ਹਾਥਰਸ ਜਬਰ ਜਨਾਹ ਤੇ ਹੱਤਿਆ ਵਿਰੁੱਧ ਨਿਊਯਾਰਕ ਵਿਚ ਵੀ ਪ੍ਰਦਰਸ਼ਨ ਹੋਣ ਦੀ ਖ਼ਬਰ ਹੈ।

# ਨਰਸਿੰਗ ਹੋਮਜ਼ ਨੂੰ ਕੋਵਿਡ-19 ਵੈਕਸੀਨ ਮੁਫ਼ਤ ਦਿੱਤੀ ਜਾਵੇਗੀ-ਟਰੰਪ ਪ੍ਰਸ਼ਾਸ਼ਨ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਟਰੰਪ ਪ੍ਰਸ਼ਾਸ਼ਨ ਨੇ ਐਲਾਨ ਕੀਤਾ ਹੈ ਕਿ ਨਰਸਿੰਗ ਹੋਮਜ਼ ਤੇ ਅਸਿਸਟਡ ਕੇਅਰ ਲਿਵਿੰਗ ਸੈਂਟਰਾਂ ਸਮੇਤ ਸਿਹਤ ਸੰਭਾਲ ਨਾਲ ਜੁੜੇ ਸਾਰੇ ਅਮਰੀਕਨਾਂ ਤੇ ਵਰਕਰਾਂ ਨੂੰ ਕੋਵਿਡ-19 ਵੈਕਸੀਨ ਮੁਫ਼ਤ ਦਿੱਤੀ ਜਾਵੇਗੀ। ਪ੍ਰਸ਼ਾਸ਼ਨ ਨੇ ਵੈਕਸੀਨ ਮੁਹੱਈਆ ਕਰਵਾਉਣ ਤੇ ਲਾਉਣ ਲਈ ਦੇਸ਼ ਦੇ ਦੋ ਵੱਡੇ ਦਵਾਈ ਸਟੋਰ ਚੇਨਜ਼ ਸੀ ਵੀ ਐਸ ਤੇ ਵਾਲਗਰੀਨਜ਼ ਨਾਲ ਭਾਈਵਾਲੀ ਪਾਈ ਹੈ। ਇਨਾਂ ਡਰੱਗ ਸਟੋਰਾਂ ਵੱਲੋਂ ਬਿਨਾਂ ਕੋਈ ਪੈਸਾ ਲਿਆਂ ਲੋਕਾਂ ਨੂੰ ਵੈਕਸੀਨ ਦਿੱਤੀ ਜਾਵੇਗੀ। ਇਸ ਸਮਝੌਤੇ ਦੀ ਡਰੱਗ ਸਟੋਰਾਂ ਦੇ ਅਧਿਕਾਰੀਆਂ ਨੇ ਇਕ ਵੱਖਰੇ ਬਿਆਨ ਵਿਚ ਪੁਸ਼ਟੀ ਕੀਤੀ ਹੈ। ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਸਕੱਤਰ ਅਲੈਕਸ ਅਜ਼ਾਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਟਰੰਪ ਪ੍ਰਸ਼ਾਸ਼ਨ ਵੱਲੋਂ ਜਿਨਾਂ ਲੋਕਾਂ ਨੂੰ ਪਹਿਲੇ ਦੇ ਆਧਾਰ 'ਤੇ ਸੁਰੱਖਿਅਤ ਕਰਨ ਦੀ ਲੋੜ ਹੈ, ਉਨਾਂ ਨੂੰ ਵੈਕਸੀਨ ਦੇਣ ਲਈ ਤਰਜੀਹ ਦਿੱਤੀ ਜਾਵੇਗੀ। ਜਦੋਂ ਤੱਕ ਹਰ ਅਮਰੀਕੀ ਲਈ ਵੈਕਸੀਨ ਉਪਲਬੱਧ ਨਹੀਂ ਹੋ ਜਾਂਦੀ, ਓਦੋਂ ਤੱਕ ਤਰਜੀਹੀ ਗਰੁੱਪ ਬਣਾਕੇ ਵੈਕਸੀਨ ਦਿੱਤੀ ਜਾਵੇਗੀ। ਟਰੰਪ ਪ੍ਰਸ਼ਾਸ਼ਨ ਚਹੁੰਦਾ ਹੈ ਕਿ ਹਰ ਇਕ ਨੂੰ ਸੁਰੱਖਿਅਤ ਤੇ ਪ੍ਰਭਾਵੀ ਵੈਕਸੀਨ ਮਿਲੇ। ਵੈਕਸੀਨ ਮਾਹਿਰਾਂ ਦਾ ਕਹਿਣਾ ਹੈ ਕਿ ਬਜ਼ੁਰਗ ਅਮਰੀਕਨ ਉਨਾਂ ਲੋਕਾਂ ਵਿਚ ਸ਼ਾਮਿਲ ਹੋਣਗੇ ਜਿਨਾਂ ਨੂੰ ਸਭ ਤੋਂ ਪਹਿਲਾਂ ਵੈਕਸੀਨ ਦਿੱਤੀ ਜਾਣੀ ਹੈ ਕਿਉਂਕਿ ਬਿਮਾਰੀ ਦੀ ਭਿਆਨਕਤਾ ਦੇ ਮੱਦੇਨਜਰ ਬਜ਼ੁਰਗਾਂ ਨੂੰ ਜਿਆਦਾ ਖਤਰਾ ਹੈ। ਐਸੋਸੀਏਸ਼ਨ ਆਫ ਇਮਿਊਨੀਜੇਸ਼ਨ ਮੈਨਜਰਜ਼ ਦੇ ਕਾਰਜਕਾਰੀ ਡਾਇਰੈਕਟਰ ਕਲੇਰ ਹਨਨ ਨੇ ਕਿਹਾ ਹੈ ਕਿ ਨਰਸਿੰਗ ਹੋਮਜ਼ , ਲੌਂਗ ਟਰਮ ਫਸੀਲਿਟੀ ਰੈਜੀਡੈਂਸ ਤੇ ਵਰਕਰਾਂ ਨੂੰ ਵੈਕਸੀਨ ਦੇਣ ਲਈ ਸਰਕਾਰੀ ਤੇ ਨਿੱਜੀ ਖੇਤਰ ਦੀ ਭਾਈਵਾਲੀ ਵਾਲਾ ਇਹ ਇਕ ਬਹੁਤ ਵੱਡਾ ਕਦਮ ਹੈ।

# ਦੋ ਮੁਲਾਜ਼ਮਾਂ ਦੇ ਪੌਜ਼ੇਟਿਵ ਹੋਣ ਉਪਰੰਤ ਕਮਲਾ ਹੈਰਿਸ ਨੇ 19 ਅਕਤੂਬਰ ਤੱਕ ਚੋਣ ਮੁਹਿੰਮ ਕੀਤੀ ਮੁਲਤਵੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਚੋਣ ਮੁਹਿੰਮ ਦੇ ਦੋ ਮੁਲਾਜ਼ਮਾਂ ਦੀ ਰਿਪੋਰਟ ਪੌਜ਼ਟਿਵ ਆਉਣ ਤੋਂ ਬਾਅਦ ਉੱਪ ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੇ 19 ਅਕਤੂਬਰ ਤੱਕ ਆਪਣੀ ਯਾਤਰਾ ਮੁਲਤਵੀ ਕਰ ਦਿੱਤੀ ਹੈ। ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਜੋ ਬਾਈਡੇਨ ਦੀ ਮੁਹਿੰਮ ਦੇ ਪ੍ਰਬੰਧਕਾਂ ਅਨੁਸਾਰ 8 ਅਕਤੂਬਰ ਨੂੰ ਐਰੀਜ਼ੋਨਾ ਵਿਚ ਕਮਲਾ ਹੈਰਿਸ ਨੇ ਕਈ ਘੰਟੇ ਬਾਈਡੇਨ ਨਾਲ ਬਿਤਾਏ ਸਨ ਇਸ ਤੋਂ ਬਾਅਦ ਬਾਈਡੇਨ ਬਿਲਕੁੱਲ ਤੰਦਰੁਸਤ ਹਨ। 15 ਅਕਤੂਬਰ ਨੂੰ ਬਾਈਡੇਨ ਦੀ ਰਿਪੋਰਟ ਨੈਗਟਿਵ ਆਈ ਹੈ। ਹੈਰਿਸ ਦੇ ਨਾਲ ਆਏ 2 ਮੁਲਾਜ਼ਮਾਂ ਦੀ ਉਸ ਤੋਂ ਪਹਿਲਾਂ ਕਈ ਵਾਰ ਰਿਪੋਰਟ ਨੈਗਟਿਵ ਆਈ ਸੀ। ਹੈਰਿਸ ਦੇ ਮੁਹਿੰਮਕਾਰਾਂ ਅਨੁਸਾਰ ਉਨਾਂ ਨੇ ਇਹਤਿਆਤ ਵਜੋਂ ਯਾਤਰਾ ਮੁਲਤਵੀ ਕੀਤੀ ਹੈ ਤੇ ਉਹ ਪੌਜ਼ੇਟਿਵ ਆਏ ਮੁਲਾਜ਼ਮਾਂ ਦੇ ਸਿੱਧੇ ਸੰਪਰਕ ਵਿਚ ਨਹੀਂ ਰਹੇ। ਹੈਰਿਸ ਵੱਲੋਂ ਯਾਤਰਾ ਮੁਅੱਤਲ ਕਰਨ ਦੇ ਸਿੱਟੇ ਵਜੋਂ ਉਨਾਂ ਦੀ ਚੋਣ ਮੁਹਿੰਮ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਉਨਾਂ ਨੇਉਤਰੀ ਕੈਰੋਲੀਨਾ ਤੇ ਓਹੀਓ ਰਾਜਾਂ ਦਾ ਦੌਰਾ ਕਰਨਾ ਸੀ।






# ਟਰੰਪ ਤੇ ਬਾਰੇਟ ਦੀ ਸੁਪਰੀਮ ਕੋਰਟ ਵਿਚ ਨਾਮਜ਼ਦਗੀ ਵਿਰੁੱਧ ਔਰਤਾਂ ਵੱਲੋਂ ਵਿਸ਼ਾਲ ਮਾਰਚ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਤਕਰੀਬਨ 4 ਸਾਲ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ ਦੇ ਪਹਿਲੇ ਦਿਨ ਉਨਾਂ ਵਿਰੁੱਧ ਹੋਏ ਵਿਸ਼ਵ ਪੱਧਰ ’ਤੇ ਪ੍ਰਦਰਸ਼ਨਾਂ ਤੋਂ ਬਾਅਦ ਔਰਤਾਂ ਵੱਲੋਂ ਵਾਸ਼ਿੰਗਟਨ, ਡੀ ਸੀ ਵਿਚ ਕੱਢੇ ਗਏ ਮਾਰਚ ਵਿਚ ਹਜਾਰਾਂ ਲੋਕਾਂ ਨੇ ਨਿੱਜੀ ਤੌਰ ’ਤੇ ਆਨ ਲਾਈਨ ਹਿੱਸਾ ਲਿਆ। ਇਹ ਮਾਰਚ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨਾਂ ਵੱਲੋਂ ਸੁਪਰੀਮ ਕੋਰਟ ਲਈ ਨਾਮਜ਼ਦ ਜੱਜ ਐਮੀ ਕੋਨੇ ਬਾਰੇਟ ਵਿਰੁੱਧ ਕੱਢਿਆ ਗਿਆ ਤੇ ਇਸ ਦਾ ਮਕਸਦ ਲੋਕਾਂ ਨੂੰ ਵੋਟਾਂ ਪਾਉਣ ਲਈ ਉਤਸ਼ਾਹਿਤ ਕਰਨਾ ਵੀ ਸੀ। ਇਸ ਮਾਰਚ ਦੇ ਪ੍ਰਬੰਧਕਾਂ ਅਨੁਸਾਰ ਅਜਿਹੇ ਮਾਰਚ ਸਾਰੇ 50 ਰਾਜਾਂ ਵਿਚ ਹੋਣ ਦੀ ਸੰਭਾਵਨਾ ਹੈ। ਔਰਤਾਂ ਦੇ ਮਾਰਚ ਦੀ ਕਾਰਜਕਾਰੀ ਡਾਇਰੈਕਟਰ ਰਾਚੇਲ ਕਾਰਮੋਨਾ ਨੇ ਮਾਰਚ ਤੋਂ



ਪਹਿਲਾਂ ਕਿਹਾ ਕਿ ’2017 ਵਿਚ ਕੱਢਿਆ ਗਿਆ ਔਰਤਾਂ ਦਾ ਪਹਿਲਾ ਮਾਰਚ ਇਤਿਹਾਸਕ ਸੀ ਤੇ ਹੁਣ 4 ਸਾਲ ਬਾਅਦ ਚੋਣਾਂ ਤੱਕ 17 ਦਿਨ ਇਹ ਮਾਰਚ ਕੱਢੇ ਜਾਣਗੇ। ਅਸੀਂ ਜਿਥੋਂ ਸ਼ੁਰੂ ਕੀਤਾ ਸੀ ਉਥੇ ਹੀ ਖਤਮ ਕਰਨ ਜਾ ਰਹੇ ਹਾਂ।’’ ਔਰਤਾਂ ਦੇ ਐਡਵੋਕੇਸੀ ਗਰੁੱਪ ਅਲਟਰਾ ਵਾਇਓਲੈਟ ਵਿਚ ਕੰਮ ਕਰਦੀ ਰੀਪ੍ਰੋਡੱਕਟਿਵ ਰਾਈਟਸ ਕੰਪੇਨਜ ਦੀ ਡਾਇਰੈਕਟਰ ਸੋਨਜਾ ਸਪੂ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ’ਡੋਨਾਲਡ ਟਰੰਪ ਕੋਲ ਅਹੁੱਦਾ ਛੱਡਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ। ਇਹ ਔਰਤਾਂ ਸਦਕਾ ਸੰਭਵ ਹੋਵੇਗਾ ਵਿਸ਼ੇਸ਼ ਕਰਕੇ ਕਾਲੀਆਂ, ਭੂਰੀਆਂ ਤੇ ਇਥੋਂ ਦੀਆਂ ਮੂਲ ਵਾਸੀ ਔਰਤਾਂ ਇਸ ਨੂੰ ਸੰਭਵ ਬਣਾਉਣਗੀਆਂ। ਪ੍ਰਬੰਧਕਾਂ ਨੇ ਕਿਹਾ ਹੈ ਕਿ ਮਾਰਚ ਵਿਚ ਹਿੱਸਾ ਲੈਣ ਵਾਲੇ ਸਾਰੇ ਲੋਕਾਂ ਨੂੰ ਮਾਸਕ ਪਾਉਣਾ ਪਵੇਗਾ ਤੇ ਸਮਾਜਿਕ ਦੂਰੀ ਬਣਾ ਕੇ ਰਖਣੀ ਪਵੇਗੀ। ਦੂਸਰੇ ਪਾਸੇ ਬਾਰੇਟ ਦੇ ਸਮਰਥਨ ਵਿਚ ਵੀ ਮਾਰਚ ਕੱਢੇ ਜਾਣ ਦੀ ਖ਼ਬਰ ਹੈ।

## ਅਦਾਲਤ ਨੇ ਭਾਰਤੀ ਮੂਲ ਦੀ ਅਮਰੀਕੀ ਡਾਕਟਰ ਵਿਰੁੱਧ ਲਾਏ ਦੋਸ਼ ਕੀਤੇ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਕਰਾਮੈਂਟੋ ਦੀ ਇਕ ਸੰਘੀ ਅਦਾਲਤ ਨੇ ਭਾਰਤੀ ਮੂਲ ਦੀ ਅਮਰੀਕੀ ਨਿਊਰੋਲੋਜਿਸਟ ਡਾਕਟਰ ਫਿਰਦੋਸ ਸ਼ੇਖ ਵਿਰੁੱਧ ਦਾਇਰ ਪਟੀਸ਼ਨ ਰੱਦ ਕਰ ਦਿੱਤੀ। ਡਾਕਟਰ ਸ਼ੇਖ ਜੋ ਕਿ ਪ੍ਰਸਿੱਧ ਨਿਊਰੋਲੋਜਿਸਟ ਹੈ, ਵਿਰੁੱਧ ਬੰਧੂਆ ਮਜ਼ਦੂਰੀ ਦੇ ਦੋਸ਼ ਲਾਏ ਗਏ ਸਨ ਤੇ ਇਸ ਸਬੰਧੀ ਵੱਡੀ ਪੱਧਰ ਉਪਰ ਖ਼ਬਰਾਂ ਵੀ ਪ੍ਰਕਾਸ਼ਿਤ ਹੋਈਆਂ ਸਨ। ਡਾਕਟਰ ਸ਼ੇਖ ਵੱਲੋਂ ਖੁਦ ਤੇ ਉਨਾਂ ਦੇ ਵਕੀਲ ਵੱਲੋਂ ਇਨਾਂ ਦੋਸ਼ਾਂ ਦਾ ਨਿਰੰਤਰ ਵਿਰੋਧ ਕੀਤਾ ਗਿਆ ਸੀ ਤੇ ਕਿਹਾ ਗਿਆ ਸੀ ਕਿ ਡਾਕਟਰ ਨਿਰਦੋਸ਼ ਹੈ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਸਰਕਾਰੀ ਧਿਰ ਡਾਕਟਰ ਸ਼ੇਖ ਦੇ ਨਿਰਦੋਸ਼ ਹੋਣ ਵਿਰੁੱਧ ਲੋੜੀਂਦੇ ਸਬੂਤ ਦੇਣ ਵਿਚ ਨਾਕਾਮ ਰਹੀ ਹੈ ਜਿਸ ਕਾਰਨ ਕੇਸ ਦੀ ਸੁਣਵਾਈ ਵਿਚ ਵੀ ਦੇਰੀ ਹੋਈ ਹੈ। ਅਦਾਲਤ ਇਸ ਕੇਸ ਨੂੰ ਸਿਰੇ ਤੋਂ ਖਾਰਜ ਕਰਦੀ ਹੈ। ਫੈਸਲੇ ਉਪਰੰਤ ਡਾ ਸ਼ੇਖ ਨੇ ਕਿਹਾ ਕਿ ’ਇਹ ਸਾਰਾ ਮੁਕੱਦਮਾ ਮੇਰੇ ਤੇ ਮੇਰੇ ਪਰਿਵਾਰ ਲਈ ਡਰਾਉਣਾ ਸੀ। ਮੈ ਪਿਛਲੇ ਸਾਲਾਂ ਤੋਂ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਦੀ ਕੋਸ਼ਿਸ ਕਰਦੀ ਰਹੀ ਹਾਂ। ਮੈ ਕੇਸ ਰਦ ਕਰਨ ਲਈ ਅਦਾਲਤ ਦਾ ਧੰਨਵਾਦ ਕਰਦੀ ਹਾਂ।’

## ਕੋਰੋਨਾ ਮਹਾਂਮਾਰੀ ਕਾਰਨ ਮੁੰਡੇ ਤੇ ਕੁੜੀ ਨੇ ਅਮਰੀਕਾ-ਕੈਨੇਡਾ ਸਰਹੱਦ ਉਪਰ ਨਿਭਾਈਆਂ ਵਿਆਹ ਦੀਆਂ ਰਸਮਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਨੇਡੀਅਨ ਤੇ ਅਮਰੀਕਨ ਮੁੰਡੇ - ਕੁੜੀ ਨੇ ਕੋਰੋਨਾ ਮਹਾਂਮਾਰੀ ਦੇ ਚਲਦਿਆਂ ਵਿਆਹ ਵਿਚ ਹੋਰ ਦੇਰੀ ਨਾ ਕਰਨ ਦੇ ਫੈਸਲੇ ਉਪਰੰਤ ਅਮਰੀਕਾ-ਕੈਨੇਡਾ ਸਰਹੱਦ ਉਪਰ ਵਿਆਹ ਦੀ ਰਸਮ ਨਿਭਾਈ ਤਾਂ ਜੋ ਦੋਨਾਂ ਦੇਸ਼ਾਂ ਦੇ ਪਰਿਵਾਰਕ ਮੈਂਬਰ ਤੇ ਮਿੱਤਰ ਦੋਸਤ ਵਿਆਹ ਵਿਚ ਸ਼ਾਮਿਲ ਹੋ ਸਕਣ। ਕੋਰੋਨਾ ਮਹਾਂਮਾਰੀ ਕਾਰਨ ਦੋਨਾਂ ਦੇਸ਼ਾਂ ਦੇ ਲੋਕ ਸਰਹੱਦ ਪਾਰ ਕਰਕੇ ਦੂਸਰੇ ਦੇਸ਼ ਵਿਚ ਦਾਖਲ ਨਹੀਂ ਹੋ ਸਕਦੇ। ਅਮਰੀਕਨ ਕੁੜੀ ਕਲੋਅਜ ਤੇ ਕੈਨੇਡੀਅਨ ਮੁੰਡਾ ਅਲੈਕਸ ਲੈਕੀ ਦੋਨੋਂ ਦੀ ਉਮਰ 29 ਸਾਲਾਂ ਦੀ ਹੈ। ਉਹ ਨਵੰਬਰ 2019 ਵਿਚ ਇਕ ਦੂਸਰੇ ਨੂੰ ਮਿਲੇ ਸਨ ਤੇ ਉਨਾਂ ਨੇ ਅਗਸਤ 2020 ਵਿਚ ਵਿਆਹ ਕਰਨ ਦਾ ਫੈਸਲਾ ਕੀਤਾ ਪਰੰਤੂ ਕੋਰੋਨਾ ਮਹਾਂਮਾਰੀ



ਕਾਰਨ ਉਨਾਂ ਦੀ ਇਹ ਯੋਜਨਾ ਫੇਲ ਹੋ ਗਈ ਤੇ ਉਨਾਂ ਨੇ ਵਿਆਹ ਅੱਗੇ ਪਾਉਣ ਦਾ ਮੰਨ ਬਣਾ ਲਿਆ। ਉਨਾਂ ਨੂੰ ਲੱਗ ਕਿ ਕੋਰੋਨਾ ਮਹਾਂਮਾਰੀ ਅਜੇ ਖਤਮ ਹੋਣ ਦਾ ਨਾਂ ਨਹੀਂ ਲੈ ਰਹੀ ਇਸ ਲਈ ਮਾਪਿਆਂ ਦੀ ਸਹਿਮਤੀ ਨਾਲ ਬਦਲਵੀਂ ਯੋਜਨਾ ਬਣਾਈ ਗਈ। ਜਿਸ ਅਨੁਸਾਰ ਸਮੁੰਦਰ ਵਿਚ ਜਿਥੋਂ ਅਮਰੀਕਾ ਕੈਨੇਡਾ ਦੀ ਸਰਹੱਦ ਸ਼ੁਰੂ ਹੁੰਦੀ ਹੈ ਉਥੇ ਇਕ ਵੱਡੀ ਕਿਸ਼ਤੀ ਵਿਚ ਵਿਆਹ ਦੀਆਂ ਰਸਮਾਂ ਨਿਭਾਈਆਂ ਗਈਆਂ। ਸਮਾਜਿਕ ਦੂਰੀ ਦਾ ਖਾਸ ਖਿਆਲ ਰਖਿਆ ਗਿਆ। ਕੈਨੇਡਾ ਵਾਲੇ ਪਾਸਿਉਂ 50 ਤੇ ਅਮਰੀਕਾ ਵਾਲੇ ਪਾਸਿਉਂ 15 ਰਿਸ਼ਤੇਦਾਰ ਤੇ ਹੋਰ ਮਹਿਮਾਨ ਸ਼ਾਮਿਲ ਹੋਏ ਜਿਨਾਂ ਨੇ ਵੱਖਰੀਆਂ ਕਿਸ਼ਤੀਆਂ ਵਿਚ ਬੈਠਕੇ ਵਿਆਹ ਦੀ ਰਸਮ ਵੇਖੀ। ਇਸ ਵੱਖਰੀ ਤਰਾਂ ਦੇ ਵਿਆਹ ਦਾ ਪ੍ਰਬੰਧ ਕੁੜੀ ਦੇ ਮਾਪਿਆਂ ਵੱਲੋਂ ਬੇਨਤੀ ਕਰਨ ’ਤੇ ਮੇਅਰ ਨੇ ਕੀਤਾ।

## ਰਾਸ਼ਟਰਪਤੀ ਟਰੰਪ ਨੇ ਚੋਟੀ ਦੇ ਡਾਕਟਰ ਫੌਸੀ ਨੂੰ ਕਿਹਾ “ਡਿਜ਼ਾਸਟਰ”

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਸਰਕਾਰ ਦੇ ਲਾਗ ਦੀਆਂ ਬਿਮਾਰੀਆਂ ਬਾਰੇ ਚੋਟੀ ਦੇ ਮਾਹਿਰ ਡਾ ਐਨਥਨੀ ਫੌਸੀ ਦੀ ਤਿੱਖੀ ਅਲੋਚਨ ਕਰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਸ ਨੂੰ ’’ਡਿਜ਼ਾਸਟਰ’ ਦਾ ਰੁਤਬਾ ਦਿੱਤਾ ਹੈ। ਰਾਸ਼ਟਰਪਤੀ ਦਾ ਇਹ ਪ੍ਰਤੀਕਰਮ ਡਾ ਫੌਸੀ ਵੱਲੋਂ ਇਕ ਇੰਟਰਵਿਊ ਦੌਰਾਨ ਰਾਸ਼ਟਰਪਤੀ ਟਰੰਪ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਉਣ ਉਪਰ ਕੀਤੀ ਗਈ ਟਿੱਪਣੀ ਤੋਂ ਬਾਅਦ ਆਇਆ ਹੈ। ਡਾ ਫੌਸੀ ਨੇ ਕਿਹਾ ਸੀ ਕਿ ਰਾਸ਼ਟਰਪਤੀ ਦੀ ਰਿਪੋਰਟ ਪਾਜ਼ੇ-ਟਿਵ ਆਉਣ ’ਤੇ ਉਨਾਂ ਨੂੰ ਕੋਈ ਹੈਰਾਨੀ ਨਹੀਂ ਹੋਈ ਹੈ ਕਿਉਂਕਿ ਰਾਸ਼ਟਰ-ਪਤੀ ਨੇ ਅਕਸਰ ਮਾਸਕ ਨਹੀਂ ਪਾਇਆ। ਆਪਣੇ ਚੋਣ ਮੁਹਿੰਮ ਸਟਾਫ਼ ਨਾਲ ਇਕ ਕਾਨਫਰੰਸ ਦੌਰਾਨ ਟਰੰਪ ਨੇ ਕਿਹਾ ਕਿ ਫੌਸੀ ਜਦੋਂ ਵੀ ਟੈਲੀਵੀਜ਼ਨ ਉਪਰ ਆਉਂਦੇ ਹਨ ਤਾਂ ਉਹ ’ਬੰਬ’ ਸੁੱਟਦੇ ਹਨ ਪਰੰਤੂ ਜੇਕਰ ਫੌਸੀ ਨੂੰ ਕਿਹਾ ਜਾਵੇ ਕਿ ਉਹ ਤਬਾਹੀ ਦਾ ਦੂਜਾ ਨਾਂ ਹੈ ਤਾਂ ਇਹ ਅੱਤ ਕਥਨੀ ਨਹੀਂ ਹੋਵੇਗੀ। ਰਾਸ਼ਟਰਪਤੀ ਨੇ ਕਿਹਾ ਕਿ ਲੋਕ ਮਹਾਂਮਾਰੀ ਬਾਰੇ ਸੁਣਨਾ ਨਹੀਂ ਚੁਹੰਦੇ ਇਸ ਲਈ ਫੌਕੀ ਵਰਗੇ ਸਿਹਤ ਮਾਹਿਰ ਸਾਨੂੰ ਇਕ-ਿਲਿਆਂ ਛੱਡ ਦੇਣ। ਡਾ ਫੌਸੀ 1984 ਤੋਂ ’ਨੈਸ਼ਨਲ ਇੰਸਟੀਚਿਊਟ ਆਫ ਏਲਰਜੀ ਐਂਡ ਇਨਫੈਕਟੀਅਸ ਡਸੀਜ਼’ ਦੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਹ ਅਕਸਰ ਕੋਰੋਨਾ ਬਾਰੇ ਰਾਸ਼ਟਰਪਤੀ ਦੀ ਪਹੁੰਚ ਦੀ ਅਲੋਚਨਾ ਕਰਦੇ ਰਹੇ ਹਨ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com






ਦੇਸ਼ ਦੁਆਬਾ

# BABASAHEB DR. B.R. AMBEDKAR, BUDDHISM AND DALIT EMANCIPATION

Prem Chumber
Editor-in-Chief: Ambedkar Times

Babasaheb Dr. B. R. Ambedkar converted to Buddhism at the historic public ceremony in Nagpur on October 14, 1956. The decision to embrace Buddhism by Dr. Ambedkar was not at all a sudden attempt. It took him more than two decades (from Yeola Conference, October 13, 1935, where he took the vow that 'even though I am a Hindu born, I will not die a Hindu', to the historic Nagpur conversion ceremony, October 14, 1956, the day he embraced Buddhism with thousands of his followers) to translate his vow for conversion into reality. He decided to embrace Buddhism after thoroughly exhausting all possible ways of reforming Hinduism from within and exploring the possibility of conversion to Christianity, Sikhism, and Islam for overcoming the oppressive structures of Brahminical social order (BSO) in India. Converting to Buddhism, in fact, was a unique and meticulously calculated move. It was a unique move in the sense that though there have been many instances of individual conversions to Buddhism, the real credit for systematically organizing collective conversion to Buddhism on a mass scale in India, beyond doubt, goes to Dr. Ambedkar. The historic conversion ceremony at Nagpur assumed further importance with the publication of The Buddha and his Dhamma shortly after the demise of Babasaheb on December 6, 1956.

Dr. Ambedkar discovered in conversion to Buddhism the most desired and reliable way of overcoming the centuries-old system of social exclusion. According to Babasaheb, the central thesis of the Buddhist philosophy revolves around two major problems: the first problem was that there was suffering in the world and the second was how to remove this suffering and make mankind happy. Since caste and caste based social exclusion dehumanizes the Dalits, Babasaheb underlined the urgency of caste annihilation. It is in this context that conversion to Buddhism becomes meaningful. Another aspect that underlines the importance of conversion to Buddhism encourages strategic alliance between the non-Brahminical/Shudras/Bahujan Samaj/artisans and the Dalit/Ati Shudras sections of the Indian society and calls for their united front against the oppressive and hegemonic structures of Brahminical social order. Forging unity among the victims of the 'Varna order' in turn aimed at reclaiming India on the basis of the neo-Buddhist identity. The very fact that Dr. Ambedkar founded three political parties (the Independent Labour Party, All India Scheduled Castes Federation and the Republican Party of India), and the leading role that he played in drafting the Constitution of independent India, vindicated his active involvement in the polity and society of the country even after denouncing Hinduism publicly in1935 and later on embracing Buddhism in 1956.

Babasaheb Dr. Ambedkar used to emphasize on the application of scientific approach to solve the question of caste and social exclusion. His movement also became very popular in Punjab. He visited Punjab thrice. It was during his last visit in October 27-29, 1951 that he spoke at length to his people in Punjab about his approach and ways of Dalit empowerment. He delivered speeches at Jalandhar, Ludhiana and Patiala and also addressed the students of D.A.V. College Jalandhar. Though the people of Punjab were well impressed by his great movement but they could not follow him so closely in relation to conversion to Buddhism. Late D. C. Ahir, a renowned Ambedkarite Buddhist and world reputed scholar of Buddhism, was of the opinion that due to deep faith of Scheduled Castes population of Punjab, especially of the Doaba region, in the teachings and spirituality of Saheb Shri Guru Ravidass Ji, Buddhism could not become so popular in this state. Another possible reason behind the deep popularity of the teachings of Saheb Shri Guru Ravidass in Punjab could be the concerted efforts of Babu Mangu Ram Mugowalia and the mass appeal of his famous Ad Dharm movement. The popularity of Ad Dharm can be known from the fact that some of the scholars of late started advocating that the principles of "Ad Dharm" are also followed in Buddhism.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਦਾਅ 'ਤੇ ਲੱਗਿਆ ਸੰਯੁਕਤ ਰਾਸ਼ਟਰ ਦਾ ਵੱਕਾਰ



ਹਰਸ਼ ਬੀ ਪੰਤ

ਸੰਯੁਕਤ ਰਾਸ਼ਟਰ ਯਾਨੀ ਯੂਐੱਨ ਦੀ ਸਥਾਪਨਾ ਦੇ 75 ਸਾਲ ਪੂਰੇ ਹੋਣ ਮੌਕੇ ਹੋ ਰਹੇ ਸਮਾਗਮਾਂ 'ਚ ਇਹ ਗੱਲ ਖ਼ਾਸੀ ਅੱਖਰਦੀ ਹੈ ਕਿ ਸੰਸਾਰ ਨੂੰ ਬਹੁਪੱਖੀ ਬਣਾਉਣ ਦੀ ਕਵਾਇਦ ਅੱਧ ਵਿਚਾਲੇ ਲਟਕੀ ਹੋਈ ਹੈ। ਸਾਰੇ ਦੇਸ਼ ਬਹੁਪੱਖਤਾ 'ਚ ਭਰੋਸੇ ਦੀ ਪੈਰਵਾਈ ਤਾਂ ਕਰਦੇ ਹਨ ਪਰ ਉਹ ਉਨ੍ਹਾਂ ਦੇ ਅੰਦਰੂਨੀ ਅੰਤਰ ਵਿਰੋਧਾਂ ਦਾ ਹੀ ਸ਼ਿਕਾਰ ਹੋ ਕੇ ਰਹਿ ਗਿਆ ਹੈ। ਇਹ ਬਹੁਪੱਖੀ ਢਾਂਚਾ ਦਿਨ-ਬ-ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਕੋਵਿਡ-19 ਦੇ ਦੌਰ 'ਚ ਇਸ ਆਲਮੀ ਸੰਸਥਾ ਦੇ ਵੱਕਾਰ ਨੂੰ ਹੋਰ ਢਾਹ ਲੱਗੀ ਹੈ। ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਇਹ ਕਹਿ ਕੇ ਇਸ ਵਿਡੰਬਨਾ ਨੂੰ ਦਰਸਾਇਆ ਕਿ ਜਦੋਂ ਬਹੁਪੱਖਤਾ ਦੀ ਸਭ ਤੋਂ ਜ਼ਿਆਦਾ ਮੰਗ ਸੀ ਤਾਂ ਮੌਕਾ ਗਵਾ ਦਿੱਤਾ ਗਿਆ।

ਪੂਰੀ ਦੁਨੀਆ ਵੱਡੀ ਮਹਾਮਾਰੀ ਨਾਲ ਜੂਝ ਰਹੀ ਹੈ ਤਾਂ ਇਹ ਸਮਾਂ ਬਹੁਪੱਖਤਾ ਦੀ ਕੀਮਤ ਘਟਣ ਦੀ ਬਜਾਏ ਸੰਤੁਲਿਤ ਹੱਲ ਦੀ ਦਿਸ਼ਾ 'ਚ ਇਸ ਤੋਂ ਉੱਭਰਨ ਦਾ ਪੜਾਅ ਬਣਨਾ ਚਾਹੀਦਾ ਹੈ। ਕੁਝ ਮਾਮਲਿਆਂ 'ਚ ਬਹੁਪੱਖਤਾ ਦਾ ਸੰਕਟ ਹੈਰਾਨ ਨਹੀਂ ਕਰਨਾ ਚਾਹੀਦਾ। ਦੂਜੇ ਆਲਮੀ ਯੁੱਧ ਤੋਂ ਬਾਅਦ ਬਣਿਆ ਆਲਮੀ ਢਾਂਚਾ ਆਪਣੇ ਸਮੇਂ ਦੀ ਮੰਗ ਹੀ ਸੀ। ਢਾਂਚਾਗਤ ਹਕੀਕਤਾਂ 'ਚ ਤਬਦੀਲੀ ਦਾ ਦਬਾਅ ਸਿੱਧੇ ਤੌਰ 'ਤੇ ਦਿਸ ਰਿਹਾ ਹੈ। ਇਸ ਆਲਮੀ ਸੰਸਥਾ ਨੂੰ ਤਜਵੀਜ਼ਾਂ ਤੇ ਪ੍ਰਕਿਰਿਆਵਾਂ ਦੇ ਵੱਖ-ਵੱਖ ਮੋਰਚਿਆਂ 'ਤੇ ਚੁਣੌਤੀਆਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਸਿਰਫ਼ ਚੀਨ ਹੀ ਇਸ ਢਾਂਚੇ ਨੂੰ ਚੁਣੌਤੀ ਨਹੀਂ ਦੇ ਰਿਹਾ, ਜੋ ਇਹ ਮੰਨਦਾ ਹੈ ਕਿ ਇਸ ਦਾ ਨਿਰਮਾਣ ਉਦੋਂ ਹੋਇਆ, ਜਦੋਂ ਉਹ ਖ਼ੁਦ ਅਜਿਹੇ ਹਾਲਾਤ ਤੋਂ ਦੂਰ ਸੀ ਸਗੋਂ ਇਸ ਨੂੰ ਉਸ ਅਮਰੀਕਾ ਤੋਂ ਵੀ ਚੁਣੌਤੀ ਮਿਲ ਰਹੀ ਹੈ, ਜਿਸ ਦੇ ਸਾਏ 'ਚ ਇਹ ਬਣਿਆ ਅਤੇ ਵਧਿਆ-ਫੁੱਲਿਆ। ਅਮਰੀਕਾ ਦਾ ਵੀ ਇਹੋ ਜਿਹੀ ਸਥਿਤੀ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਇਕ ਅਜਿਹਾ ਉਦਾਰ ਢਾਂਚਾ ਜੋ ਕਰੀਬ ਸੱਤ ਦਹਾਕਿਆਂ ਤੋਂ ਜ਼ਿਆਦਾ ਸਮੇਂ ਤਕ ਦੁਨੀਆ ਭਰ 'ਚ ਸ਼ਾਂਤੀ ਅਤੇ ਖ਼ੁਸ਼ਹਾਲੀ ਦਾ ਮੂਲ ਰਿਹਾ, ਉਸ 'ਚ ਅੱਜ ਦੀਆਂ ਸਾਂਝੀਆਂ ਚੁਣੌਤੀਆਂ ਦੇ ਲਿਹਾਜ਼ ਨਾਲ ਪ੍ਰਭਾਵਸ਼ਾਲੀ ਹੱਲ ਮੁਹੱਈਆ ਕਰਵਾਉਣ 'ਚ ਵਧਦੀ ਅਸਮਰੱਥਾ ਵੱਡੀ ਅੜਚਣ ਹੈ।
ਇਸ ਨਾਲ ਭਾਰਤ ਜਿਹੇ ਦੇਸ਼ਾਂ ਲਈ ਇਹ ਜ਼ਰੂਰੀ ਹੀ ਨਹੀਂ ਸਗੋਂ ਲਾਜ਼ਮੀ ਹੋ ਗਿਆ ਹੈ ਕਿ ਉਹ ਇਕ ਅਜਿਹੀ ਦੁਨੀਆ 'ਚ ਜਿੱਥੇ ਸੰਸਾਰ ਦੀਆਂ ਮਹਾਸ਼ਕਤੀਆਂ 'ਚ ਸ਼ਕਤੀ ਸੰਘਰਸ਼ ਹੋਰ ਤਿੱਖਾ ਹੋ ਗਿਆ ਹੈ, ਉੱਥੇ ਆਪਣੇ ਹਿੱਤਾਂ ਲਈ ਕਿਸੇ ਬਦਲਵੀਂ ਰਣਨੀਤੀ 'ਤੇ ਵਿਚਾਰ ਕਰਨ। ਇਸ ਨਜ਼ਰੀਏ ਤੋਂ ਸੰਯੁਕਤ ਰਾਸ਼ਟਰ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਾਸ਼ਣ ਬਹੁਤ ਮਹੱਤਵਪੂਰਨ ਰਿਹਾ। ਇਹ ਸਿਰਫ਼ ਇਸੇ ਕਾਰਨ ਮਹੱਤਵਪੂਰਨ ਨਹੀਂ ਸੀ ਕਿ ਇਸ 'ਚ ਬਹੁਪੱਖੀ ਢਾਂਚੇ ਦੇ ਮੌਜੂਦਾ ਸਰੂਪ ਅੱਗੇ ਕੁਝ ਚੁਣੌਤੀਆਂ ਦਾ ਜ਼ਿਕਰ ਸੀ ਸਗੋਂ ਇਹ ਇਸ ਕਾਰਨ ਵੀ ਅਹਿਮ ਸੀ ਕਿ ਇਸ 'ਚ ਭਾਰਤ ਦੇ ਨਜ਼ਰੀਏ 'ਚ ਤਬਦੀਲੀ ਦਾ ਸੰਕੇਤ ਵੀ ਸ਼ਾਮਲ ਸੀ। ਹੁਣ ਨਵੀਂ ਦਿੱਲੀ ਨਾ ਸਿਰਫ਼ ਆਲਮੀ ਢਾਂਚੇ ਨੂੰ ਆਕਾਰ ਦੇਣ 'ਚ ਆਪਣੀ ਮਹੱਤਤਾ ਨੂੰ ਦਰਸਾ ਰਹੀ ਹੈ ਸਗੋਂ ਇਹ ਵੀ ਸਪੱਸ਼ਟ ਕਰ ਰਹੀ ਹੈ ਕਿ ਭਾਰਤ ਬਿਨਾਂ ਸੰਯੁਕਤ ਰਾਸ਼ਟਰ ਤੇ ਬਹੁਪੱਖੀ ਢਾਂਚੇ ਦੀ ਸਾਖ਼ ਤੇ ਭਰੋਸੇਯੋਗਤਾ ਹੀ ਦਾਅ 'ਤੇ ਹੈ।

ਮੋਦੀ ਨੇ ਸੰਯੁਕਤ ਰਾਸ਼ਟਰ ਨੂੰ 'ਵਿਸ਼ਵਾਸ ਦੇ ਸੰਕਟ' ਦੇ ਸੰਦਰਭ 'ਚ ਸਵੈ-ਵਿਸ਼ਲੇਸ਼ਣ ਦੀ ਚੁਣੌਤੀ ਦਿੱਤੀ। ਉਨ੍ਹਾਂ ਨੇ ਇਸ ਸੰਸਥਾ ਨੂੰ ਉਸ ਦੀਆਂ ਕਮਜ਼ੋਰੀਆਂ ਲਈ ਚੇਤੰਨ ਕਰਦਿਆਂ ਬਹੁਪੱਖਤਾ ਦੇ ਅਜਿਹੇ ਨਵੇਂ ਢਾਂਚੇ ਦੀ ਪੈਰਵੀ ਕੀਤੀ, ਜੋ ਮੌਜੂਦਾ ਹਕੀਕਤਾਂ ਨੂੰ ਦਰਸਾਵੇ, ਜਿਸ ਨਾਲ ਸਾਰੀਆਂ ਧਿਰਾਂ ਨੂੰ ਆਵਾਜ਼ ਉਠਾਉਣ ਦਾ ਮੌਕਾ ਮਿਲੇ, ਜਿੱਥੇ ਸਮਕਾਲੀ ਚੁਣੌਤੀਆਂ ਦਾ ਹੱਲ ਨਿਕਲੇ ਤੇ ਮਨੁੱਖੀ ਭਲਾਈ 'ਤੇ ਧਿਆਨ ਕੇਂਦਰਤ ਹੋਵੇ। ਅਗਲੇ ਸਾਲ ਦੀ ਸ਼ੁਰੂਆਤ ਨਾਲ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਚੁਣੇ ਗ਼ੈਰ-ਸਥਾਈ ਮੈਂਬਰ ਦੇ ਰੂਪ 'ਚ ਭਾਰਤ ਦਾ ਦੋ ਸਾਲਾ ਕਾਰਜਕਾਲ ਸ਼ੁਰੂ ਹੋਣ ਜਾ ਰਿਹਾ ਹੈ। ਇਸ ਤਰ੍ਹਾਂ ਨਵੀਂ ਦਿੱਲੀ ਨੇ ਆਪਣੀਆਂ ਤਰਜੀਹਾਂ ਨੂੰ ਸਪੱਸ਼ਟ ਰੂਪ ਨਾਲ ਸਾਹਮਣੇ ਰੱਖ ਦਿੱਤਾ ਹੈ।
ਮੌਜੂਦਾ ਕੋਰੋਨਾ ਮਹਾਮਾਰੀ ਦੌਰਾਨ ਜਦੋਂ ਪੂਰੀ ਦੁਨੀਆ ਇਸ ਨਾਲ ਜੂਝ ਰਹੀ ਸੀ ਤਾਂ ਸੰਯੁਕਤ ਰਾਸ਼ਟਰ ਦੀ ਅਸਮਰੱਥਾ ਲਈ ਮੋਦੀ ਨੇ ਇਸ ਨੂੰ ਲੰਮੇ ਹੱਥੀਂ ਲਿਆ। ਉਨ੍ਹਾਂ ਨੇ ਪੁੱਛਿਆ ਵੀ ਕਿ ਮਹਾਮਾਰੀ ਖ਼ਿਲਾਫ਼ ਇਕਜੁੱਟ ਲੜਾਈ 'ਚ ਸੰਯੁਕਤ ਰਾਸ਼ਟਰ ਕਿੱਥੇ ਖੜ੍ਹਾ ਹੈ? ਉਸ ਦੀ ਜ਼ਰੂਰਤ ਅਤੇ ਪ੍ਰਭਾਵੀ ਪ੍ਰਤੀਕਿਰਿਆ ਕਿੱਥੇ ਹੈ? ਅਸਲ 'ਚ ਸੰਯੁਕਤ ਰਾਸ਼ਟਰ ਦੀ ਪ੍ਰਤੀਕਿਰਿਆ, ਪ੍ਰਕਿਰਿਆ ਅਤੇ ਪ੍ਰਕਿਰਤੀ 'ਚ ਸੁਧਾਰ ਸਮੇਂ ਦੀ ਜ਼ਰੂਰਤ ਬਣ ਚੁੱਕੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਮੌਜੂਦਾ ਹਾਲਾਤ 'ਚ ਇਕ ਅਜਿਹੇ ਦੇਸ਼ ਦੀ ਸਰਗਰਮੀ ਤੇ ਹਿੱਸੇਦਾਰੀ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਵੀ ਸਵਾਲ ਕੀਤਾ, ਜਿਸ ਨੇ ਦੁਨੀਆ 'ਚ ਸ਼ਾਂਤੀ ਸਥਾਪਿਤ ਕਰਨ ਲਈ ਸਭ ਤੋਂ ਜ਼ਿਆਦਾ ਫ਼ੌਜੀਆਂ ਦੀ ਸ਼ਹਾਦਤ ਦਿੱਤੀ ਅਤੇ ਜਿਸ ਦੇਸ਼ ਦੇ 130 ਕਰੋੜ ਨਾਗਰਿਕਾਂ ਦਾ ਸੰਯੁਕਤ ਰਾਸ਼ਟਰ ਪ੍ਰਤੀ ਅਪਾਰ ਸਨਮਾਨ ਹੋਣ ਦੇ ਨਾਲ-ਨਾਲ ਉਸ 'ਤੇ ਅਟੁੱਟ ਵਿਸ਼ਵਾਸ ਵੀ ਹੈ। ਇਸ ਸਵਾਲ ਦਾ ਮਤਲਬ ਇਹੋ ਹੀ ਸੀ ਕਿ ਆਖ਼ਰ ਸੰਯੁਕਤ ਰਾਸ਼ਟਰ ਦੀ ਫ਼ੈਸਲਾ ਲੈਣ ਦੀ ਪ੍ਰਕਿਰਿਆ ਤੋਂ ਕਦੋਂ ਤਕ ਭਾਰਤ ਨੂੰ ਦੂਰ ਰੱਖਿਆ ਜਾਵੇਗਾ? ਇਕ ਅਜਿਹੇ ਦੇਸ਼ ਨੂੰ, ਜੋ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਿੱਥੇ ਵਿਸ਼ਵ ਦੀ 18 ਫ਼ੀਸਦੀ ਆਬਾਦੀ ਰਹਿੰਦੀ ਹੈ, ਜਿੱਥੇ ਕਈ ਭਾਸ਼ਾਵਾਂ ਤੇ ਬੋਲੀਆਂ ਹਨ, ਵੱਖ-ਵੱਖ ਧਰਮ ਅਤੇ ਮਤ ਹਨ, ਜੋ ਸਦੀਆਂ ਤਕ ਦੁਨੀਆ ਦਾ ਪ੍ਰਮੁੱਖ ਅਰਥਚਾਰਾ ਸੀ ਤੇ ਸੈਂਕੜੇ ਸਾਲਾਂ ਤਕ ਵਿਦੇਸ਼ੀ ਸ਼ਾਸਨ ਦੇ ਸਾਏ 'ਚ ਰਿਹਾ।

ਮੋਦੀ ਨੇ ਇਹ ਵੀ ਪੁੱਛਿਆ ਕਿ ਉਸ ਦੇਸ਼ ਨੂੰ ਆਖ਼ਰ ਕਿੰਨਾ ਇੰਤਜ਼ਾਰ ਕਰਨਾ ਪਵੇਗਾ, ਜਿੱਥੇ ਖ਼ੁਦ ਅਜਿਹੀਆਂ ਮੁੱਢਲੀਆਂ ਤਬਦੀਲੀਆਂ ਆਕਾਰ ਲੈ ਰਹੀਆਂ ਹਨ, ਜੋ ਦੁਨੀਆ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਇਸ ਤੋਂ ਉਨ੍ਹਾਂ ਦਾ ਭਾਵ ਸੰਯੁਕਤ ਰਾਸ਼ਟਰ 'ਚ ਸੁਧਾਰਾਂ ਨੂੰ ਲੈ ਕੇ ਭਾਰਤ 'ਚ ਵਧਦੀ ਬੇਚੈਨੀ ਤੋਂ ਸੀ। ਵੈਸੇ ਵੀ ਭਾਰਤ 'ਚ ਸਾਰੇ ਲੋਕ ਇਹੋ ਮੰਨਦੇ ਹਨ ਕਿ ਜੇ ਆਲਮੀ ਬਹੁਪੱਖੀ ਢਾਂਚਾ ਖ਼ੁਦ 'ਚ ਜ਼ਰੂਰੀ ਸੁਧਾਰ ਕਰਦਾ ਵੀ ਹੈ ਤਾਂ ਕੀ ਉਹ ਨਵੇਂ ਭੂ-ਰਾਜਨੀਤਕ ਤਣਾਅ ਅਤੇ ਨਵੀਆਂ ਸੁਰੱਖਿਆ ਚੁਣੌਤੀਆਂ ਦੇ ਹੱਲ 'ਚ ਸਮਰੱਥ ਹੋਵੇਗਾ? ਇਸ ਤਰ੍ਹਾਂ ਮੋਦੀ ਦੀ ਟਿੱਪਣੀ ਸੰਯੁਕਤ ਰਾਸ਼ਟਰ ਲਈ ਦੋ-ਟੁੱਕ ਚਿਤਾਵਨੀ ਹੈ ਕਿ ਆਲਮੀ ਬਹੁਪੱਖੀ ਢਾਂਚੇ 'ਚ ਭਾਰਤ ਦੇ ਵਿਸ਼ਵਾਸ ਦੇ ਬਾਵਜੂਦ ਫ਼ੈਸਲਾ ਪ੍ਰਕਿਰਿਆ 'ਚ ਉਸ ਦੀ ਗ਼ੈਰ-ਹਾਜ਼ਰੀ ਅਤੇ ਅਸਲੀ ਸੁਧਾਰਾਂ ਦੀ ਘਾਟ ਕਾਰਨ ਨਵੀਂ ਦਿੱਲੀ ਨੂੰ ਦੂਜੇ ਬਦਲਾਂ 'ਤੇ ਵਿਚਾਰ ਕਰਨਾ ਪੈ ਸਕਦਾ ਹੈ। ਇਸ ਦੀ ਸ਼ੁਰੂਆਤ ਵੀ ਹੋਣ ਲੱਗੀ ਹੈ।

ਅੱਜ ਬਹੁਪੱਖੀ ਢਾਂਚਾ ਖਿੰਡਿਆ ਪਿਆ ਹੈ।
ਦੂਜੇ ਆਲਮੀ ਯੁੱਧ ਤੋਂ ਤੁਰੰਤ ਬਾਅਦ ਸੁਰੱਖਿਆ ਤਾਣੇ-ਬਾਣੇ ਦਾ ਸਬੰਧ ਮੁੱਖ ਤੌਰ 'ਤੇ ਯੂਰਪ ਅਤੇ ਉਸ ਦੇ ਆਸਪਾਸ ਦੇ ਇਲਾਕਿਆਂ ਦੀ ਸੁਰੱਖਿਆ 'ਤੇ ਕੇਂਦਰਤ ਸੀ। ਅੱਜ ਹਿੰਦ-ਪ੍ਰਸ਼ਾਂਤ ਖੇਤਰ ਆਲਮੀ ਆਰਥਿਕ ਅਤੇ ਸਿਆਸੀ ਏਜੰਡੇ ਨੂੰ ਤੈਅ ਕਰ ਰਿਹਾ ਹੈ। ਆਲਮੀ ਸੰਸਥਾਗਤ ਢਾਂਚੇ 'ਚ ਵੀ ਇਹ ਸੰਦਰਭ ਅਤੇ ਤਰਕ ਨਜ਼ਰ ਆਉਣਾ ਚਾਹੀਦਾ ਹੈ, ਖ਼ਾਸ ਤੌਰ 'ਤੇ ਅਜਿਹੇ ਸਮੇਂ ਜਦੋਂ ਕਮਜ਼ੋਰ ਹੁੰਦੇ ਸੰਯੁਕਤ ਰਾਸ਼ਟਰ ਕਾਰਨ ਤਰ੍ਹਾਂ-ਤਰ੍ਹਾਂ ਦੇ ਮੰਚ ਆਕਾਰ ਲੈ ਰਹੇ ਹਨ। ਇਹ ਮੰਚ ਨਾ ਸਿਰਫ਼ ਰਵਾਇਤੀ ਸੁਰੱਖਿਆ ਮਸਲਿਆਂ ਨਾਲ ਨਜਿੱਠਣ 'ਚ ਸਗੋਂ ਕੋਰੋਨਾ ਮਹਾਮਾਰੀ ਜਿਹੇ ਗ਼ੈਰ-ਰਵਾਇਤੀ ਮੁੱਦਿਆਂ ਨਾਲ ਨਜਿੱਠਣ 'ਚ ਕਿਤੇ ਜ਼ਿਆਦਾ ਕਾਰਗਰ ਅਤੇ ਪ੍ਰਭਾਵਸ਼ਾਲੀ ਸਾਬਤ ਹੋ ਰਹੇ ਹਨ। ਇਸ ਲਈ ਸੰਯੁਕਤ ਰਾਸ਼ਟਰ ਨੂੰ ਭਾਰਤ ਜਿਹੇ ਦੇਸ਼ ਦੀਆਂ ਸਮੱਸਿਆਵਾਂ ਨੂੰ ਸੰਜੀਦਗੀ ਨਾਲ ਲੈਣ ਦੀ ਲੋੜ ਹੈ।

ਭਾਰਤ ਜਿਹਾ ਦੇਸ਼ ਜੋ ਆਪਣੀ ਭੂਮਿਕਾ ਦੇ ਦਾਇਰੇ 'ਚ ਵਿਸਤਾਰ ਦਾ ਇੱਛੁਕ ਹੈ, ਉਸ ਲਈ ਇਹ ਫ਼ੈਸਲਾਕੁੰਨ ਪੜਾਅ ਹੈ। ਜੇ ਕੋਈ ਬਹੁਪੱਖੀ ਆਲਮੀ ਢਾਂਚਾ ਭਾਰਤ ਦੇ ਹਿੱਤਾਂ ਨੂੰ ਸੁਰੱਖਿਅਤ ਨਹੀਂ ਰੱਖ ਸਕਦਾ ਤਾਂ ਨਵੀਂ ਦਿੱਲੀ ਨੂੰ ਨਵੇਂ ਬਦਲ ਤਲਾਸ਼ਣੇ ਪੈਣਗੇ। ਇਹ ਪ੍ਰਕਿਰਿਆ ਪਹਿਲਾਂ ਤੋਂ ਸ਼ੁਰੂ ਵੀ ਹੋ ਗਈ ਹੈ।

# ਪਿੰਡ ਪਚਰੰਗਾ ਵਿਖੇ ਡਾ.ਅੰਬੇਡਕਰ ਜੀ ਦੀ ਵਿਚਾਰਧਾਰਾ ਤੇ ਕੇਡਰ ਕੈਂਪ ਦਾ ਆਯੋਜਨ












ਡਾ.ਭੀਮ ਰਾਓ ਅੰਬੇਡਕਰ ਚੇਤਨਾ ਮੰਚ ਭੋਗਪੁਰ ਜਿਲ੍ਹਾ ਜਲੰਧਰ ਵੱਲੋਂ ਬਾਬਾ ਸਾਹਿਬ ਜੀ ਦੀ ਵਿਚਾਰਧਾਰਾ ਤੇ ਵਿਸ਼ੇਸ਼ ਕੇਡਰ ਕੈਂਪ ਪਿੰਡ ਪਚਰੰਗਾ ਵਿਖੇ ਪ੍ਰਿੰਸੀਪਲ ਗਿਰਧਾਰੀ ਲਾਲ ਦੀ ਪ੍ਰਧਾਨਗੀ ਹੇਠ ਹੋਇਆ। ਮੁੱਖ ਬੁਲਾਰੇ ਐਕਸੀਅਨ ਜਸਵੰਤ ਰਾਏ ਜਲੰਧਰ ਜੀ ਆਪਣੇ ਤਿੰਨ ਘੰਟੇ ਸਮੇਂ ਦੇ ਕੇਡਰ ਦੌਰਾਨ ਬਾਬਾ ਸਾਹਿਬ ਦੀ ਵਿਚਾਰਧਾਰਾ, ਦਲਿਤ ਸਮਾਜ ਦੀ ਮਾਨਸਿਕ ਗੁਲਾਮੀ, ਦਲਿਤ ਸਮਾਜ ਵਿੱਚ ਪ੍ਰਚੱਲਿਤ ਤਿਉਹਾਰਾਂ ਦੇ ਇਤਿਹਾਸ ਤੇ ਆਦਿਵਾਸੀ ਜੋਧਿਆਂ ਦੀਆਂ ਜਿੱਤਾਂ-ਹਾਰਾਂ ਦੇ ਇਤਿਹਾਸ ਸਬੰਧੀ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ। ਸਰੋਤਿਆਂ ਨੇ ਮੰਤਰ-ਮੁਗਧ ਹੋ ਕੇ ਓਹਨਾਂ ਦੇ ਵਿਚਾਰ ਸੁਣੇ। ਸਮਾਪਤੀ ਤੇ ਮੰਚ ਦੇ ਮੈਂਬਰਾਂ ਨੇ ਜਸਵੰਤ ਰਾਏ ਜੀ ਨੂੰ ਬਾਬਾ ਸਾਹਿਬ ਦੀ ਤਸਵੀਰ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪਿੰਡ ਦੇ ਸਮਾਜ ਸੇਵਕ ਸ਼੍ਰੀ ਲਸ਼ਮਣ ਦਾਸ ਜੀ ਵਲੋਂ ਪਿੰਡ ਪ੍ਰਤੀ ਨਿਭਾਈਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਕੇਡਰ ਕੈਂਪ ਵਿਚ ਸ਼੍ਰੀ ਵਿਜੇ ਕੁਮਾਰ, ਸਤਨਾਮ ਸਿੰਘ, ਮਦਨ ਲਾਲ, ਓਮ ਪ੍ਰਕਾਸ਼, ਇੰਦਰਜੀਤ ਸਿੰਘ, ਅਵਤਾਰ ਸਿੰਘ, ਸੂਬੇਦਾਰ ਸੇਵਾ ਸਿੰਘ ਟਾਂਡੀ, ਸਰਬਜੀਤ ਸਨੌਰਾ, ਅਮਰਜੀਤ ਖਰਲ, ਹਰਜਿੰਦਰ ਗੇਹਲੜਾਂ, ਸੁਮਨ ਸ਼ਾਮਪੁਰੀ, ਸਤਪਾਲ ਸਿੰਘ, ਰੋਸ਼ਨ ਲਾਲ ਸੌਂਧੀ, ਬਖਸ਼ੀ ਰਾਮ ਦਰਾਵਾਂ, ਰਣਜੀਤ ਸਿੰਘ, ਚਰਨਜੀਤ ਬਿਨਪਾਲਕੇ, ਨੰਬਰਦਾਰ ਜੋਗਿੰਦਰ ਸਿੰਘ, ਪਰਮਜੀਤ ਸਾਬਕਾ ਸਰਪੰਚ, ਦਿਲਬਾਗ ਸਿੰਘ ਪੰਚ, ਭਜਨ ਚੰਦ, ਨਰੰਜਨ ਪਾਲ, ਪਿਆਰਾ ਰਾਮ ਰਾਹੀ, ਵਨੀਤ ਜੰਗਰਾਲ, ਅਨੰਤ ਪਾਲ, ਮੈਡਮ ਬਲਜਿੰਦਰ ਕੌਰ, ਨਿਮਰਤਾ ਕੁਮਾਰੀ, ਸੁਦੇਸ਼ ਰਾਣੀ, ਵੀਨਾ ਰਾਣੀ, ਜੋਗਿੰਦਰ ਕੌਰ, ਕੁਲਜੀਤ ਕੌਰ, ਉਰਮਿਲਾ ਜੰਗਰਾਲ, ਕਮਲਜੀਤ ਕੌਰ, ਸੁੱਖਵਿੰਦਰ ਕੌਰ, ਹਰਸਿਮਰਤ ਕੌਰ, ਜਸਪ੍ਰੀਤ ਕੌਰ ਅਤੇ ਹੋਰਾਂ ਨੇਹਾਜ਼ਰੀ ਭਰੀ। ਮੰਚ ਦਾ ਸੰਚਾਲਨ ਮਾਸਟਰ ਸੂਰਤੀ ਲਾਲ ਨੇ ਕੀਤਾ। ਐਕਸੀਅਨ ਜਸਵੰਤ ਰਾਏ ਵਲੋਂ ਹਾਜ਼ਰ ਸਰੋਤਿਆਂ ਨੂੰ ਮੁਫ਼ਤ ਲਿਟਰੇਚਰ ਭੇਂਟ ਕੀਤਾ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸੰਸਥਾ ਬੀ ਐਸ ਫੋਰ ਦਾ ਬਸਪਾ ਵਿਚ ਰਲੇਵਾਂ, ਬਸਪਾ ਰਾਜਨੀਤਿਕ ਉਲਾਰ ਵੱਲ

## ਕਾਨੂੰਗੋ ਗੋਬਿੰਦ ਸਿੰਘ ਸੈਂਕੜੇ ਸਾਥੀਆਂ ਸਮੇਤ ਬਸਪਾ ਵਿਚ ਸ਼ਾਮਿਲ





**ਹਾਜੀਪੁਰ ਮੁਕੇਰੀਆਂ–** ਬਸਪਾ ਪੰਜਾਬ ਨੇ ਚੁਪਚਪੀਤੇ ਵੱਡਾ ਐਕਸਨ ਕਰਦਿਆਂ ਮੁਕੇਰੀਆਂ ਦਸੂਆ ਟਾਂਡਾ ਵਿੱਚ ਸਰਗਰਮ ਭਾਰਤੀ ਸ਼ੋਸ਼ਿਤ ਸਮਾਜ ਸੰਘਰਸ਼ ਸੰਮਤੀ (ਬੀ ਐਸ ਫੋਰ) ਨਾਮ ਦੀ ਸੰਸਥਾ ਨੂੰ ਪਾਰਟੀ ਵਿੱਚ ਵਿਸ਼ਾਲ ਇਕੱਠ ਕਰਦਿਆਂ ਸ਼ਾਮਿਲ ਕਰ ਲਿਆ। ਇਸ ਮੌਕੇ ਤੇ ਸੰਸਥਾ ਦੇ ਪ੍ਰਧਾਨ ਕਾਨੂੰਗੋ ਗੋਬਿੰਦ ਸਿੰਘ ਸੈਂਕੜੇ ਸਾਥੀਆਂ ਸਮੇਤ ਬਸਪਾ ਵਿੱਚ ਸੂਬਾ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ, ਸ੍ਰੀ ਵਿਪੁਲ ਕੁਮਾਰ ਅਤੇ ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਦੀ ਹਾਜਰੀ ਵਿੱਚ ਸ਼ਾਮਿਲ ਹੋ ਗਏ। ਸ੍ਰੀ ਬੈਨੀਵਾਲ ਨੇ ਕਿਹਾ ਕਿ ਬਸਪਾ ਪੰਜਾਬ ਵਿੱਚ ਲਗਾਤਾਰ ਐਕਸਨ ਮੋਡ ਤੇ ਹੈ ਅਤੇ ਦੂਜੀਆਂ ਪਾਰਟੀਆਂ ਦੇ ਬਰਾਬਰ ਪੁੱਜ ਚੁੱਕੀ ਹੈ। ਸ੍ਰੀ ਵਿਪੁਲ ਕੁਮਾਰ ਨੇ ਕਿਹਾ ਪੰਜਾਬ ਵਿੱਚ ਸਰਕਾਰਾਂ ਨੇ ਪਛੜੇ ਵਰਗ ਨੂੰ ਅਣਗੌਲਿਆ ਹੋਇਆ ਹੈ ਤੇ ਅਜੇ ਤੱਕ ਮੰਡਲ ਕਮਿਸ਼ਨ ਰਿਪੋਰਟ ਲਾਗੂ ਨਹੀਂ ਹੋਈ ਹੈ। ਪੰਜਾਬ ਪ੍ਰਧਾਨ ਸਰਦਾਰ ਗੜ੍ਹੀ ਨੇ ਕਿਹਾ ਅੱਜ ਪੂਰੇ ਪੰਜਾਬ ਵਿਚੋਂ ਬਸਪਾ ਨੇ ਆਪਣਾ ਟਕਸਾਲੀ ਵਰਕਰ ਪੂਰੀ ਤਰਾਂ ਸਰਗਰਮ ਕਰ ਲਿਆ ਹੈ ਤੇ ਬਹੁਗਿਣਤੀ ਲੀਡਰ ਪਾਰਟੀ ਵਿੱਚ ਸ਼ਾਮਿਲ ਕਰਕੇ ਇਕਜੁੱਟ ਇੱਕਮੁੱਠ ਕਰ ਚੁੱਕੇ ਹਾਂ। ਉਨ੍ਹਾਂ ਕਿਹਾ ਕਿ ਬਸਪਾ ਨੇ ਸਥਾਨਿਕ ਮੁਦਿਆਂ ਉਪਰ ਪਿੱਛਲੇ ਇੱਕ ਮਹੀਨੇ ਵਿੱਚ ਸੱਤ ਵਡੀਆਂ ਰੈਲੀਆਂ ਤੇ ਰੋਸ਼ ਮਾਰਚ ਪੰਜਾਬ ਦੇ ਵੱਖ ਵੱਖ ਕੋਨਿਆਂ ਚ ਕਰਕੇ ਬਾਕੀ ਪਾਰਟੀਆਂ ਤੋਂ ਲੀਡ ਲਈ ਹੈ ਅਤੇ ਆਉਂਦੇ ਪੰਦਰਾਂ ਦਿਨਾਂ ਵਿੱਚ ਚਾਰ ਹੋਰ ਵੱਡੇ ਪ੍ਰੋਗਰਾਮ ਰੋਸ਼ ਮਾਰਚ ਦੇ ਰੂਪ ਵਿੱਚ ਕਰਾਂਗੇ। ਸ ਗੜ੍ਹੀ ਨੇ ਕਿਹਾ ਕਿ ਬਸਪਾ ਪੰਜਾਬ ਵਿੱਚ ਦਲਿਤਾਂ ਉਪਰ ਕਿਸੀ ਵੀ ਤਰ੍ਹਾ ਦਾ ਧੱਕਾ ਬਰਦਾਸਤ ਨਹੀ ਕਰੇਗੀ। ਬਸਪਾ ਕਾਂਗਰਸ ਦੇ ਹਰ ਜੁਲਮ ਦਾ



ਇਸਤੇਮਾਲ ਬਸਪਾ ਨੂੰ ਮਜਬੂਤ ਕਰਨ ਲਈ ਕਰੇਗੀ ਅਤੇ ਆਮ ਲੋਕਾਂ ਨੂੰ ਇਨਸਾਫ਼ ਦੇਣ ਲਈ ਮਜਬੂਤ ਲੜਾਈ ਲੜਦੀ ਰਹੇਗੀ ਅਤੇ 2022 ਵਿਚ ਸੱਤਾ ਵਿਚ ਆਉਣ ਦਾ ਕੰਮ ਕਰੇਗੀ।

ਇਸ ਮੌਕੇ ਕਾਨੂੰਗੋ ਗੋਬਿੰਦ ਸਿੰਘ ਨੇ ਕਿਹਾ ਕਿ ਸਾਡੀ ਸਮੁੱਚੀ ਟੀਮ ਬਸਪਾ ਦੇ ਸਿਪਾਹੀ ਬਣਕੇ ਮੁਕੇਰੀਆਂ ਅਤੇ ਨਜਦੀਕੀ ਖੇਤਰਾਂ ਵਿੱਚ ਵੱਡੇ ਪੱਧਰ ਤੇ ਬਸਪਾ ਦੀ ਜਮੀਨ ਮਜਬੂਤ ਕਰਨ ਦਾ ਕੰਮ ਕਰੇਗੀ। ਇਸ ਮੌਕੇ ਜਨਰਲ ਸਕੱਤਰ ਭਗਵਾਨ ਸਿੰਘ ਚੁਹਾਨ, ਐਡਵੋਕੇਟ ਰਣਜੀਤ ਕੁਮਾਰ, ਪਰਮਜੀਤ ਮੱਲ , ਮਹਿੰਦਰ ਸੰਦਰਾ, ਮਨਿੰਦਰ ਸਿੰਘ ਸ਼ੇਰਪੁਰੀ, ਦਰਸ਼ਨਾਂ ਦੇਵੀ, ਕਰਮਜੀਤ ਸੰਧੂ, ਹੰਸ ਰਾਜ, ਰਾਮਦਾਸ, ਪ੍ਰਿੰਸੀਪਲ ਦੇਵ ਰਾਜ, ਐਡਵੋਕੇਟ ਕੇਵਲ ਸਿੰਘ ਗੇਰਾ, ਗੁਰਮੀਤ ਬਧਨ, ਸਰਪੰਚ ਜਗਮੋਹਨ ਸਿੰਘ, ਭਗਵਾਨ ਸਿੰਘ ਖਾਨਪੁਰੀ, ਚਮਨ ਲਾਲ, ਸਤਿੰਦਰ ਸਿੰਘ, ਤਰਸੇਮ ਲਾਲ, ਖੁਸ਼ਹਾਲ ਚੰਦ, ਧਰਮ ਪਾਲ, ਸਲਿਗਰਾਮ, ਸੂਬੇਦਾਰ ਦਰਸ਼ਨ ਸਿੰਘ, ਰਾਜੂ ਹਰਚੰਦ, ਤਰਸੇਮ ਲਾਲ ਹਰਚੰਦ, ਚਮਨ ਸਿੰਘ, ਨੰਬਰਦਾਰ ਸਵਰਨ ਦਾਸ, ਐਡਵੋਕੇਟ ਨਿਰਮਲ ਚੰਦ, ਨੰਬਰਦਾਰ ਜੋਗਿੰਦਰ ਪਾਲ, ਮੈਨੇਜਰ ਰਾਮ ਪ੍ਰਸਾਦ, ਮੈਨੇਜਰ ਸੁਰਿੰਦਰ ਲਾਲ, ਆਦਿ ਵੱਡੀ ਗਿਣਤੀ ਵਿਚ ਸਮਾਜਿਕ ਆਗੂ ਹਾਜਿਰ ਸਨ ਜੋ ਪਾਰਟੀ ਵਿਚ ਸ਼ਾਮਿਲ ਹੋਏ।


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri
9:00 AM
to 6:00 PM
Saturday
9:00 AM to
5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਸਕਾਟਲੈਂਡ ਦੇ ਪੰਜਾਬੀਆਂ ਵੱਲੋਂ ਕਿਸਾਨਾਂ ਦੇ ਹੱਕ 'ਚ ਭਾਰਤ ਸਰਕਾਰ ਖਿਲਾਫ਼ ਰੋਸ ਪ੍ਰਦਰਸ਼ਨ



**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਭਾਰਤ ਸਰਕਾਰ ਵੱਲੋਂ ਖੇਤੀ ਖੇਤਰ ਨਾਲ ਸੰਬੰਧਤ ਜ਼ਬਰੀ ਥੋਪੇ ਗਏ 3 ਕਾਨੂੰਨਾਂ ਖਿਲਾਫ਼ ਦੇਸ਼ ਵਿਦੇਸ਼ ਵਿੱਚ ਰੋਸ ਪ੍ਰਦਰਸ਼ਨ ਹੋ ਰਹੇ ਹਨ। ਕਿਸਾਨੀ ਦੇ ਹੱਕ ਵਿੱਚ ਅਤੇ ਭਾਰਤ ਸਰਕਾਰ ਦੇ ਜ਼ਿੱਦੀ ਰਵੱਈਏ ਖਿਲਾਫ਼ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸਕਾਟਲੈਂਡ ਦੇ ਸਹਿਰ ਗਲਾਸਗੋ ਵਿਖੇ ਵੀ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਸੈਂਟਰਲ ਗੁਰਦੁਆਰਾ ਸਿੰਘ ਸਭਾ ਦੇ ਬਾਹਰ ਹੋਏ ਇਸ ਪ੍ਰਦਰਸ਼ਨ ਦੌਰਾਨ ਸਰਵ ਸ੍ਰੀ ਸੁਰਜੀਤ ਸਿੰਘ ਚੌਧਰੀ, ਦਲਜੀਤ ਸਿੰਘ ਦਿਲਬਰ, ਡਾ: ਇੰਦਰਜੀਤ ਸਿੰਘ, ਗੁਰਦਿਆਲ ਸਿੰਘ, ਪਰਮਜੀਤ ਸਿੰਘ ਬਾਸੀ, ਅਵਤਾਰ ਸਿੰਘ, ਜਸਪਾਲ ਸਿੰਘ ਖਹਿਰਾ, ਗੁਰਦਿਆਲ ਸਿੰਘ ਬਾਰੀ, ਨਿਰੰਜਣ ਸਿੰਘ ਬਿਨਿੰਗ, ਸੰਤੋਖ ਸਿੰਘ ਸੋਹਲ, ਦਿਲਬਾਗ ਸਿੰਘ ਸੰਧੂ, ਗੁਰਦੀਪ ਸਿੰਘ ਸਮਰਾ, ਤਰ-ਲੋਚਨ ਸਿੰਘ ਤੇ ਇੰਦਰਜੀਤ ਲੀਡਰ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਸਚਮੁੱਚ ਹੀ ਕਿਸਾਨਾਂ ਦਾ ਭਲਾ ਚਾਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਕਿਸਾਨਾਂ ਦੇ ਵਿਚਾਰ ਜਰੂਰ ਜਾਨਣੇ ਚਾਹੀਦੇ ਹਨ। ਤਾਨਾਸ਼ਾਹੀ ਰਵੱਈਏ ਨਾਲ ਜ਼ਬਰੀ ਕਾਨੂੰਨ ਥੋਪ ਕੇ ਕਿਸਾਨੀ ਦਾ ਨਹੀਂ ਸਗੋਂ ਕਾਰਪੋਰੇਟ ਘਰਾਣਿਆਂ ਦਾ ਭਲਾ ਕੀਤਾ ਜਾ ਰਿਹਾ ਹੈ। ਇਹ ਰੋਸ ਪ੍ਰਦਰਸ਼ਨ ਦੌਰਾਨ ਸੈਂਟਰਲ ਗੁਰਦੁਆਰਾ ਸਿੰਘ ਸਾਹਿਬ ਗਲਾਸਗੋ, ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਲਾਸਗੋ, ਪੰਜਾਬੀ ਸਾਹਿਤ ਸਭਾ ਗਲਾਸਗੋ, ਸਕੌਟਿਸ਼ ਇੰਡੀਅਨ ਫਾਰ ਜਸਟਿਸ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਲਾਸਗੋ, ਸਕਾਟਲੈਂਡ ਸਿੱਖ ਕੌਂਸਲ, ਗੁਰੂ ਰਵਿਦਾਸ ਕਮਿਊਨਿਟੀ ਸਕਾਟਲੈਂਡ, ਡਾ: ਅੰਬੇਡਕਰ ਮਿਸ਼ਨ ਸੁਸਾਇਟੀ ਗਲਾਸਗੋ ਤੇ ਇੰਡੀਅਨ ਸਟੂਡੈਂਟਸ ਐਸੋਸੀਏਸ਼ਨ ਸਕਾਟਲੈਂਡ ਆਦਿ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਸੀ। ਬੁਲਾਰਿਆਂ ਨੇ ਅੰਦੋਲਨਕਾਰੀ ਕਿਸਾਨ ਮਜ਼ਦੂਰ ਜੱਥੇਬੰਦੀਆਂ ਨੂੰ ਸੁਚੱਜੇ ਤੇ ਸੁਚੇਤ ਰੂਪ 'ਚ ਚਲਾਏ ਜਾ ਰਹੇ ਸੰਘਰਸ਼ ਨੂੰ ਨਿਰੰਤਰ ਗਰਮਜੋਸ਼ੀ ਨਾਲ ਜਾਰੀ ਰੱਖਣ ਤੇ ਸਰਕਾਰੀ ਲੂੰਬੜ ਚਾਲਾਂ ਤੋਂ ਬਚਣ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਬੇਸ਼ੱਕ ਉਹ ਵਿਦੇਸ਼ਾਂ ਦੀ ਧਰਤੀ 'ਤੇ ਹਨ ਪਰ ਪਲ ਪਲ ਮਾਨਸਿਕ ਤੌਰ 'ਤੇ ਇਸ ਸੰਘਰਸ਼ ਦਾ ਹਿੱਸਾ ਬਣੇ ਹੋਏ ਹਨ। ਇਸ ਸਮੇਂ ਗੁਰਦੇਵ ਸਿੰਘ, ਇੰਦਰਜੀਤ ਸਿੰਘ ਖਹਿਰਾ, ਮਨਜੀਤ ਸਿੰਘ ਗਿੱਲ, ਰਣਜੀਤ ਸਿੰਘ ਸੰਘਾ, ਦਰਸ਼ਨ ਸਿੰਘ, ਜਿੰਦਰ ਸਿੰਘ ਚਾਹਲ, ਹਰਪਾਲ ਸਿੰਘ ਖਾਲਸਾ, ਕਵਲਦੀਪ ਸਿੰਘ, ਗੁਰਨਾਮ ਸਿੰਘ, ਸ੍ਰੀਮਤੀ ਦਿਲਜੀਤ ਕੌਰ ਦਿਲਬਰ, ਸ੍ਰੀਮਤੀ ਅਮਰਜੀਤ ਕੌਰ, ਕਮਲਜੀਤ ਸਿੰਘ ਭੁੱਲਰ ਆਦਿ ਸਮੇਤ ਭਾਰੀ ਗਿਣਤੀ ਵਿੱਚ ਭਾਈਚਾਰੇ ਦੇ ਲੋਕ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

# ਕੈਨੇਡਾ ਵਿਖੇ ਹੋਪ ਵੇਲਫੇਅਰ ਸੋਸਾਇਟੀ ਨੇ ਕੀਤੀ ਕੱਚਿਆਂ ਨੂੰ ਪੱਕਿਆਂ ਕਰਨ ਦੀ ਮੰਗ, ਇਮੀਗ੍ਰੇਸ਼ਨ ਵਿਭਾਗ ਦੇ ਦਫਤਰ ਬਾਹਰ ਕੀਤਾ ਮੁਜ਼ਾਹਰਾ




**ਨਿਊਯਾਰਕ/ਵੈਨਕੂਵਰ (ਰਾਜ ਗੋਗਨਾ/ ਕੁਲਤਰਨ ਸਿੰਘ ਪਧਿਆਣਾ)–** ਬੀਤੇ ਦਿਨ ਕੈਨੇਡਾ ਵਿਖੇ ਕੱਚੇ ਲੋਕਾਂ ਲਈ ਕੰਮ ਕਰਦੀ ਸੰਸਥਾ ਹੋਪ ਵੇਲਫੇਅਰ ਸੋਸਾਇਟੀ(ੌਪਏ ੱਇਲਾਅਰਏ ੌਚਇਟੇ) ਨੇ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ ਤੋਂ ਮੰਗ ਕੀਤੀ ਹੈ ਕਿ ਉਹ ਕੱਚੇ ਕੈਨੇਡੀਅਨਾਂ ਨੂੰ ਪੱਕਿਆਂ ਕਰਨ ਲਈ ਜ਼ਰੂਰੀ ਕਦਮ ਚੁੱਕਣ ,ਇਸ ਬਾਬਤ ਉਨ੍ਹਾਂ ਇੱਕ ਪਟੀਸ਼ਨ ਵੀ ਤਿਆਰ ਕੀਤੀ ਹੈ ਜਿਸ ਉਪਰ 30000 ਤੋਂ ਵੱਧ ਜਣਿਆਂ ਵੱਲੋਂ ਦਸਤਖ਼ਤ ਕੀਤੇ ਜਾ ਚੁੱਕੇ ਹਨ । ਇਸ ਸੰਸਥਾ ਵੱਲੋਂ ਲੰਘੇ ਸ਼ੁੱਕਰਵਾਰ ਨੂੰ ਵੈਨਕੂਵਰ ਦੇ ਇਮੀ-ਗ੍ਰੇਸ਼ਨ ਵਿਭਾਗ ਦੇ ਦਫਤਰ ਦੇ ਬਾਹਰ ਇੱਕ ਮੁਜ਼ਾਹਰਾ ਵੀ ਕੀਤਾ ਗਿਆ ਹੈ ਜਿਸ ਵਿੱਚ ਉਨਾਂ ਕੈਨੇਡਾ ਰਹਿ ਰਹੇ ਸਾਰੇ ਹੀ ਕੱਚਿਆਂ ਨੂੰ ਜਿਸ ਵਿੱਚ ਰਿਫਿਊਜੀ, ਵਰਕ ਪਰਮਿਟ, ਸਟੂਡੈਂਟਸ ਜਾਂ ਹੋਰ ਕੈਟੀਗਰਰੀਜ਼ ਆਉਂਦੀਆਂ ਹਨ ਨੂੰ ਪੱਕਿਆਂ ਕਰਨ ਦੀ ਮੰਗ ਕੀਤੀ ਹੈ ਮੁਜਾਹਰਾਕਾਰੀਆਂ ਨੇ ਆਖਿਆ ਹੈ ਕਿ ਉਹਨਾਂ ਨੂੰ ਕੋਵਿਡ ਕਰਕੇ ਉਨਾਂ ਨੂੰ ਕੰਮ ਲੱਭਣ ਤੇ ਜ਼ਿੰਦਗੀ ਜਿਊਣ ਲਈ ਬੁਨਿਆਦੀ ਸਹੂਲਤਾਂ ਲੈਣ ਵਿੱਚ ਔਕੜਾਂ ਪੇਸ਼ ਆ ਰਹੀਆਂ ਹਨ ਇਸ ਲਈ ਕੈਨੇਡਾ ਸਰਕਾਰ ਉਨਾਂ ਨੂੰ ਪੱਕਿਆਂ ਕਰਨ ਲਈ ਜ਼ਰੂਰੀ ਕਦਮ ਚੁੱਕੇ, ਇਥੇ ਦੱਸਣਾ ਬਣਦਾ ਹੈ ਕਿ ਇਹ ਸੰਸਥਾ ਜਿਸ ਵਿੱਚ ਜ਼ਿਆਦਾਤਰ ਪੰਜਾਬੀ ਹੀ ਹਨ ਨੇ ਪਹਿਲਾਂ ਕੈਨੇਡਾ ਦੇ ਹੋਰ ਸ਼ਹਿਰਾਂ ਚ ਵੀ ਇਹੋ ਜਿਹੇ ਮੁਜ਼ਾਹਰੇ ਕੀਤੇ ਹਨ ।

# ਸ. ਕੰਵਲਜੀਤ ਸਿੰਘ ਬਖਸ਼ੀ ਅਤੇ ਡਾ. ਪਰਮਜੀਤ ਕੌਰ ਪਰਮਾਰ ਦੇ ਸੰਸਦੀ ਸਫਰ ਨੂੰ ਤਿੰਨ ਸਾਲ ਦੀ ਬ੍ਰੇਕ

ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਦੇ ਹੱਕ ਵਿਚ ਵਗੀ ਹਨ੍ਹੇਰੀ ਨੇ ਜਿੱਥੇ ਉਸਨੂੰ ਦੂਜੀ ਵਾਰ ਪ੍ਰਧਾਨ ਮੰਤਰੀ ਬਣਾ ਦਿੱਤਾ ਹੈ ਉਥੇ 3 ਦਰਜਨਾਂ ਤੋਂ ਵੱਧ ਨਵੇਂ ਐਮ.ਪੀ. ਬਣ ਗਏ ਹਨ ਅਤੇ ਕਈਆਂ ਨੂੰ ਸਾਲਾਂ ਬਾਅਦ ਜਾਣਾ ਪਿਆ ਹੈ।

ਸ. ਕੰਵਲਜੀਤ ਸਿੰਘ ਬਖਸ਼ੀ ਨੇ ਬਨਣਾ ਸੀ ਪੰਜਵੀ ਵਾਰ ਸਾਂਸਦ: ਨਿਊਜ਼ੀਲੈਂਡ ਦੀ 49ਵੀਂ ਸੰਸਦ ਦੇ ਵਿਚ ਨੈਸ਼ਨਲ ਪਾਰਟੀ ਵੱਲੋਂ ਪਹਿਲੀ ਵਾਰ ਇਕ ਦਸਤਾਰਧਾਰੀ ਸਿੱਖ ਸ. ਕੰਵਲਜੀਤ ਸਿੰਘ ਬਖਸ਼ੀ (59) ਨੇ ਪੈਰ ਧਰਿਆ ਸੀ ਅਤੇ ਹੁਣ ਉਹ ਲਗਾਤਾਰ ਪੰਜਵੀਂ ਵਾਰ ਇਸ ਪਾਰਲੀਮੈਂਟ ਦੇ ਵਿਚ ਲਿਸਟ ਐਮ. ਪੀ. (ਮਿਕਸਡ ਮੈਂਬਰ ਪ੍ਰੋਪੇਸ਼ਨਲ) ਦੇ ਤੌਰ 'ਤੇ ਪਹੁੰਚਣ ਦੀ ਤਿਆਰੀ ਵਿਚ ਸਨ ਪਰ ਮਾਣਯੋਗ ਪ੍ਰਧਾਨ ਮੰਤਰੀ ਜੈਸਿੰਡਾ ਦੇ ਹੱਕ ਵਿਚ ਆਈ ਹਨ੍ਹੇਰੀ ਨੇ ਉਨ੍ਹਾਂ ਨੂੰ ਪਾਰਲੀਮੈਂਟ ਦੀ ਸੀਟ ਤੋਂ ਕਾਫੀ ਦੂਰ ਕਰ ਦਿੱਤਾ। ਇਸ ਹਨ੍ਹੇਰੀ ਨੇ 40 ਦੇ ਕਰੀਬ ਨਵੇਂ ਮੈਂਬਰ ਪਾਰਲੀਮੈਂਟ ਬਣਾ ਦਿੱਤੇ ਪਰ ਤਿੰਨ ਦਹਾਕਿਆਂ ਤੱਕ ਦੇ ਸਾਂਸਦ ਬਾਹਰ ਕਰ ਦਿੱਤੇ।

ਮਾਣ ਰਹੇਗਾ: ਨਵੀਂ ਦਿਲੀ ਵਿਖੇ ਪੈਦਾ ਹੋਏ ਸ. ਬਖਸ਼ੀ ਦੀ ਸਤਿਕਾਰਯੋਗ ਪਿਤਾ ਸ. ਜਗਦੇਵ ਸਿੰਘ ਬਖਸ਼ੀ ਵੀ ਰਾਜਨੀਤਕ ਆਗੂ ਸਨ। ਸ. ਕੰਵਲਜੀਤ ਸਿੰਘ ਬਖਸ਼ੀ ਨੇ ਦਸੰਬਰ 2008 ਦੇ ਵਿਚ ਪਾਰਲੀਮੈਂਟ ਸ਼ੈਸ਼ਨ ਦੇ ਵਿਚ ਪਹਿਲੀ ਵਾਰ ਦਿੱਤੇ ਭਾਸ਼ਣ ਵਿਚ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਫਤਹਿ' ਗਜਾਈ ਸੀ। ਭਾਸ਼ਣ ਦੇ ਅੰਤ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਵਚਨ 'ਬੇਗਮਪੁਰਾ ਸਹਰ ਕੋ ਨਾਓ' ਦੇ ਨਾਲ ਸਮਾਪਤੀ ਕਰਦਿਆਂ ਨਿਊਜ਼ੀਲੈਂਡ ਨੂੰ ਅਜਿਹਾ ਦੇਸ਼ ਮੰਨਿਆ ਸੀ ਜਿੱਥੇ ਕੋਈ ਦੁੱਖ ਅਤੇ ਚਿੰਤਾ ਨਹੀਂ ਹੈ। ਉਨ੍ਹਾਂ ਦੇ ਉਦਮ ਸਦਕਾ ਪਹਿਲੀ ਵਾਰ ਪਾਰਲੀਮੈਂਟ ਦੇ ਵਿਚ ਵਿਸਾਖੀ ਮਨਾਈ ਗਈ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਾਗਮ ਕੀਤਾ ਗਿਆ। ਸ. ਬਖਸ਼ੀ ਹੁਣ ਤੱਕ ਪਾਰਟੀ ਵੋਟ ਦੇ ਅਧਾਰ ਉਤੇ ਲਿਸਟ ਐਮ. ਪੀ. ਬਣਦੇ ਆਏ ਸਨ ਉਂਝ ਉਹ ਵੋਟਾਂ ਦੇ ਲਈ ਵੀ ਉਮੀਦਵਾਰ ਹੁੰਦੇ ਹਨ ਪਰ ਵੋਟਾਂ ਦੇ ਅਧਾਰ ਉਤੇ ਬਹੁਤ ਫਰਕ ਰਹਿ ਜਾਂਦਾ ਰਿਹਾ ਹੈ। ਪਹਿਲੀ ਵਾਰ ਉਨ੍ਹਾਂ ਨੂੰ ਪਾਰਟੀ ਰੈਕਿੰਗ ਦੇ ਵਿਚ ਨੰਬਰ 38 ਉਤੇ ਰੱਖਿਆ ਗਿਆ ਸੀ, ਉਸ ਤੋਂ ਬਾਅਦ ਉਹ ਅਗਲੀਆਂ ਚੋਣਾਂ ਵਿਚ ਉਪਰ ਜਾਂਦੇ ਰਹੇ ਅਤੇ ਇਸ ਵਾਰ 24ਵੇਂ ਨੰਬਰ ਉਤੇ ਸਨ। ਸ. ਬਖਸ਼ੀ ਨੂੰ ਇਸ ਵਾਰ 3148 ਵੋਟਾਂ ਪਈਆਂ ਜਦ ਕਿ ਉਨ੍ਹਾਂ ਦੇ ਪੈਨਮਿਊਰ-ਉਟਾਹੂਹੂ ਹਲਕੇ ਦੀ ਜੇਤੂ ਉਮੀਦਵਾਰ ਜੈਨੀ ਸਾਲੇਸਾ ਨੂੰ 16251 ਵੋਟਾਂ ਪਈਆਂ। ਸ. ਬਖਸ਼ੀ ਨੇ ਸਮੁੱਚੀ ਭਾਰਤੀ ਕਮਿਊਨਿਟੀ ਦਾ ਧੰਨਵਾਦ ਕੀਤਾ ਹੈ।



**ਡਾ. ਪਰਮਜੀਤ ਕੌਰ ਪਰਮਾਰ ਨੇ ਪਹੁੰਚਣਾ ਸੀ ਤੀਜੀ ਵਾਰ:**

2014 ਦੀਆਂ ਆਮ ਚੋਣਾਂ ਦੇ ਵਿਚ ਨੈਸ਼ਨਲ ਪਾਰਟੀ ਵੱਲੋਂ ਪਹਿਲੀ ਵਾਰ ਡਾ. ਪਰਮਜੀਤ ਕੌਰ ਪਰਮਾਰ (50) ਨੇ ਲਿਸਟ ਐਮ. ਪੀ. ਵਜੋਂ ਆਪਣਾ ਦਾਖਲਾ ਸੁਨਿਸ਼ਤ ਕੀਤਾ ਸੀ। ਇਸ ਤੋਂ ਬਾਅਦ 2017 ਦੀਆਂ ਚੋਣਾਂ ਦੇ ਵਿਚ ਫਿਰ ਦੁਬਾਰਾ ਉਹ ਲਿਸਟ ਸੰਸਦੀ ਮੈਂਬਰ ਚੁਣੇ ਗਏ। 2013 ਦੇ ਵਿਚ ਇਹ ਫੈਮਿਲੀ ਕਮਿਸ਼ਨ ਦੀ ਮੈਂਬਰ ਬਣੀ। ਦੋ ਵਾਰ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀਆਂ ਨਾਲ ਇੰਡੀਆ ਗਈ। ਡਾ. ਪਰਮਜੀਤ ਪਰਮਾਰ ਨੇ ਇਥੇ ਨਿਊਰੋਸਾਇੰਸ (ਤੰਤੂ ਵਿਗਿਆਨ) ਦੇ ਵਿਚ ਪੀ. ਐਚ. ਡੀ. ਕੀਤੀ ਹੋਈ ਹੈ ਅਤੇ ਇਕ ਸਾਇੰਸਦਾਨ ਵੱਜੋਂ ਵੀ ਕੰਮ ਕੀਤਾ ਹੈ। ਅੱਜ ਆਮ ਚੋਣਾਂ 2020 ਦੇ ਆਏ ਨਤੀਤਿਆਂ ਅਨੁਸਾਰ ਡਾ. ਪਰਮਜੀਤ ਪਰਮਾਰ ਤੀਜੀ ਵਾਰ ਪਾਰਲੀਮੈਂਟ ਦੇ ਵਿਚ ਲਿਸਟ ਐਮ. ਪੀ. ਵਜੋਂ ਪਹੁੰਚ ਗਏ ਹਨ। ਲਿਸਟ ਰੈਂਕਿੰਗ ਦੇ ਵਿਚ ਉਨ੍ਹਾਂ ਦਾ 27ਵਾਂ ਸਥਾਨ ਸੀ। ਡਾ. ਪਰਮਾਰ ਨੂੰ 6638 ਵੋਟਾਂ ਪਈਆਂ ਜਦ ਕਿ ਉਨ੍ਹਾਂ ਦੇ ਹਲਕੇ ਮਾਊਂਟ ਰੌਸਕਿਲ ਤੋਂ ਲੇਬਰ ਪਾਰਟੀ ਦੇ ਉਮੀਦਵਾਰ ਮਾਈਕਲ ਵੁੱਡ ਨੂੰ 14680 ਵੋਟਾਂ ਪਈਆਂ। ਜੈਸਿੰਡਾ ਦੀ ਹਨ੍ਹੇਰੀ ਦੇ ਵਿਚ ਇਹ ਵੀ ਸਾਂਸਦ ਵਾਲੀ ਹਰੀ ਕੁਰਸੀ ਤੋਂ ਕਾਫੀ ਦੂਰ ਚਲੇ ਗਏ ਹਨ।

ਦੋਹਾਂ ਨੇਤਾਵਾਂ ਦੇ ਸੰਸਦੀ ਸਫਰ ਨੂੰ ਤਿੰਨ ਸਾਲ ਦੀ ਬ੍ਰੇਕ ਮਿਲ ਚੁੱਕੀ ਹੈ। ਇਸ ਵਾਰ ਇਨ੍ਹਾਂ ਦੇ ਵਾਰੇ ਨਿਆਰੇ ਨਹੀਂ ਹੋ ਸਕੇ। ਕਈ ਲੋਕਾਂ ਨੇ ਚੁੱਟਕੀ ਲੈਂਦਿਆਂ ਇਹ ਵੀ ਕਿਹਾ ਹੈ ਕਿ ਹੁਣ ਥੋੜ੍ਹਾ ਆਰਾਮ ਵੀ ਕਰ ਲੈਣ।

ਨੈਸ਼ਨਲ ਦੀ ਪ੍ਰਧਾਨ ਜੂਠਿਥ ਨੇ ਆਪਣੇ ਜੇਤੂ ਭਾਸ਼ਣ ਵਿਚ ਕਿਹਾ ਸੀ ਕਿ ਉਨ੍ਹਾਂ ਦੀ ਅਗਲੀਆਂ ਚੋਣਾਂ ਦੀ ਕੰਪੇਨ ਵੋਟਾਂ ਦੇ ਅਗਲੇ ਦਿਨ ਤੋਂ ਸ਼ੁਰੂ ਹੋ ਜਾਣੀ ਹੈ। ਉਨ੍ਹਾਂ ਕਿਹਾ ਸੀ ਕਿ ਨੈਸ਼ਨਲ ਦੁਬਾਰਾ ਆਵੇਗੀ। ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਹ ਦੋਵੇਂ ਨੇਤਾ ਰਾਜਨੀਤੀ ਦੇ ਵਿਚ ਕਿੰਨਾ ਕੁ ਸਰਗਰਮ ਰਹਿੰਦੇ ਹਨ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


# ਸੰਵਿਧਾਨਕ ਅਹੁਦੇ ਦੀਆਂ ਧੱਜੀਆਂ ਉਡਾਉਂਦੀ ਹੋਈ ਪੰਜਾਬ ਸਰਕਾਰ - ਮਲਕੀਤ ਚੁੰਬਰ



**ਫਗਵਾੜਾ (ਬੀ.ਕੇ.ਰੱਤੂ)–** ਅੱਜ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦਾ ਆਮ ਅਜਲਾਸ ਕਿਸਾਨਾਂ ਦੇ ਹੱਕ ਵਿੱਚ ਬਿੱਲ ਪਾਸ ਕਰਨ ਲਈ 2 ਦਿਨਾ ਅਜਲਾਸ ਸੱਦਿਆ ਗਿਆ ਸੀ ਜਿਸ ਵਿੱਚ ਹਰ ਪਾਰਟੀ ਦੇ ਲੋਕ ਤੰਤਰ ਤਰੀਕੇ ਨਾਲ ਚੁਣੇ ਗਏ ਐਮ ਐਲ ਏ ਨੂੰ ਵਿਧਾਨ ਸਭਾ ਵਿੱਚ ਆਪਣੀ ਗੱਲ ਰੱਖਣ ਦਾ ਸੰਵਿਧਾਨਕ ਅਧਿਕਾਰ ਹੈ ਜੋ ਪੰਜਾਬ ਸਰਕਾਰ ਨੇ ਸੰਵਿਧਾਨ ਦੀਆਂ ਧੱਜੀਆਂ ਉਡਾਉਂਦੇ ਹੋਏ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦੇ ਐਮ ਐਲ ਏ ਨੂੰ ਅੰਦਰ ਬਿੱਲ ਦੀਆਂ ਕਾਪੀਆਂ ਨਾ ਦੇ ਕੇ ਇਹ ਸਿਧ ਕਰ ਦਿੱਤਾ ਇਹਨਾਂ ਨੇ ਕਰਨਾ ਕੁੱਝ ਨਹੀਂ ਹੈ ਸਿਰਫ ਪਬਲੀਸਿਟੀ ਸਟੰਟ ਵਾਸਤੇ ਗਰੀਬਾਂ ਕਿਸਾਨਾਂ ਦੇ ਨਾਂ ਉਤੇ ਰਾਜਨੀਤੀ ਕਰਨੀ ਅਕਾਲੀ ਦਲ ਦੇ ਐਮ ਐਲ ਏ ਨੂੰ ਵਿਧਾਨ ਸਭਾ ਅੰਦਰ ਨਾ ਜਾਣ ਦੇਣਾ ਕਈ ਕੁੱਝ ਬਿਆਨ ਕਰਦਾ ਹੈ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਇਹ ਕਹਿੰਦਾ ਸੀ ਕਿ ਅਸੀਂ ਕਿਸਾਨਾਂ ਦੇ ਹੱਕ ਵਿੱਚ ਹਾਂ ਤਾਂ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਐਮ ਐਲ ਏ ਨੂੰ ਰੋਕਣਾ ਉਹਨਾਂ ਦਾ ਇਹ ਫੈਸਲਾ ਗੈਰ ਸੰਵਿਧਾਨਿਕ ਹੈ ਅਤੇ ਸੰਵਿਧਾਨ ਦੇ ਹਿਸਾਬ ਨਾਲ ਚੁਣੇ ਗਏ ਐਮ ਐਲ ਏ ਆਪਣੀ ਗੱਲ ਕਹਿਣ ਲਈ ਵਿਧਾਨ ਸਭਾ ਦੇ ਅੰਦਰ ਗੱਲ ਰੱਖਣ ਤੋ ਕੋਈ ਵੀ ਰੋਕ ਨਹੀਂ ਸਕਦਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਰੋਕ ਲਗਾ ਕੇ ਗੈਰ ਕਾਨੂੰਨੀ ਢੰਗ ਨਾਲ ਕੰਮ ਕੀਤਾ ਹੈ ਮੈਂ ਸਰਕਾਰ ਦੇ ਇਸ ਰਵੱਈਏ ਦੀ ਨਿੰਦਾ ਕਰਦਾ ਹਾਂ ਅਤੇ ਰਾਸਟਪਤੀ ਤੋ ਮੰਗ ਕਰਦਾ ਹਾਂ ਕਿ ਪੰਜਾਬ ਸਰਕਾਰ ਨੂੰ ਤੁਰੰਤ ਭੰਗ ਕੀਤਾ ਜਾਵੇ।


## 'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

### ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com www.ambedkartimes.com

# ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਦੀ ਉਸਾਰੀ ਸਬੰਧੀ ਹੋਈ ਮੀਟਿੰਗ

## ਉਸਾਰੀ ਕਾਰਜ ਲਗਾਤਾਰ ਚੱਲਦੇ ਰਹਿਣਗੇ - ਪ੍ਰਬੰਧਕ ਕਮੇਟੀ

**ਫਗਵਾੜਾ (ਬੀ.ਕੇ.ਰੱਤੂ)–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਜੀਟੀ ਰੋਡ ਚੱਕ ਹਕੀਮ ਵਿਖੇ ਚੱਲ ਰਹੇ ਉਸਾਰੀ ਕਾਰਜਾਂ ਸਬੰਧੀ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵਲੋਂ ਮੀਟਿੰਗ ਕੀਤੀ ਗਈ। ਮੰਦਿਰ ਵਿਖੇ ਵਿਸ਼ਾਲ ਦਰਸਨੀ ਡਿਓੜੀ ਦੀ ਉਸਾਰੀ ਚੱਲ ਰਹੀ ਹੈ ਜਿਸ ਦੇ ਇੱਕ ਪਾਸੇ ਦੀ ਉਸਾਰੀ ਨੂੰ ਲਗਭਗ ਪਿਛਲੇ ਦਿਨੀਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਦੇ ਯਤਨਾਂ ਸਦਕਾ ਨੇਪਰੇ ਚਾੜ੍ਹਿਆ ਗਿਆ ਤੇ ਹੁਣ ਦੂਜੇ ਪਾਸੇ ਦੀ ਉਸਾਰੀ ਆਉਣ ਵਾਲੇ ਕੁੱਝ ਦਿਨਾਂ ਵਿੱਚ ਸ਼ੁਰੂ ਕੀਤੀ ਜਾ ਰਹੀ ਹੈ।

ਜਿਸ ਵਿੱਚ ਵਿਸ਼ਾਲ ਦਰਸਨੀ ਡਿਓੜੀ ਅਤੇ ਵਿਸ਼ਾਲ ਦੀਵਾਨ ਹਾਲ ਦੇ ਸਾਂਝੇ ਬ੍ਰਾਂਡੇ ਦਾ ਲੈਂਟਰ ਪਾਇਆ ਜਾਵੇਗਾ ਅਤੇ ਦਰਸਨੀ ਡਿਓੜੀ ਦੇ ਵੱਡੇ ਅਤੇ ਛੋਟੇ ਬੁੰਗੇ ਨੂੰ ਤਿਆਰ ਕਰਕੇ ਲੈਂਟਰ ਪਾਇਆ ਜਾਵੇਗਾ ਆਦਿ । ਸਮੂਹ ਅਹੁਦੇਦਾਰਾਂ ਨੇ ਦੱਸਿਆ ਕਿ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਵਿਖੇ ਵੱਡੇ ਪੱਧਰ ਤੇ ਵਿਸ਼ਾਲ ਦਰਸਨੀ ਡਿਓੜੀ ਦੀ ਜੋ ਉਸਾਰੀ ਚੱਲ ਰਹੀ ਹੈ ਉਸ ਨੂੰ ਤਕਨੀਕੀ ਮਾਹਿਰਾਂ ਦੇ ਨਾਲ ਸਲਾਹ ਮਸ਼ਵਰਾ ਕਰਕੇ ਵੱਖ ਵੱਖ ਹਿੱਸਿਆਂ ਵਿੱਚ ਵੰਡ ਕੇ ਕੀਤਾ ਜਾਂਦਾ ਹੈ। ਇਥੇ ਇਹ ਵੀ ਜਿਕਰਯੋਗ ਹੈ ਕਿ ਪ੍ਰਬੰਧਕ ਕਮੇਟੀ ਵਲੋਂ ਕੋਰੋਨਾ ਮਹਾਮਾਰੀ ਦੇ ਚੱਲਦਿਆ ਲਾਕਡਾਉਨ ਦੌਰਾਨ ਵੱਡੇ ਪੱਧਰ ਤੇ ਲਗਾਤਾਰ ਰੋਜਾਨਾ ਲੰਬਾ ਸਮਾਂ ਲੋੜਵੰਦਾਂ ਤੱਕ ਗੁਰੂ ਕੇ ਲੰਗਰ ਪਹੁੰਚਾਉਣ ਦੀਆਂ ਸੇਵਾਵਾਂ ਨਿਭਾਈਆਂ। ਪ੍ਰਬੰਧਕ ਕਮੇਟੀ ਨੇ ਕਿਹਾ ਕਿ ਅੱਗੇ ਤੋਂ ਵੀ ਕਮੇਟੀ ਉਸਾਰੀ ਕਾਰਜਾਂ ਦੇ ਨਾਲ ਨਾਲ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਅੱਗੇ ਹੋ ਕੇ ਕੰਮ ਕਰਦੀ ਰਹੇਗੀ।

ਇਸ ਮੌਕੇ ਪ੍ਰਧਾਨ ਐਡਵੋਕੇਟ ਸ਼ਰਧਾ ਰਾਮ, ਉੱਪ ਪ੍ਰਧਾਨ ਦਵਿੰਦਰ ਕੁਲਥਮ, ਜਨਰਲ ਸਕੱਤਰ ਅਸ਼ੋਕ ਭਾਟੀਆ, ਖਜਾਨਚੀ ਜਗਨ ਨਾਥ ਕੈਲੇ, ਪ੍ਰਚਾਰ ਸਕੱਤਰ ਸੀਟੂ ਬਾਈ, ਲੰਗਰ ਇੰਚਾਰਜ ਕਿਸ਼ਨ ਦਾਸ ਛਿੰਦੀ ਤੋਂ ਇਲਾਵਾ ਸੀਨੀਅਰ ਮੈਂਬਰ ਰਜਿੰਦਰ ਕੁਮਾਰ, ਯਸ਼ ਬਰਨਾ, ਗੁਰਬਚਨਾ ਰਾਮ ਅਤੇ ਮਕਬੂਲ ਆਦਿ ਹਾਜ਼ਰ ਸਨ।

# ਨਿਊਜ਼ੀਲੈਂਡ ਦੀ 53ਵੀ ਪਾਰਲੀਮੈਂਟ ਦੇ ਵਿਚ ਇਸ ਵਾਰ ਪਹੁੰਚੇ 40 ਨਵੇਂ ਸੰਸਦ ਮੈਂਬਰ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–**ਨਿਊਜ਼ੀਲੈਂਡ ਨੂੰ ਵਿਭਿੰਨ ਸਭਿਆਚਾਰ ਰੱਖਣ ਵਾਲੇ ਲੋਕਾਂ ਦਾ ਮੁਲਕ ਮੰਨਿਆ ਜਾਂਦਾ ਹੈ। ਇਥੇ ਦੀ ਨਾਗਰਿਕਤਾ ਮਿਲਣ ਬਾਅਦ ਲੋਕ ਇਸ ਦੇਸ਼ ਨੂੰ ਗੋਦ ਲੈਣ ਵਾਂਗ ਮਹਿਸੂਸ ਕਰਦੇ ਹਨ ਅਤੇ ਇਸ ਦੇਸ਼ ਦੇ ਵਿਕਾਸ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਮਾਣ ਵਾਲੀ ਗੱਲ ਸਮਝਦੇ ਹਨ। ਬੀਤੇ ਕੱਲ੍ਹ 53ਵੀਂ ਸੰਸਦ ਦੇ ਲਈ ਵੋਟਾਂ ਪਈਆਂ ਜਿਸ ਦੇ ਵਿਚ ਲੇਬਰ ਪਾਰਟੀ ਨੇ 49.1% ਪਾਰਟੀ ਵੋਟ ਲੈ ਕੇ ਕੁੱਲ 64 ਸੀਟਾਂ ’ਤੇ ਜਿੱਤ ਦਰਜ ਕਰ ਲਈ। ਇਸ ਵਾਰ ਖਾਸ ਗੱਲ ਇਹ ਹੈ ਕਿ 40 ਅਜਿਹੀਆਂ ਸਖਸ਼ੀਅਤਾਂ ਹਨ ਜਿਹੜੀਆਂ ਪਹਿਲੀ ਵਾਰ ਪਾਰਲੀਮੈਂਟ ਜਾ ਰਹੀਆਂ ਹਨ। ਇਨ੍ਹਾਂ ਵਿਚ 26 ਸਾਲ ਤੱਕ ਦੀ ਇਕ ਕੁੜੀ ਵੀ ਸ਼ਾਮਿਲ ਹੈ। ਵਿਭਿੰਨਤਾ ਦੀ ਮਿਸਾਲ ਪੇਸ਼ ਕਰਦੀ ਇਸ ਵਾਰ ਦੀ ਸੰਸਦ ਜਿੱਥੇ ਭਾਰਤੀ ਮੂਲ ਦੇ ਦੋ ਸਾਂਸਦਾਂ ਨੂੰ ਸੀਟ ਦੇਵੇਗੀ ਉਥੇ ਪਹਿਲੀ ਵਾਰ ਅਫਰੀਕਨ, ਲੈਟਿਨ ਅਮਰੀਕ ਅਤੇ ਸ੍ਰੀ ਲੰਕਾ ਤੋਂ ਪਹੁੰਚੇ ਉਮੀਦਵਾਰ ਵੀ ਪਹੁੰਚਣਗੇ। ਪਾਰਟੀ ਵੋਟ ਦੇ ਅਧਾਰ ਉਤੇ 45 ਦੇ ਕਰੀਬ ਸੰਸਦ ਮੈਂਬਰ ਬਣੇ ਹਨ। ਲੇਬਰ ਪਾਰਟੀ ਨੂੰ ਇਸ ਵਾਰ ਇਹ ਵੀ ਫਾਇਦਾ ਹੋਇਆ ਕਿ ਵਿਰੋਧੀ ਧਿਰ ਨੈਸ਼ਨਲ ਪਾਰਟੀ ਦੇ 12 ਸਾਂਸਦ ਰਿਟਾਇਰ ਹੋ ਗਏ, 6 ਹੋਰ ਸਾਂਸਦ ਦੂਜੀਆਂ ਪਾਰਟੀਆਂ ਦੇ ਛੱਡ ਗਏ ਜਿਸ ਕਰਕੇ ਲੇਬਰ ਇਥੇ ਵੀ ਕਾਬਜ ਹੋ ਗਈ।

24 ਸਾਲਾ ਕੁੜੀ ਬਣੀ ਸਾਂਸਦ: ਅਰੀਨਾ ਵਿਲੀਅਮਜ਼ ਜਿਸ ਦੀ ਉਮਰ ਸਿਰਫ 24 ਸਾਲ ਹੈ ਪਹਿਲੀ ਵਾਰ ਸਾਂਸਦ ਬਣ ਕੇ ਪਾਰਲੀਮੈਂਟ ਗਈ ਹੈ। ਇਸਦਾ ਹਲਕਾ ਮੈਨੁਰੇਵਾ ਹੈ ਜਿੱਥੇ ਭਾਰਤੀਆਂ ਦੀ ਸੰਘਣੀ ਵਸੋਂ ਹੈ। ਔਕਲੈਂਡ ਯੂਨੀਵਰਸਿਟੀ ਸਟੂਡੈਂਟ ਐਸੋਸੀਏਸ਼ਨ ਦੀ ਇਹ ਪ੍ਰਧਾਨ ਰਹਿ ਚੁੱਕੀ ਹੈ। ਲੇਬਰ ਪਾਰਟੀ ਦੀ ਇਹ ਸਭ ਤੋਂ ਛੋਟੀ ਉਮਰ ਦੀ ਸਾਂਸਦ ਬਣੀ ਹੈ। ਅਰੀਨਾ ਵਿਲੀਅਮ ਪਾਪਾਕੁਰਾ ਦੀ ਜੰਮਪਲ ਹੈ ਅਤੇ ਕਾਰਪੋਰੇਟ ਲਾਅ ਫਰਮ ਕੰਮ ਕਰਦੀ ਰਹੀ ਹੈ ਅਤੇ ਕਮਿਊਨਿਟੀ ਆਰਗੇਨਾਈਜਰ ਹੈ।

26 ਸਾਲਾ ਚਾਈਨੀਜ ਕੁੜੀ ਬਣੀ ਸਾਂਸਦ: ਨਵੇਂ ਚੁਣੇ ਸਾਂਸਦਾ ਦੇ ਵਿਚੋਂ ਦੂਜੀ ਛੋਟੀ ਉਮਰ ਦੀ ਚੀਨ ਦੀ ਜਨਮੀ 26 ਸਾਲਾ ਨੈਸੀ ਚੇਨ ਭਾਵੇਂ ਬੋਟਨੀ ਹਲਕੇ ਤੋਂ ਵੋਟਾਂ ਵਿਚ ਹਾਰ ਗਈ ਪਰ ਲਿਸਟ ਸਾਂਸਦ ਦੇ ਵਿਚ ਨੰਬਰ 38 ਉਤੇ ਹੋਣ ਕਰਕੇ ਸਾਂਸਦ ਬਣ ਗਈ। ਕਾਨੂੰਨ ਦੀ ਪੜ੍ਹਾਈ ਕਰਨ ਵਾਲੀ ਇਹ ਕੁੜੀ ਨਿਊਜ਼ੀਲੈਂਡ ਚਾਈਨੀਜ ਸਟੂਡੈਂਟ ਐਸੋਸੀਏਸ਼ਨ ਦੀ 2016 ਦੇ ਵਿਚ ਪ੍ਰਧਾਨ ਰਹੀ। ਇਸਦਾ ਪਿਤਾ ਕ੍ਰਿਸਚੀਅਨ ਪਾਸਟਰ ਹੈ ਜਦ ਕਿ ਮਾਤਾ ਡਾਕਟਰ ਹੈ।

27 ਸਾਲਾ ਕੁੜੀ ਬਣੀ ਸਾਂਸਦ: ਐਕਟ ਪਾਰਟੀ ਦੀ ਡਿਪਟੀ ਨੇਤਾ ਬਰੁੱਕ ਵੈਨ ਵੈਲਡਨ ਆਪਣੀ ਪਾਰਟੀ ਦੇ ਲਈ



’ਇੱਛਾ ਮੁੱਕਤੀ’ ਦੇ ਜਨਮੱਤ ਉਤੇ ਕੰਮ ਕਰ ਰਹੀ ਸੀ। ਇਸਦੀ ਉਮਰ ਸਿਰਫ 27 ਸਾਲ ਹੈ। ਨਾਰਥ ਸ਼ੋਰ ਦੀ ਇਹ ਜੰਮਪਲ ਹੈ। ਇਸਨੇ ਪਾਰਟੀ ਦੀ ਮੈਂਟਲ ਹੈਲਥ ਪਾਲਿਸੀ ਲਿਖੀ ਸੀ ਅਤੇ ਸਿਹਤ ਮਹਿਕਮਾ ਹੁਣ ਤੱਕ ਉਸ ਨੀਤੀ ਉਤੇ 2 ਬਿਲੀਅਨ ਖਰਚਾ ਕਰ ਚੁੱਕਾ ਹੈ।

ਪਹਿਲਾ ਅਫਰੀਕਨ ਸਾਂਸਦ.: ਇਬਰਾਹੀਮ ਓਮਰ ਪਹਿਲਾ ਅਫਰੀਕਨ ਹੈ ਜੋ ਨਿਊਜ਼ੀਲੈਂਡ ਦੀ ਪਾਰਲੀਮੈਂਟ ਦੇ ਵਿਚ ਪਹੁੰਚਿਆ ਹੈ। ਨਿਊਜ਼ੀਲੈਂਡ ਦੇ ਵਿਚ ਸਾਂਸਦ ਬਨਣ ਵਾਲਾ ਇਹ ਦੂਜਾ ਸ਼ਰਨਾਰਥੀ ਹੈ। ਇਹ ਰਿਫਿਊਜ਼ੀ ਕੈਂਪ ਦੇ ਵਿਚ ਦੁਭਾਸ਼ੀਆ ਦਾ ਕੰਮ ਕਰਦਾ ਸੀ ਪਰ ਜਾਸੂਸ ਦਾ ਸ਼ੱਕੀ ਪਾਏ ਜਾਣ ਉਤੇ ਇਸ ਨੂੰ ਫੜ ਲਿਆ ਗਿਆ ਸੀ।

ਯੂਨਾਈਟਿਡ ਨੇਸ਼ਨ ਨੇ ਵਿਚ ਪੈ ਕੇ ਇਸ ਨੂੰ ਨਿਊਜ਼ੀਲੈਂਡ ਭੇਜ ਦਿੱਤਾ ਸੀ। ਇਹ ਵਲਿੰਗਟਨ ਵਿਖੇ ਵਿਕਟੋਰੀਆ ਯੂਨੀਵਰਸਿਟੀ ਵਿਚ ਇਕ ਸਫਾਈ ਕਰਮਚਾਰੀ ਵਜੋਂ ਕੰਮ ਕਰਦਾ ਸੀ ਅਤੇ ਇਸਨੇ ਫੁੱਲ ਟਾਈਮ ਪੜ੍ਹਾਈ ਵੀ ਕੰਮ ਕਰਦੇ-ਕਰਦੇ ਉਥੇ ਹੀ ਕਰ ਲਈ।

ਪਹਿਲੀ ਸ੍ਰੀਲੰਕਨ ਕੁੜੀ ਸਾਂਸਦ ਬਣੀ.: ਨਿਊਜ਼ੀਲੈਂਡ ਦੀ ਪਾਰਲੀਮੈਂਟ ਦੇ ਵਿਚ ਪਹੁੰਚਣ ਵਾਲੀ ਪਹਿਲੀ ਸ੍ਰੀ ਲੰਕਨ ਕੁੜੀ ਵਾਨੁਸ਼ੀ ਵਾਲਟਰਜ਼ (ਹਲਕਾ ਅਪਰ ਹਾਰਬਰ) ਨੇ ਇਤਿਹਾਸ ਸਿਰਜ ਦਿੱਤਾ ਹੈ। ਇਹ ਕੁੜੀ ਯੂਥਲਾਅ ਦੀ ਸਾਬਕਾ ਜਨਰਲ ਮੈਨੇਜਰ ਰਹੀ ਹੈ। 5 ਸਾਲ ਦੀ ਉਮਰ ਵਿਚ ਇਹ ਇਥੇ ਆਈ ਸੀ। ਔਕਲੈਂਡ ਯੂਨੀਵਰਸਿਟੀ ਤੋਂ ਇਸਨੇ ਪੜ੍ਹਾਈ ਪੂਰੀ ਕੀਤੀ ਅਤੇ ਯੂਥ ਲਾਅ ਦੇ ਵਿਚ 2018 ਤੱਕ ਕੰਮ ਕੀਤਾ। ਹਿਊਮਨ ਰਾਈਟਸ ਕਮਿਸ਼ਨ ਦੀ ਉਹ ਸੀਨੀਅਰ ਮੈਨੇਜਰ ਵੀ ਰਹੀ ਹੈ। ਇਸਦੇ ਤਿੰਨ ਬੇਟੇ ਹਨ। ਪਹਿਲਾ ਲੈਟਿਨ ਅਮਰੀਕਨ ਸਾਂਸਦ ਬਣਿਆ: ਨਿਊਜ਼ੀਲੈਂਡ ਦੇ ਵਿਚ ਇਹ 2006 ਦੇ ਵਿਚ ਆਇਆ ਇਹ 32 ਸਾਲਾ ਨੌਜਵਾਨ ਰਿਕਾਰਡੋ ਮੈਨੇਡਜ਼ ਮਾਰਚ ਗ੍ਰੀਨ ਪਾਰਟੀ ਦੀ ਲਿਸਟ ਉਤੇ 10ਵੇਂ ਨੰਬਰ ਉਤੇ ਸੀ। ਇਹ ਇਕ ਐਡਵੋਕੇਟ ਹੈ। ਲੇਬਰ ਪਾਰਟੀ ਦੀਆਂ ਕਈ ਨੀਤੀਆਂ ਦਾ ਇਹ ਵਿਰੋਧ ਕਰਦਾ ਰਿਹਾ ਹੈ।

# ਨਿਊਜ਼ੀਲੈਂਡ ਇਮੀਗ੍ਰੇਸ਼ਨ ਵੱਲੋਂ ਸਕਿੱਲਡ ਮਾਈਗ੍ਰਾਂਟ ਅਤੇ ਪੇਰੇਂਟ ਕੈਟਾਗਿਰੀ ਲਈ ਈ.ਓ.ਆਈ.6 ਮਹੀਨਿਆਂ ਤੱਕ ਮੁਲਤਵੀ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਨੂੰ ਕਰੋਨਾ ਬਿਮਾਰੀ ਨੇ ਐਨਾ ਕੁ ਦੂਸਰੇ ਕੰਮਾਂ ਵਿਚ ਲਾਇਆ ਹੋਇਆ ਹੈ ਕਿ ਉਹ ਚਾਹੁੰਦੀ ਹੈ ਕਿ ਪਹਿਲਾਂ ਜਿਹੜੇ ਨਿਊਜ਼ੀਲੈਂਡ ਦੇ ਵਿਚ ਮੌਜੂਦ ਹਨ ਜਾਂ ਜਿਹੜੇ ਸਰਹੱਦਾਂ ਦੇ ਬੰਦ ਹੋਣ ਦੇ ਬਾਵਜੂਦ ਇਥੇ ਵਾਪਿਸ ਪਰਤ ਆਉਣ ਦੇ ਯੋਗ ਹਨ ਉਨ੍ਹਾਂ ਨੂੰ ਇਥੇ ਬੁਲਾਇਆ ਜਾਵੇ।

ਇਸ ਗੱਲ ਦਾ ਅੰਦਾਜ਼ਾ ਇਥੋਂ ਲਗਾਇਆ ਜਾ ਸਕਦਾ ਹੈ ਕਿ ਅੱਜ ਨਿਊਜ਼ੀਲੈਂਡ ਇਮੀਗ੍ਰੇਸ਼ਨ ਵੱਲੋਂ ਹੁਨਰਮੰਦ ਪ੍ਰਵਾਸੀਆਂ (ਸਕਿੱਡ ਮਾਈਗ੍ਰਾਂਟ ਸ਼੍ਰੇਣੀ) ਅਤੇ ਮਾਪਿਆਂ ਦੀ ਰਿਹਾਇਸ਼ (ਪੇਰੇਂਟ ਸ਼੍ਰੇਣੀ) ਅਧੀਨ ਲੱਗਣ ਵਾਲੀਆਂ ਪੀ. ਆਰ. ਦੀਆਂ ਅਰਜ਼ੀਆਂ ਲਈ ਵਿਖਾਈ ਜਾਣ ਵਾਲੀ ਦਿਲਚਸਪੀ ’ਐਕਸਪ੍ਰੈਸ਼ਨ ਆਫ ਇੰਟਰਸਟ’ (ਈ. ਓ. ਆਈ.) ਨੂੰ 6 ਮਹੀਨਿਆਂ ਤੱਕ ਮੁਲਤਵੀ ਕਰ ਦਿੱਤਾ ਹੈ।

ਇਸ ਵਿਚ ਆਪਣੀ ਯੋਗਤਾ ਅਤੇ ਤਨਖਾਹ ਆਦਿ ਦਾ ਪੈਸਾ-ਧੇਲਾ ਦਿਖਾਇਆ ਜਾਂਦਾ ਹੈ ਤਾਂ ਕਿ ਦੱਸਿਆ ਜਾਵੇਗਾ ਕਿ ਮੈਂ ਪੱਕੀ ਅਰਜ਼ੀ ਲਾਉਣ ਦੇ ਯੋਗ ਹਾਂ। ਇਸ ਤੋਂ ਬਾਅਦ ਇਮੀਗ੍ਰੇਸ਼ਨ ਹਰੀ ਝੰਡੀ ਦੇ ਦਿੰਦੀ ਹੈ ਕਿ ਲਾ ਲਓ ਆਪਣੀ ਅਰਜ਼ੀ ਤੁਸੀਂ ਯੋਗ ਹੈ।

ਪਰ ਅੱਜਕਲ੍ਹ ਇਮੀਗ੍ਰੇਸ਼ਨ ਆਪਣਾ ਸਾਰਾ ਧਿਆਨ ਇਥੇ ਪਹਿਲਾਂ ਤੋਂ ਮੌਜੂਦ ਲੋਕਾਂ ਦੀਆਂ ਰਜ਼ੀਆਂ ਨੂੰ ਨਿਬੇੜਨ ਵਿਚ ਲਾ ਰਹੀ ਅਤੇ ਜਿਹੜੇ ਇਥੇ ਵਾਪਿਸ ਪਰਤ ਸਕਦੇ ਹਨ ਉਨ੍ਹਾਂ ਨੂੰ ਲਿਆਉਣ ਵੱਲ ਲੱਗੀ ਹੋਈ ਹੈ। ਇਹ ਫੈਸਲਾ 6 ਮਹੀਨਿਆਂ ਬਾਅਦ ਅਗਲੇ ਸਾਲ ਦੁਬਾਰਾ ਵਿਚਾਰਿਆ ਜਾਵੇਗਾ। ਸਰਕਾਰ ਨੇ ਅਪ੍ਰੈਲ ਮਹੀਨੇ ਇਨ੍ਹਾਂ ਸ਼੍ਰੇਣੀਆਂ ਅਧੀਨ ਈ. ਓ. ਆਈ. ਲੈਣੇ ਬੰਦ ਕਰ ਦਿੱਤੇ ਸਨ। ਵਰਨਣਯੋਗ ਹੈ ਕਿ 10 ਅਗਸਤ ਤੋਂ ਨਿਊਜ਼ੀਲੈਂਡ ਇਮੀਗ੍ਰੇਸ਼ਨ ਨੇ ਵਿਜ਼ਟਰ ਵੀਜ਼ੇ ਦੀਆਂ ਅਰਜ਼ੀਆਂ ਆਦਿ ਵੀ ਤਿੰਨ ਮਹੀਨੇ ਤੱਕ ਲੈਣੀਆਂ ਬੰਦ ਕੀਤੀਆਂ ਹੋਈਆਂ ਹਨ।




NIRMAL SINGH BADHAN

NSB Insurance

HEALTH INSURANCE | RETIREMENT

LIFE INSURANCE | COLLEGE PLANNING

LONG TERM CARE INS | AUTO * HOME

FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928


# ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਅਨਿਨ ਸ਼ਰਧਾਲੂ ਵਿਜੇ ਹੀਰ ਦੇ ਨਮਿੱਤ ਹੋਈ ਅੰਤਿਮ ਅਰਦਾਸ



ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਦੇ ਮੀਤ ਪ੍ਰਧਾਨ ਅਤੇ ਬੇਗਮਪੁਰਾ ਮਿਸ਼ਨ ਡਾਟ ਕਾਮ ਵੈੱਬਸਾਈਟ ਦੇ ਮੁੱਖ ਸੰਚਾਲਕ ਅਸ਼ਵਨੀ ਹੀਰ ਦੇ ਵੱਡੇ ਭਰਾ ਸ੍ਰੀ ਵਿਜੇ ਹੀਰ ਵਾਸੀ ਸਈਪੁਰ ਕਲਾਂ ਜਲੰਧਰ ਪਿਛਲੇ ਦਿਨੀਂ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 52 ਸਾਲ ਦੇ ਸਨ। ਉਨ੍ਹਾਂ ਦੇ ਵਿਛੋੜੇ ਦਾ ਜਿੱਥੇ ਉਨ੍ਹਾਂ ਦੇ ਮਾਤਾ ਪਿਤਾ, ਪਤਨੀ, ਬੇਟਾ, ਬੇਟੀ ਅਤੇ ਸਾਰੇ ਪਰਿਵਾਰ ਨੂੰ ਅਤਿਅੰਤ ਦੁਖ ਹੋਇਆ ਹੈ, ਉੱਥੇ ਉਨ੍ਹਾਂ ਦੇ ਜਾਣ ਨਾਲ ਸਮਾਜ ਨੂੰ ਵੀ ਬਹੁਤ ਘਾਟਾ ਪਿਆ ਹੈ। ਉਹ ਮਿਹਨਤੀ, ਮਿੱਠ ਬੋਲੜੇ, ਨਿਮਰਤਾ ਅਤੇ ਸ਼ਾਂਤ ਸੁਭਾਅ ਦੇ ਵਿਅਕਤੀ ਸਨ। ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਤੇ ਹਰੇਕ ਸਾਲ ਸੀਰ-ਗੋਵਰਧਨਪੁਰ ਕਾਂਸ਼ੀ ਜਾਣਾ ਉਨ੍ਹਾਂ ਦਾ ਨੇਮ ਸੀ। ਵਿਜੇ ਹੀਰ ਦੇ ਨਮਿਤ ਉਨ੍ਹਾਂ ਦੇ ਗ੍ਰਿਹ ਸਈਪੁਰ ਕਲਾਂ ਜਲੰਧਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਅੰਤਿਮ ਅਰਦਾਸ ਹੋਈ। ਆਈਆਂ ਸੰਗਤਾਂ ਨੇ ਵਿਛੜੀ ਰੂਹ ਦੇ ਨਮਿਤ ਸ਼ਰਧਾ ਦੇ ਫ਼ੁੱਲ ਭੇਟ ਕੀਤੇ।

# ਕਰਾਚੀ ਵਿਚ ਚਾਰ ਮੰਜ਼ਿਲਾਂ ਇਮਾਰਤ ’ਚ ਵੱਡਾ ਧਮਾਕਾ, 3 ਹਲਾਕ, 15 ਲੋਕ ਜ਼ਖ਼ਮੀ

**ਕਰਾਚੀ–** ਕਰਾਚੀ ਵਿਚ ਬੁੱਧਵਾਰ ਨੂੰ ਇਕ ਵੱਡਾ ਧਮਾਕਾ ਹੋ ਗਿਆ ਹੈ। ਏਥੀ ਫਾਉਂਡੇਸ਼ਨ ਦੇ ਅਧਿਕਾਰੀਆਂ ਮੁਤਾਬਕ ਇਹ ਧਮਾਕਾ ਗੁਲਸ਼ਨ ਏ ਇਕਬਾਲ ਵਿਚ ਕਰਾਚੀ ਯੂਨੀਵਰਸਿਟੀ ਮਸਕਨ ਗੇਟ ਦੇ ਸਾਹਮਣੇ ਇਕ ਚਾਰ ਮੰਜ਼ਲਾ ਇਮਾਰਤ ਵਿਚ ਹੋਇਆ ਹੈ, ਜਿਸ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ ਅਤੇ 15 ਹੋਰ ਜ਼ਖ਼ਮੀ ਹੋ ਗਏ ਹਨ।

ਡਾਨ ਮੁਤਾਬਕ ਸਾਰੇ ਜ਼ਖ਼ਮੀਆਂ ਅਤੇ ਮ੍ਰਿਤਕਾਂ ਨੂੰ ਪਟੇਲ ਹਸਪਤਾਲ ਪਹੁੰਚਾਇਆ ਗਿਆ। ਅਜੇ ਤਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਧਮਾਕਾ ਕਿਵੇਂ ਹੋਇਆ। ਹਾਲਾਂਕਿ ਮੁਬੀਨਾ ਟਾਊਨ ਪੁਲਿਸ ਦੇ ਐਸਐਚਓ ਨੇ ਸ਼ੰਕਾ ਪ੍ਰਗਟਾਈ ਹੈ ਕਿ ਸਿਲੰਡਰ ਫਟਣ ਨਾਲ ਇਹ ਵਿਸਫੋਟ ਹੋਇਆ ਹੋਵੇਗਾ। ਇਸ ਦੇ ਨਾਲ ਹੀ ਉਨਾਂ ਨੇ ਜਾਣਕਾਰੀ ਦਿੱਤੀ ਕਿ ਧਮਾਕੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਬੰਬ ਵਿਸਫੋਟਕ ਦਸਤਾ ਮੌਕੇ ’ਤੇ ਪਹੁੰਚ ਗਿਆ ਹੈ।

ਇਮਾਰਤ ਦੀ ਦੁਜੀ ਮੰਜ਼ਲ ’ਤੇ ਵਿਸਫੋਟ ਦੀ ਸ਼ੰਕਾ ਹੈ। ਇਸ ਇਮਾਰਤ ਤੋਂ ਇਲਾਵਾ ਆਲੇ ਦੁਆਲੇ ਦੀਆਂ ਇਮਾਰਤਾਂ ਅਤੇ ਵਾਹਨਾਂ ਨੂੰ ਵੀ ਨੁਕਸਾਨ ਪੁੱਜਾ ਹੈ।

*********

# ਸੈਲਮਾ ਵਿਖੇ ਭਾਰਤੀ ਕਿਸਾਨਾਂ ਨਾਲ ਇਕਮੁੱਠਤਾ ਦਰਸਾਉਦੀ ਇਕੱਤਰਤਾ








ਭਾਰਤ ਸਰਕਾਰ ਵਲੋਂ ਖੇਤੀ ਸਬੰਧੀ ਪਾਸ ਕੀਤੇ ਤਾਜ਼ਾ ਬਿਲ ਭਾਰਤ ਅਤੇ ਪੂਰੀ ਦੁਨੀਆਂ ਵਿਚ ਤਿਖੀ ਬਹਿਸ ਦੇ ਮੁਦਾ ਬਣੇ ਹੋਏ ਹਨ। ਭਾਰਤ ਦੇ ਕਿਸਾਨ ਪੰਜਾਬ, ਹਰਿਆਣਾ ਅਤੇ ਹੋਰ ਸੂਬਿਆਂ ਵਿਚ ਇਨਾ ਬਿਲਾਂ ਦੇ ਖਿਲਾਫ ਇਕ ਭਖਵੀਂ ਜੱਦੋਜਹਿਦ ਕਰ ਰਹੇ ਹਨ। ਇਨਾਂ ਬਿਲਾਂ ਅਤੇ ਕਿਸਾਨਾਂ ਦੇ ਸਘੰਰਸ਼ਾ ਨੇ ਵਿਦੇਸ਼ਾ ਵਿਚ ਵਸਦੇ ਭਾਰਤੀ ਭਾਈਚਾਰੇ ਨੂੰ ਵਿਚ ਵੀ ਕਿਸਾਨਾਂ ਅਤੇ ਸਮੁੱਚੀ ਖੇਤੀ ਬਾੜੀ ਦੇ ਭਵਿੱਖ ਬਾਰੇ ਚਿੰਤਾ ਜਗਾ ਦਿਤੀ ਹੈ। ਜਿਸ ਦਾ ਪ੍ਰਗਟਾਵਾ ਵੱਖ ਵੱਖ ਦੇਸ਼ਾ ਅਤੇ ਸ਼ਹਿਰਾਂ ਵਿਚ ਹੋ ਰਹੇ ਰੋਸ ਮੁਜਾਹਰਿਆ ਤੋਂ ਜਾਹਰ ਹੈ। ਇਹੋ ਜਿਹਾ ਇਕ ਰੋਸ ਇਕੱਠ ਕੈਲੇਫੋਰਨੀਆਂ ਦੇ ਸ਼ਹਿਰ ਸੈਲਮਾ ਵਿਚ ਹੋਇਆ ਜਿਸ ਵਿਚ ਇਲਾਕੇ ਭਰ ਚੋਂ ਲੋਕੀ ਸ਼ਾਮਲ ਹੋਏ।

ਸੈਲਮਾ ਗੁਰਦੁਆਰਾ ਸਾਹਿਬ ਦੇ ਖੁਲੇ ਹਵਾਦਾਰ ਸ਼ੈਡ ਥੱਲੇ ਕੋਵਿਡ -19 ਦੇ ਚਲਦਿਆਂਸਾਰੀਆ ਸਾਵਧਾਨੀਆਂ ਵਰਤਦਿਆਂ, ਸ਼ੈਕੜੇ ਪੁਰਸ਼ਾ ਅਤੇ ਇਸਤਰੀਆ ਨੇ ਹਿਸਾ ਲਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਸੈਲਮਾ ਗੁਰੂਘਰ ਦੀ ਕਮੇਟੀ ਵਲੋਂ ਨਰਿੰਦਰ ਸਿੰਘ ਗਿਲ ਨੇ ਸਭ ਨੂੰ ਜੀਅ ਆਇਅ ਕਿਹਾ। ਇਕ ਹੋਰ ਕਿਸਾਨ ਭਜਨ ਸਿੰਘ ਸਹੋਤਾ ਨੇ ਜਿਥੇ ਭਾਰਤ ਦੇ ਕਿਸਾਨਾਂ ਨਾਲ ਇਕਮੁਠਤਾ ਜਤਾਈ ਅਤੇ ਲੋਕਲ ਕਿਸਾਨਾਂ ਦੀਆਂ ਮੁਸ਼ਕਲਾ ਵਲ ਵੀ ਧਿਆਨ ਦਿਵਾਇਆ। ਐਨ ਆਰ ਆਈ ਸਭਾ ਦੇ ਤਾਜਾ ਚੁਣੇ ਹੋਏ ਪ੍ਰਧਾਨ ਕਿਰਪਾਲ ਸਿੰਘ ਸਹੋਤਾ (ਪਾਲ ਸਹੋਤਾ) ਨੇ ਭਾਰਤ ਵਿਚ ਕਿਸਾਨਾਂ ਨਾਲ ਹੋ ਰਹੇ ਧੱਕੇ ਪ੍ਰਤੀ ਸਾਵਧਾਨ ਕੀਤਾ। ਸ੍ਰ ਸੁਖਦੇਵ ਸਿੰਘ ਸਿੱਧੂ ਨੇ ਦੱਸਿਆ ਕਿ ਕਿਸਾਨੀ ਦੇ ਮਸਲੇ ਲਗਾਤਾਰ ਨਜਰ ਅੰਦਾਜ਼ ਕੀਤੇ ਜਾਦੇ ਰਹੇ ਹਨ। ਸ੍ਰ ਗੁਰਦੀਪ ਸਿੰਘ ਅਣਖੀ ਨੇ ਕਿਸਾਨਾਂ ਮਸਲਿਆ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਕਿਹਾ ਕਿ ਕਿਸਾਨਾ ਨੂੰ ਆਪਣੇ ਹੱਕਾਂ ਦੀ ਪਹਿਰੇਦਾਰੀ ਲਗਾਤਾਰ ਕਰਨੀ ਹੋਵੇਗੀ ਕਿਓਕਿ ਸਮਾਜ ਦੇ ਜਿਹੜੇ ਹਿਸੇ ਜਾਗਦੇ ਨਹੀਂ ਉਹ ਹਮੇਸ਼ਾ ਦਬਾਏ ਜਾਂਦੇ ਹਨ। ਸ੍ਰ ਕੁੰਦਨ ਸਿੰਘ ਨੇ ਕਿਸਾਨਾਂ ਨੇ ਅੰਦੋਲਨ ਨੂੰ ਸਮਰਪਤ ਇਕ ਕਵਿਤਾ ਗਾ ਕੇ ਸੁਣਾਈ। ਖੇਤੀ ਮਾਹਰ ਅਤੇ ਫਰੈਜਨੋ ਸਟੇਟ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ ਗੁਰਰੀਤ ਬਰਾੜ ਨੇ ਖੇਤੀ ਸਬੰਧੀ ਨਵੀਂ ਸੋਚ ਅਪਨਾਉਣ ਅਤੇ ਨਵੀਆਂ ਨੀਤੀਆਂ ਨੂੰ ਸਹੀ ਨੀਤ ਨਾਲ ਲਾਗੂ ਕਰਨ ਦੀ ਗਲ ਕਹੀ। ਸ੍ਰ ਅਮਰੀਕ ਸਿੰਘ ਵਿਰਕ ਨੇ ਭਾਰਤ ਦੇ ਕਿਸਾਨਾ ਦੀ ਜੱਦੋਜਹਿਦ ਦੀ ਹਮਾਇਤ ਵਿਚ ਸਿਖ ਕੌਸਲ ਆਫ ਸੈਂਟਰਲ ਕੈਲੇਫੋਰਨੀਆਂ ਵਲੋਂ ਪਾਸ ਕੀਤਾ ਮਤਾ ਪੜ ਕੇ ਸੁਣਾਇਆ ਅਤੇ ਸ੍ਰ ਕਿਰਪਾਲ ਸਿੰਘ ਸਹੋਤਾ ਨੂੰ ਸ਼ੋਪਿਆ। ਪ੍ਰਸਿਧ ਗਾਇਕ ਸ੍ਰ ਰਾਜ ਬਰਾੜ ਨੇ ਕਿਸਾਨੀ ਬਾਰੇ ਇਕ ਖੂਬਸੂਰਤ ਗੀਤ ਸੁਣਾਇਆ। ਸੁਰਿੰਦਰ ਮੰਢਾਲੀ ਨੇ ਭਾਰਤ ਸਰਕਾਰ ਵਲੋਂ ਪਾਸ ਕੀਤੇ ਤਿੰਨਾ ਬਿਲਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਉਨਾਂ ਵਿਚਲੇ ਲੋਕ ਵਿਰੋਧੀ ਪੱਖ ਉਜਾਗਰ ਕੀਤੇ। ਇਹ ਕਨੂੰਨ ਲਾਗੂ ਹੋ ਜਾਣ ਤੇ ਕਿਸਾਨਾ ਦੇ ਹੱਥ ਹੌਲੀ ਹੌਲੀ ਵੱਢੇ ਜਾਣਗੇ।ਇਹ ਕਨੂੰਨ ਕਿਸਾਨਾ ਦੀ ਜ਼ਮੀਨ ਨੂੰ ਕਾਰਪੋਰੇਟ ਘਰਾਣਿਆਂ ਵਲੋਂ ਹੜਪ ਕਰਨ ਦਾ ਕਨੂੰਨੀ ਜਰੀਆ ਹਨ ਅਤੇ ਕਿਸਾਨਾਂ ਦੇ ਨਾਲ ਨਾਲ, ਮਜ਼ਦੂਰਾ, ਆੜਤੀਆ ਅਤੇ ਹੋਰ ਤਬਕਿਆ ਨੂੰ ਵੀ ਪਰਭਾਵਤ ਕਰਨਗੇ। ਇਨਾਂ ਨੂੰ ਰੋਕਣ ਦਾ ਇਕੋ ਹੱਲ ਕਿਸਾਨਾ ਮਜ਼ਦੂਰਾ ਅਤੇ ਸਮੂਹ ਲੋਕਾਂ ਦਾ ਏਕਾ ਹੀ ਹੈ।

ਸ੍ਰ ਸਾਧੂ ਸਿੰਘ ਸੰਘਾ, ਰਣਜੀਤ ਸਿੰਘ ਗਿਲ ਹੋਣਾ ਦੇ ਆਪਣੇ ਸੰਖੇਪ ਭਾਸ਼ਣ ਵਿਚ ਭਾਰਤੀ ਕਿਸਾਨਾਂ ਨਾਲ ਆਪਣੀ ਇਕ ਮੁਠਤਾ ਜਿਤਾਈ। ਸੰਤੋਖ ਮਿਨਹਾਸ ਨੇ ਪੂਰੇ ਸ਼ਾਨ ਮਈ ਢੰਗ ਨਾਲ ਚਲ ਰਹੇ ਕਿਸਾਨ ਅੰਦੋਲਨ ਤੇ ਤਸੱਲੀ ਜਤਾਈ। ਡਾ ਮਲਕੀਤ ਸਿੰਘ ਕਿੰਗਰਾ ਨੇ ਬੀਤੇ ਸਮੇਂ ਵਿਚ ਹੋਏ ਕਿਸਾਨ ਸਘੰਰਸ਼ਾ ਦਾ ਜਿਕਰ ਕਰਦਿਆ ਜਦੋ ਜਹਿਦ ਦੀ ਲਗਾਤਾਰਤਾ ਤੇ ਜੋਰ ਦਿਤਾ।ਹਰਜਿੰਦਰ ਢੇਸੀ, ਸ਼ਰਨਜੀਤ ਧਾਲੀਵਾਲ, ਹਰਿੰਦਰ ਮੰਢਾਲੀ ਅਤੇ ਨਰਿੰਦਰ ਸੁਜੋਂ ਨੇ ਭਾਵਪੂਰਤ ਕਵਿਤਾਵਾਂ ਸੁਣਾਈਆ। ਪਾਸ ਕੀਤੇ ਗਏ ਮਤੇ ਵਿਚ ਕਿਸਾਨ ਮਸਲਿਆ ਦੇ ਢੁਕਵੇਂ ਹੱਲ ਲਈ ਸੁਝਾਵਾ ਤੋਂ ਇਲਾਵਾ, ਇਸਤਰੀ ਵਰਗ ਤੇ ਹੋ ਰਹੀ ਅਣਮਨੁੱਖੀ ਹਿੰਸਾ ਅਤੇ ਬਲਾਤਕਾਰਾਂ ਤੇ ਡੂੰਘੀ ਚਿੰਤਾ ਪਰਗਟ ਕੀਤੀ ਅਤੇ ਸਰਕਾਰ ਤੋਂ ਇਸ ਤੇ ਸਖਤ ਐਕਸ਼ਨ ਲੈਣ ਦੀ ਮੰਗ ਕੀਤੀ ਗਈ।ਭਾਰਤ ਦੀਆ ਧਾਰਮਿਕ ਤੇ ਸਮਾਜਿਕ ਘਟਗਿਣਤੀਆਂ ਖਾਸ ਕਰ ਦਲਿਤਾਂ ਵਿਰੁਧ ਹੋ ਰਹੇ ਅਤਿਆਚਾਰਾਂ ਵਿਰੁਧ ਤਰੁੰਤ ਐਕਸ਼ਨ ਲੈਣ ਅਤੇ ਸਭ ਲੋਕਾਂ ਦੇ ਮੁਢਲੇ ਹੱਕਾਂ ਦੀ ਰਾਖੀ ਯਕੀਨੀ ਬਣਾਉਣ ਦੀ ਮੰਗ ਕੀਤੀ। ਇਸ ਮਤਾ ਭਾਰਤ ਸਰਕਾਰ ਤੱਕ ਪੁਜਦਾ ਕਰਨ ਲਈ ਭਾਰਤੀ ਕੌਸਲ ਜਨਰਲ ਨੂੰ ਭੇਜਿਆਂ ਜਾਵੇਗਾ। ਅਖੀਰ ਵਿਚ ਪਰਗਟ ਸਿੰਘ ਧਾਲੀਵਾਲ ਵਲੋਂ ਇਸ ਪਰੋਗਰਾਮ ਵਿਚ ਪਹੁੰਚੇ ਸਭ ਸਜਣਾ ਅਤੇ ਬੀਬੀਆਂ ਦਾ ਧੰਨਵਾਦ ਕੀਤਾ ਅਤੇ ਕਿਸਾਨਾ ਦੇ ਮਸਲਿਆ ਬਾਰੇ ਜਾਗਰੂਕ ਹੋਣ ਦਾ ਸੱਦਾ ਦਿਤਾ।

ਇਸ ਮੌਕੇ ਤੇ ਸੈਟਰਲ ਕੈਲੇਫੋਰਨੀਆਂ ਦੇ ਕਿਸਾਨਾ ਵਲੋਂ ਬਣਾਈ ਜਾ ਰਹੀ ਇਕ ਸੰਸਥਾ ਪੰਜਾਬੀ ਅਮੈਰੀਕਨ ਗਰੋਅਰ ਗਰੁੱਪ (ਫਅਘਘ) ਹੈ ਦੀ ਵੀ ਗਲ ਕੀਤੀ ਗਈ ਇਹ ਸੰਸਥਾ ਲੋਕਲ ਕਿਸਾਨੀ ਮਸਲਿਆ ਬਾਰੇ ਕੰਮ ਕਰੇਗੀ। ਸਾਰੇ ਫੰਕਸ਼ਨ ਦਰੌਨ ਸਾਰੇ ਸਰੋਤਿਆਂ ਨੇ ਮਾਸਕ ਪਾਈ ਰੱਖੇ, ਹੱਥ ਮਿਲਾਉਣ ਤੋ ਗੁਰੇਜ ਅਤੇ 6 ਫੁਟ ਦੀ ਵਿਥ ਤੇ ਬੈਠ ਕੇ ਕੋਵਿਡ ਸਬੰਧੀ ਸਾਵਧਾਨੀਆ ਦਾ ਪਾਲਣ ਕੀਤਾ। ਸੁਰਿੰਦਰ ਮੰਢਾਲੀ ਨੇ ਜੀ ਟੀਵੀ ਦੇ ਸੰਜੀਵ ਕੁਮਾਰ, ਜਸ ਟੀਵੀ ਦੇ ਜਗਤਾਰ ਜੱਗੀ ਅਤੇ ਗੁਰਦੀਪ ਸਿੰਘ ਸ਼ੇਰਗਿਲ ਦਾ ਇਕ ਪਰੋਗਰਾਮ ਨੂੰ ਕਵਰ ਕਰਨ ਲਈ ਧੰਨਵਾਦ ਕੀਤਾ। ਉਨਾਂ ਨੇ ਨਰਿੰਦਰ ਸੁਜੋ ਅਤੇ ਕੁਲਦੀਪ ਸੁਜੋ ਜੋ ਪਰਿਵਾਰਾ ਸਮੇਤ ਬੇ-ਏਰੀਏ ਤੋ ਪਹੁੰਚੇ ਅਤੇ ਕੁਲਦੀਪ ਸਿੰਘ ਅਟਵਾਲ ਮਰਸਿਡ ਤੋਂ ਪਹੁੰਚਣ ਤੇ ਖਾਸ ਧੰਨਵਾਦ ਕੀਤਾ।

# ਫਰਾਂਸ ਪੁਲਿਸ ਵਲੋਂ ਇਸਲਾਮਿਕ ਸੰਗਠਨਾਂ ਖ਼ਿਲਾਫ਼ ਸਖਤੀ ਆਰੰਭ

ਪੈਰਿਸ – ਅਧਿਆਪਕ ਦੀ ਦਿਨ ਦਿਹਾੜੇ ਹੱਤਿਆ ਤੋਂ ਬਾਅਦ ਫਰਾਂਸ ਦੀ ਪੁਲਿਸ ਨੇ ਇਸਲਾਮਿਕ ਸੰਗਠਨਾ ਖ਼ਿਲਾਫ਼ ਕਾਰਵਾਈ ਦਾ ਵੱਡੇ ਪੱਧਰ ’ਤੇ ਮੁਹਿੰਮ ਛੇੜ ਦਿੱਤੀ। ਸਾਰੀਆਂ ਥਾਵਾਂ ’ਤੇ ਛਾਪੇਮਾਰੀ ਕੀਤੀ ਗਈ ਹੈ ਤੇ ਸ਼ੱਕੀ ਵਿਦੇਸ਼ੀਆਂ ਨੂੰ ਹਿਰਾਸਤ ’ਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਬੀਤੇ ਦਿਨ ਚੇਚੇਨ ਮੂਲ ਦੇ ਅੱਤਵਾਦੀ ਨੌਜਵਾਨ ਨੇ ਅਧਿਐਨ ਮੁਤਾਬਕ ਪੈਟੀ ਕੀਤੀ ਉਨ੍ਹਾਂ ਦੇ ਸਕੂਲ ਦੇ ਬਾਹਰ ਗਰਦਨ ਕੱਟ ਕਰ ਹੱਤਿਆ ਕਰ ਦਿੱਤੀ ਸੀ। ਪੁਲਿਸ ਨੇ ਕੁਝ ਹੀ ਦੇਰ ਬਾਅਦ ਉਸ ਨੌਜਵਾਨ ਨੂੰ ਵੀ ਢੇਰ ਕਰ ਦਿੱਤਾ ਸੀ। ਕੱਟੜਪੰਥੀ ਇਸਲਾਮਿਕ ਸੰਗਠਨਾਂ ਖ਼ਿਲਾਫ਼ ਆਰਥਿਕ ਕਾਰਵਾਈ ਦੇ ਵਿੱਤ ਮੰਤਰੀ ਦੇ ਸੰਕੇਤ ਤੋਂ ਬਾਅਦ ਫਰਾਂਸ ਦੀ ਪੁਲਿਸ ਨੇ ਉਨ੍ਹਾਂ ਦੇ ਟਿਕਾਣਿਆਂ ’ਤੇ ਛਾਪੇਮਾਰੀ ਸ਼ੁਰੂ ਕਰ ਦਿੱਤੀ। ਗ੍ਰਿ ਮੰਤਰੀ ਜੇਰਾਲਡ ਡੇਰਮੇਨਿਨ ਨੇ ਕਿਹਾ ਕਿ ਸੋਸ਼ਲ ਮੀਡੀਆ ’ਤੇ ਨਫ਼ਰਤੀ ਪੋਸਟ ਕਰਨ ਵਾਲੇ 50 ਸੰਗਠਨਾਂ ਦੇ ਲੋਕ ਸਰਕਾਰ ਦੇ ਨਿਸ਼ਾਨੇ ’ਤੇ ਹਨ। ਇਨ੍ਹਾਂ ਦੇ ਆਨਲਾਈਨ ਪੋਸਟ ਨਾਲ ਸਬੰਧਤ 80 ਮਾਮਲਿਆਂ ’ਚ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਦੋ ਲੋਕਾਂ ਨੇ ਪੈਟੀ ਖ਼ਿਲਾਫ਼ ਫ਼ਤਵਾ ਜਾਰੀ ਕਰ ਕੇ ਕਾਰਵਾਈ ਦੀ ਮੰਗ ਕੀਤੀ ਸੀ। ਇਨ੍ਹਾਂ ਸਮੇਤ ਕਈ ਹੋਰ ਮਾਮ-ਲਿਆਂ ’ਚ ਪੁਲਿਸ ਕਾਰਵਾਈ ਕਰ ਰਹੀ ਹੈ। ਸੂਤਰਾਂ ਮੁਤਾਬਕ ਕੱਟੜਪੰਥੀ ਵਿਚਾਰਧਾਰਾ ਦੇ 213 ਵਿਦੇਸ਼ੀ ਲੋਕਾਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਣ ਦੀ ਤਿਆਰੀ ਹੋ ਰਹੀ ਹੈ। ਇਨ੍ਹਾਂ ’ਚੋਂ 150 ਲੋਕ ਜੇਲ੍ਹ ’ਚ ਹਨ। ਇਹ ਸਾਰੇ ਲੋਕ ਸਰਕਾਰ ਦੀ ਨਿਗਰਾਨੀ ਸੂਚੀ ’ਚ ਹਨ। ਪੈਟੀ ਦੀ ਹੱਤਿਆ ਦੇ ਮਾਮਲੇ ’ਚ ਅਜੇ ਤਕ 11 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600 Fax : (530) 870-1429
532, Houston St.
West Sacramento, CA 95691
Email: myfuturetruck@gmail.com

Dharminder Singh

# ਪੰਜਾਬ ਵਿੱਚ ਹਮੇਸ਼ਾ ਸਰਕਾਰਾਂ ਦਲਿਤ ਪੱਛੜੇ ਵਰਗਾਂ ਵਿਰੋਧੀ ਰਹੀਆਂ - ਬਸਪਾ ਪੰਜਾਬ ਪ੍ਰਧਾਨ

## ਦਲਿਤ ਪੱਛੜਾ ਤੇ ਕਿਸਾਨ ਦੀ ਲੜਾਈ ਬਸਪਾ ਲੜੇਗੀ- ਬੈਨੀਵਾਲ









**ਖਰੜ–** ਬੁਹਜਨ ਸਮਾਜ ਪਾਰਟੀ ਪੰਜਾਬ ਵਲੋਂ ਅੱਜ ਖਰੜ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਘਪਲੇ ਨੂੰ ਲੈ ਕੇ ਕੀਤਾ ਗਿਆ ਜੋਕਿ ਅੱਜ ਸਮੂਹਿਕ ਤੌਰ ਤੇ ਵਿਸ਼ਾਲ ਰੋਹ ਅੰਦੋਲਨ ਦੇ ਰੂਪ ਵਿਚ ਬਦਲਦਾ ਨਜ਼ਰ ਆ ਰਿਹਾ ਹੈ। ਪ੍ਰਦਰਸ਼ਨ ਵਿਚ ਮੁੱਖ ਮਹਿਮਾਨ ਦੇ ਰੂਪ ਵਿਚ ਪੰਜਾਬ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ, ਵਿਪਲ ਕੁਮਾਰ ਅਤੇ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਪੁੱਜੇ। ਸ੍ਰੀ ਬੈਨੀਪਾਲ ਨੇ ਕਿਹਾ ਕਿ ਅੱਜ ਪੰਜਾਬ ਵਿਚ ਦਲਿਤ ਪਛੜਾ ਤੇ ਕਿਸਾਨ ਲਗਾਤਾਰ ਸੜਕਾਂ ਤੇ ਆਪਣੇ ਹੱਕਾਂ ਦੀ ਲੜਾਈ ਲਈ ਸੰਘਰਸ਼ ਕਰ ਰਹੇ ਹਨ ਉਹਨਾਂ ਦੀ ਲੜਾਈ ਬਸਪਾ ਲੜੇਗੀ। ਸ੍ਰੀ ਵਿਪਲ ਕੁਮਾਰ ਨੇ ਕਿਹਾ ਕਿ ਪੰਜਾਬ ਵਿੱਚ ਅੱਜ ਤੱਕ ਪਛੜਾ ਵਰਗ ਦੀ ਮੰਡਲ ਕਮਿਸ਼ਨ ਰਿਪੋਰਟ ਹਾਲੀ ਤੱਕ ਲਾਗੂ ਨਹੀਂ ਕੀਤੀ ਗਈ ਜਦੋਂ ਕਿ ਆਜ਼ਾਦੀ ਨੂੰ 73 ਸਾਲ ਗੁਜ਼ਰ ਚੁੱਕੇ ਹਨ।

ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਬੁਲੰਦ ਆਵਾਜ਼ ਵਿਚ ਕਾਂਗਰਸ ਨੂੰ ਲਲਕਾਰਿਆ ਕਿ ਪੰਜਾਬ ਵਿੱਚ ਸਰਕਾਰਾਂ ਨੇ ਆਜ਼ਾਦੀ ਦੇ 73 ਸਾਲਾਂ ਵਿਚ ਦਲਿਤ ਪਛੜਾ ਵਰਗ ਨੂੰ ਰਗੜਨ ਤੋਂ ਬਗ਼ੈਰ ਕੀ ਕੀਤਾ। ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ, 85 ਵੀ ਸੋਧ, ਮੰਡਲ ਕਮਿਸ਼ਨ ਰਿਪੋਰਟ, ਨੌਕਰੀਆਂ ਦਾ ਬੈਕਲਾਗ, ਵਜ਼ੀਫੇ ਚ ਘਪਲੇ ਆਦਿ ਮੁਦਿਆਂ ਉਪਰ ਅੰਕੜਿਆਂ ਨਾਲ ਆਵਾਜ਼ ਉਠਾਈ। ਉਹਨਾਂ ਕਿਹਾ ਕਿ ਕਿਸਾਨ ਵਿਰੋਧੀ ਬਿੱਲ ਅਤੇ ਉਤਰ ਪ੍ਰਦੇਸ਼ ਤੋਂ ਆਉਂਦੇ ਸਸਤੇ ਝੋਨੇ ਦੇ ਟਰਾਲੇ ਕਾਂਗਰਸ ਦੀ ਮਿਲੀ ਭੁਗਤ ਨਾਲ ਘੁਟਾਲੇ ਹੋ ਰਹੇ ਹਨ ।

ਉਹਨਾਂ ਕਿਹਾ ਕਿ ਬਸਪਾ ਨੇ ਆਪਣੇ ਅੰਦੋਲਨ ਰਾਹੀਂ ਪੰਜਾਬ ਦੀ ਰਾਜਨੀਤੀ ਦਾ ਮਾਹੌਲ ਬਦਲ ਦਿੱਤਾ ਹੈ। ਹੁਣ ਪੰਜਾਬ ਵਿੱਚ ਬਸਪਾ ਰਾਜਨੀਤੀ ਦੇ ਅਹਿਮ ਧੁਰੇ ਦੇ ਰੂਪ ਵਿਚ ਬਣਨ ਜਾ ਰਹੀ ਹੈ।

ਬਸਪਾ ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ ਬਸਪਾ ਪੰਜਾਬ ਵਿੱਚ ਇੱਕਮੁੱਠ ਹੋਕੇ ਜਮੀਨੀ ਪੱਧਰ ਤੇ ਵਿਚਰ ਰਹੀ ਹੈ ਜਿਸਦਾ ਨਤੀਜ਼ਾ ਹੈਕਿ ਹੈ ਕਿ ਬਸਪਾ ਪੰਜਾਬ ਵਿੱਚ ਅੱਠ ਵੱਡੇ ਪ੍ਰੋਗਰਾਮ ਕਰ ਚੁੱਕੀ ਹੈ ਅਤੇ ਅਗਲੇ ਤਿੰਨ ਪ੍ਰੋਗਰਾਮ 28 ਅਕਤੂਬਰ ਨੂੰ ਜਲੰਧਰ, 2 ਨਵੰਬਰ ਫਰੀਦਕੋਟ ਅਤੇ 6 ਨਵੰਬਰ ਨੂੰ ਲੁਧਿਆਣਾ ਵਿਖੇ ਇਸ ਅੰਦੋਲਨ ਦੀ ਕੜੀ ਦਾ ਆਖਰੀ ਪ੍ਰੋਗਰਾਮ ਕਰੇਗੀ।

ਸੂਬਾ ਜਨਰਲ ਸਕੱਤਰ ਰਾਜਾ ਰਾਜਿੰਦਰ ਸਿੰਘ ਨੇ ਮੰਚ ਸੰਚਾਲਨ ਕਰਦੇ ਕਿਹਾ ਕਿ ਬਸਪਾ ਪੰਜਾਬ ਵਿੱਚ ਮੌਜੂਦਾ ਪੰਜਾਬ ਪ੍ਰਧਾਨ ਦੀ ਅਗਵਾਈ ਵਿੱਚ ਦਿਨ ਰਾਤ ਦੋਗਣੀ ਚੌਗੁਣੀ ਨਹੀਂ ਦਸ ਗੁਣਾ ਰਫ਼ਤਾਰ ਨਾਲ ਅੱਗੇ ਵੱਧ ਰਹੀ ਹੈ।

ਇਸ ਮੌਕੇ ਸੂਬਾ ਜਰਨਲ ਸਕੱਤਰ ਨਛੱਤਰ ਪਾਲ, ਭਗਵਾਨ ਸਿੰਘ ਚੌਹਾਨ, ਰਛਪਾਲ ਸਿੰਘ ਰਾਜੂ, ਹਰਜੀਤ ਸਿੰਘ ਲੋਗੀਆ, ਰਾਜਾ ਰਾਜਿੰਦਰ ਸਿੰਘ ਨਨਹੇੜੀਆ, ਭੈਣ ਕੁਲਵੰਤ ਕੌਰ, ਸੋਢੀ ਵਿਕਰਮ ਸਿੰਘ, ਠੇਕੇਦਾਰ ਹਰਭਜਨ ਸਿੰਘ ਬਜਹੇੜੀ, ਸੁਖਦੇਵ ਚਪੜਚਿੜੀ, ਬਲਜਿੰਦਰ ਮਾਮੂਪੁਰ, ਪ੍ਰਵੀਨ ਬੰਗਾ, ਹਰਬੰਸ ਸਿੰਘ ਚਣਕੋਆ, ਮਾ ਨਛੱਤਰ ਸਿੰਘ, ਸੁਰਿੰਦਰਪਾਲ ਸਿੰਘ ਸਹੋੜਾ ਹਰਨੇਕ ਸਿੰਘ ਮੋਹਾਲੀ, ਸੁਖਵਿੰਦਰ ਸਿੰਘ ਮੋਠਾਪੁਰ, ਹਰਨੇਕ ਸਿੰਘ ਦੇਵਪੁਰੀ, ਜਸਵੀਰ ਸਿੰਘ, ਔਲੀਅਪੁਰ, ਵੇਦ ਪ੍ਰਕਾਸ਼, ਹਰਦੀਪ ਸਿੰਘ, ਡਾ ਜਰਨੈਲ ਸਿੰਘ, ਹਰਪ੍ਰੀਤ ਸਿੰਘ, ਮਾਸਟਰ ਜਗਦੀਸ਼ ਸਿੰਘ, ਹਾਕਮ ਸਿੰਘ ਮਸ਼ਲੀ, ਪ੍ਰਭਜੋਤ ਸਿੰਘ ਰਛਪਾਲ ਮਹਾਲੋਂ, ਮਾਂ ਰਾਮਪਾਲ ਅਬਿਆਣਾ, ਜਗਜੀਤ ਛਰਬਰ, ਨੀਲਮ ਸਹਿਜਲ ਆਦਿ ਵੱਡੀ ਗਿਣਤੀ ਵਿਚ ਬਸਪਾ ਵਰਕਰ ਸ਼ਾਮਿਲ ਸਨ ।

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave.
San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

# ਦਲਿਤ ਨੌਜਵਾਨ ਨੂੰ ਪੇਸ਼ਾਬ ਪਿਲਾ ਕੇ ਕੀਤਾ ਗਿਆ ਜ਼ਲੀਲ, ਢਾਹਿਆ ਗਿਆ ਅਣ ਮਨੁੱਖੀ ਤਸ਼ੱਦਦ, ਮਾਮਲਾ ਦਰਜ







**ਜਲਾਲਾਬਾਦ/ਸ੍ਰੀ ਮੁਕਤਸਰ ਸਾਹਿਬ–** ਫਾਜ਼ਿਲਕਾ ਜ਼ਿਲ੍ਹੇ ਅਧੀਨ ਆਉਂਦੇ ਪਿੰਡ ਚੱਕ ਜਾਨੀਸਰ ਵਿਖੇ ਇੱਕ ਦਲਿਤ ਨੌਜਵਾਨ ਗੁਰਨਾਮ ਸਿੰਘ ਗੋਰਾ ਪੁੱਤਰ ਜਗੀਰ ਸਿੰਘ ਵਾਸੀ ਚੱਕ ਮਦਰੱਸਾ ਜ਼ਿਲਾ ਮੁਕਤਸਰ ਨੂੰ ਕੁੱਝ ਹੋਰ ਨੌਜਵਾਨਾਂ ਵੱਲੋਂ ਮਾਰ ਕੁਟਾਈ ਕਰਕੇ ਉਸ ਨੂੰ ਪਿਸ਼ਾਬ ਪਿਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ ਪੀੜਤ ਦਲਿਤ ਨੌਜਵਾਨ ਸਿਵਲ ਹਸਪਤਾਲ ਜਲਾਲਾਬਾਦ ਵਿਖੇ ਦਾਖਲ ਕਰਵਾਇਆ ਗਿਆ ਸੀ। ਜੋ ਹੁਣ ਪਿੰਡ ਚਕਰ ਜਾਨੀ ਸਰ ਵਿਖੇ ਆਪਣੇ ਭਰਾ ਪਾਸ ਜ਼ੇਰਿ- ਇ- ਇਲਾਜ ਹੈ। ਭਾਰੀ ਜਨਤਕ ਦਬਾਅ ਸਦਕਾ ਪੁਲਿਸ ਵੱਲੋਂ ਇਸ ਸਬੰਧੀ ਥਾਣਾ ਵੈਰੋ ਕੇ ਤਹਿਸੀਲ ਜਲਾਲਾਬਾਦ ਵਿਖੇ ਮੁਕੱਦਮਾ ਨੰ 214 ਮਿਤੀ 12 -10- 2020 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਇਹ ਖ਼ਬਰ ਮੀਡੀਆ ਵਿਚ ਆਉਣ ਤੋਂ ਬਾਅਦ ਇਸ ਸਬੰਧੀ ਮੌਕੇ ਤੇ ਜਾਕੇ ਜਾਣਕਾਰੀ ਹਾਸਲ ਕਰਨ ਲਈ ਮਿਤੀ 14 ਅਕਤੂਬਰ ਨੂੰ ਸ: ਸੁਖਦੇਵ ਸਿੰਘ ਲੱਖੇਵਾਲੀ ਜ਼ਿਲ੍ਹਾ ਇੰਚਾਰਜ ਬਸਪਾ ਸ੍ਰੀ ਮੁਕਤਸਰ ਸਾਹਿਬ ਨੂੰ ਲੋਕਲ ਬਸਪਾ ਆਗੂਆਂ ਸਮੇਤ ਭੇਜਿਆ ਗਿਆ । ਮਿਤੀ 15 ਅਕਤੂਬਰ ਨੂੰ ਇਕ ਹੋਰ ਟੀਮ ਸ: ਬਲਦੇਵ ਸਿੰਘ ਰਾਏ ਇੰਚਾਰਜ ਲੋਕ ਸਭਾ ਫਿਰੋਜ਼ਪੁਰ ਤੇ ਸ੍ਰੀ ਰਾਜਿੰਦਰ ਸਿੰਘ ਭੱਟੀ ਪਰਧਾਨ ਬਸਪਾ ਜ਼ਿਲ੍ਹਾ ਫਾਜ਼ਿਲਕਾ ਦੀ ਅਗਵਾਈ 'ਚ ਸਾਰੇ ਹਾਲਾਤ ਤੇ ਨਜ਼ਰ ਸਾਨੀ ਲਈ ਭੇਜਿਆ ਗਿਆ। ਉਹਨਾਂ ਵੱਲੋਂ ਭੇਜੀ ਗਈ ਦਿਲ ਕੰਬਾਊ ਜਾਣਕਾਰੀ ਤੋਂ ਬਾਅਦ ਮਾਮਲੇ ਦੀ ਗੰਭੀਰਤਾ ਨੂੰ ਭਾਂਪਦਿਆਂ ਸ: ਜਸਵੀਰ ਸਿੰਘ ਗੜ੍ਹੀ ਪਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ: ਲਾਲ ਸਿੰਘ ਸੁਲਹਾਣੀ ਸੂਬਾ ਜਰਨਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ ਦੀ ਅਗਵਾਈ ਵਿਚ ਇਕ ਟੀਮ ਤਿਆਰ ਕੀਤੀ ਗਈ । ਜਿਸ ਵਿਚ 3 ਐਡਵੋਕੇਟ ਅਵਤਾਰ ਕ੍ਰਿਸ਼ਨ ਮੁੱਖ ਜ਼ੋਨ ਇੰਚਾਰਜ ਲੋਕ ਸਭਾ ਫਰੀਦਕੋਟ ਐਡਵੋਕੇਟ ਜਗਦੀਸ਼ ਕੁਮਾਰ ਜਨਰਲ ਸਕੱਤਰ ਬਸਪਾ ਜ਼ਿਲ੍ਹਾ ਫਰੀਦਕੋਟ ਬਲਦੇਵ ਸਿੰਘ ਰਾਏ ਇੰਚਾਰਜ ਲੋਕ ਸਭਾ ਫਰੀਦਕੋਟ ਨੂੰ ਸ਼ਾਮਲ ਕੀਤਾ ਗਿਆ। ਇਸ ਤੋਂ ਇਲਾਵਾ ਸ: ਗੁਰਚਰਨ ਸਿੰਘ ਬਜੀਦਪੁਰ ਜ਼ਿਲ੍ਹਾ ਇੰਚਾਰਜ ਬਸਪਾ ਫਿਰੋਜ਼ਪੁਰ, ਸ੍ਰੀ ਤਾਰਾ ਸਿੰਘ ਮਾਰਸ਼ਲ ਸਕੱਤਰ ਬਸਪਾ ਫਿਰੋਜ਼ਪੁਰ, ਸ੍ਰੀ ਰਾਜਿੰਦਰ ਸਿੰਘ ਭੱਟੀ ਪਰਧਾਨ ਬਸਪਾ ਜ਼ਿਲ੍ਹਾ ਫਾਜ਼ਿਲਕਾ, ਸ੍ਰੀ ਸੁਖਦੇਵ ਸਿੰਘ ਲੱਖੇਵਾਲੀ ਜ਼ਿਲ੍ਹਾ ਇੰਚਾਰਜ ਬਸਪਾ ਸ੍ਰੀ ਮੁਕਤਸਰ ਸਾਹਿਬ ਤੇ ਸ੍ਰੀ ਬੂਟਾ ਸਿੰਘ ਪਰਧਾਨ ਬਸਪਾ ਇਕਾਈ ਚੱਕ ਮਦਰੱਸਾ ਨੂੰ ਨਾਲ ਲੈਕੇ ਮੌਕੇ ਤੇ ਜਾਕੇ ਜਾਣਕਾਰੀ ਹਾਸਲ ਕੀਤੀ ਗਈ । ਪੀੜਤ ਨੌਜੁਆਨ ਸ੍ਰੀ ਗੁਰਨਾਮ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਚੱਕ ਮਦਰਸਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਉਹ ਮਿਤੀ 8 ਅਕਤੂਬਰ ਰਾਤ ਨੂੰ ਕਰੀਬ 9-30 ਵਜੇ ਆਪਣੇ ਪਿੰਡ ਤੋਂ ਚੱਕ ਜਾਨੀਸਰ ਜਿੱਥੇ ਉਹਦਾ ਵਡਾ ਭਾਈ ਬੋਹੜ ਸਿੰਘ ਉਰਫ ਗਗਨ ਕਿਸੇ ਜਿਮੀਦਾਰ ਦੇ ਕੰਮ ਕਰਦਾ ਹੈ ਉਸ ਨੂੰ ਮਿਲਣ ਲਈ ਜਾ ਰਿਹਾ ਸੀ ਤਾਂ ਨਹਿਰ ਦੇ ਪੁਲ ਤੇ ਤਿੰਨ ਵਿਅਕਤੀਆਂ ਵੱਲੋਂ ਘੇਰ ਲਿਆ ਗਿਆ ਤੇ ਉਸਦੀ ਜੇਬ ਵਿਚੋਂ 1500 ਰੁਪਏ ਕੱਢ ਲਏ ਤੇ ਉਲਟਾ ਚੋਰ ਚੋਰ ਕਹਿਕੇ ਕੁੱਟਣ ਲਗ ਪਏ। ਬੇਤਹਾਸ਼ਾ ਕੁੱਟ ਮਾਰ ਕਰਕੇ ਪਿੰਡ ਦੀ ਧਰਮ ਸ਼ਾਲ ਦਾ ਜਿੰਦਰਾ ਤੋੜ ਕੇ ਉਥੇ ਬੰਦੀ ਬਣਾ ਲਿਆ ਤੇ ਪਿੰਡ ਦੇ ਹੋਰ ਵਿਅਕਤੀ ਬਿਨਾਂ ਕੋਈ ਗੱਲ ਸੁਣਨ ਤੋਂ ਲਗਾਤਾਰ ਹਾਕੀਆਂ, ਚੱਪਲਾਂ, ਘਸੁੰਨ ਮੁੱਕੀਆਂ ਨਾਲ ਕੁੱਟਦੇ ਰਹੇ ਤੇ ਉਸਦੇ ਨਲ਼ਾਂ ਤੇ ਲੱਤਾਂ ਮਾਰਦੇ ਰਹੇ। ਕਈ ਘੰਟੇ ਇਹ ਸਿਲਸਿਲਾ ਚਲਦਾ ਰਿਹਾ ਤੇ ਉਸ ਵਲੋਂ ਪਾਣੀ ਮੰਗਣ 'ਤੇ ਪਿਸ਼ਾਬ ਪਿਆਇਆ ਗਿਆ । ਇਹ ਬੜਾ ਗੰਭੀਰ ਤੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਦਰਿੰਦਗੀ ਭਰਿਆ ਮਸਲਾ ਹੈ। ਪੁਲਸ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਦੋਸ਼ੀਆਨ ਸਿਮਰਨਜੀਤ ਸਿੰਘ ਉਰਫ ਕਾਲ਼ਾ ਪੁਤਰ ਗੁਰਦਿਆਲ ਸਿੰਘ, ਰਮਨਦੀਪ ਸਿੰਘ ਉਰਫ ਰਮਨਾ ਪੁੱਤਰ ਹਰਚਰਨ ਸਿੰਘ, ਜਗਬੀਰ ਸਿੰਘ ਉਰਫ ਭੋਲਾ ਪੰਡਤ ਪੁੱਤਰ ਦੇਸ ਰਾਜ ਵਾਸੀਆਨ ਪਿੰਡ ਚੱਕ ਜਾਨੀਸਰ ਛੀਬਿਆਂ ਵਾਲੀ ਤੇ ਹੋਰ ਅਣਪਛਾਤੇ ਵਿਅਕਤੀਆਂ ਖਿਲਾਫ ਭਾਰਤੀ ਦੰਡਾਵਲੀ ਦੀ ਧਾਰਾ 323/ 341/ 365/ 382/ 506/ 148/ 149, 3 (1) (ਏ) ਸਚ ਸਟ ਅਚਟ ਤਹਿਤ ਮਾਮਲਾ ਦਰਜ ਕਰ ਲਿਆ ਹੈ

ਸਾਰੀ ਜਾਣਕਾਰੀ ਹਾਸਲ ਕਰਕੇ ਸਾਡੀ ਟੀਮ ਵਲੋਂ ਐਸ ਐਚ ਓ ਥਾਣਾ ਵੈਰੋ ਕੇ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ। ਥਾਣੇ ਵਿਚ ਐਸ ਐਚ ਓ ਤਾਂ ਨਹੀਂ ਮਿਲੇ ਪਰ ਸ: ਪਲਵਿੰਦਰ ਸਿੰਘ ਸੰਧੂ ਉਪ ਪੁਲਿਸ ਕਪਤਾਨ ਜਲਾਲਾਬਾਦ ਮੌਜੂਦ ਸਨ। ਉਹਨਾਂ ਨੇ ਸਾਡੀ ਟੀਮ ਨੂੰ ਦੱਸਿਆ ਕਿ ਨਾਮਜਦ ਕੀਤੇ ਮੁੱਖ ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਤੇ ਹੋਰ ਦੋਸ਼ੀਆਂ ਨੂੰ ਫੜਨ ਲਈ ਪੁਲਿਸ ਕਾਰਵਾਈ ਜਾਰੀ ਹੈ। ਮਾਮਲੇ ਦੀ ਗੰਭੀਰਤਾ ਨੂੰ ਭਾਂਪਦਿਆਂ ਇਸ ਸੰਬੰਧੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ ( ീਠ) ਗਠਨ ਕੀਤੀ ਗਈ ਹੈ।

ਬੇਸ਼ੱਕ ਉਕਤ ਪੁਲਿਸ ਅਫਸਰ ਨਾਲ ਗੱਲਬਾਤ ਤਸੱਲੀ ਬਖਸ਼ ਰਹੀ ਪਰੰਤੂ ਗੁਰੂਆਂ ਦੇ ਨਾਮ ਤੇ ਜਾਣੇ ਜਾਂਦੇ ਪੰਜਾਬ ਅੰਦਰ ਇਸ ਕਿਸਮ ਦੀਆਂ ਅਣਮਨੁੱਖੀ ਵਾਰਦਾਤਾਂ ਤੇ ਗਰੀਬ ਗੁਰਬਿਆਂ ਤੇ ਤਸ਼ੱਦਦ ਦੇ ਮਾਮਲਿਆਂ ਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ ਜੋ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ। ਬਹੁਜਨ ਸਮਾਜ ਪਾਰਟੀ ਪੰਜਾਬ ਇਸ ਦੀ ਘੋਰ ਨਿੰਦਾ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਸੰਬੰਧਤ ਹੋਰ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਪੀੜਤ ਗੁਰਨਾਮ ਸਿੰਘ ਜਿਸ ਨੂੰ ਬੇਤਹਾਸ਼ਾ ਕੁੱਟ ਮਾਰ ਕਰਕੇ ਨਕਾਰਾ ਕਰ ਦਿੱਤਾ ਗਿਆ ਹੈ ਤੇ ਅਣਮਨੁੱਖੀ ਤਸ਼ੱਦਦ ਢਾਹਕੇ ਜ਼ਲੀਲ ਕੀਤਾ ਹੈ ਉਸਨੂੰ ਸਰਕਾਰ ਘੱਟੋ ਘੱਟ 10 ਲੱਖ ਰੁਪਏ ਮੁਆਵਜ਼ਾ ਦੇਵੇ ਤੇ ਦੋਸ਼ੀਆਂ ਨਾਲ ਕੋਈ ਢਿੱਲ ਨਾ ਵਰਤੀ ਜਾਵੇ ਤਾਂ ਕਿ ਅਜਿਹੇ ਮਾਮਲਿਆਂ ਨੂੰ ਠੱਲ੍ਹ ਪਾਈ ਜਾ ਸਕੇ ।

**ਲਾਲ ਸਿੰਘ ਸੁਲਹਾਣੀ**
**ਜਨਰਲ ਸਕੱਤਰ**
**ਬਹੁਜਨ ਸਮਾਜ ਪਾਰਟੀ ਪੰਜਾਬ**
**ਅਵਤਾਰ ਕ੍ਰਿਸ਼ਨ ਐਡਵੋਕੇਟ**
**ਮੁੱਖ ਜ਼ੋਨ ਇੰਚਾਰਜ ਬਸਪਾ ਲੋਕ ਸਭਾ ਫਰੀਦਕੋਟ**
**ਜਗਦੀਸ਼ ਕੁਮਾਰ ਜਨਰਲ ਸਕੱਤਰ, ਬਸਪਾ, ਫਰੀਦਕੋਟ**
**ਬਲਦੇਵ ਸਿੰਘ ਰਾਏ**

# ਰਾਸ਼ਟਰਪਤੀ ਟਰੰਪ ਤੇ ਪ੍ਰਧਾਨ ਮੰਤਰੀ ਮੋਦੀ ਵਿਚਾਲੇ ਸਬੰਧ ਅਸਾਧਾਰਨ-ਜੂਨੀਅਰ ਟਰੰਪ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਡੋਨਾਲਡ ਟਰੰਪ ਜੂਨੀਅਰ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਸਬੰਧ ਅਸਾਧਾਰਨ ਹਨ। ਇਨਾਂ ਸਬੰਧਾਂ ਦਾ ਦੋਨਾਂ ਦੇਸ਼ਾਂ ਨੂੰ ਫਾਇਦਾ ਹੋਵੇਗਾ। ਆਪਣੇ ਪਿਤਾ ਡੋਨਾਲਡ ਟਰੰਪ ਦੀ ਦੁਬਾਰਾ ਜਿੱਤ ਲਈ ਯਤਨਸ਼ੀਲ ਜੂਨੀਅਰ ਟਰੰਪ ਨੇ ਕਿਹਾ ਕਿ ਇਹ ਦੋਵੇਂ ਆਗੂ ਸਮਝਦੇ ਹਨ ਕਿ ਵਿਸ਼ਵ ਭਰ ਵਿਚ ਫੈਲੇ ਸਮਾਜਵਾਦ ਤੇ ਕਮਿਊਨਿਜ਼ਮ ਖਿਲਾਫ਼ ਵੱਡੀ ਜੰਗ ਵਿਚ ਭਾਰਤ ਤੇ ਅਮਰੀਕਾ ਇਕਜੁੱਟ ਹਨ। ਜੂਨੀਅਰ ਟਰੰਪ ਨੇ ਰਾਸ਼ਟਰਪਤੀ ਦੀ ਫਰਵਰੀ ਵਿਚ ਭਾਰਤ ਯਾਤਰਾ ਨੂੰ ਯਾਦ ਕਰਦਿਆਂ ਕਿਹਾ ਕਿ ਉਸ ਦੇ ਪਿਤਾ ਦਾ ਭਾਰਤ ਵਿਚ ਵੱਡੀ ਪੱਧਰ ਉਪਰ ਸਵਾਗਤ ਹੋਇਆ ਸੀ, ਉਹ ਇਨਾਂ ਪਲਾਂ ਨੂੰ ਭੁੱਲ ਨਹੀਂ ਸਕਦੇ। ਉਨਾਂ ਕਿਹਾ ਕਿ ਮੈਨੂੰ ਇਹ ਬਹੁਤ ਚੰਗਾ ਲੱਗਦਾ ਹੈ ਕਿ ਦੋਨਾਂ ਆਗੂਆਂ ਵਿਚਾਲੇ ਬਹੁਤ ਨਜ਼ਦੀਕੀ ਸਬੰਧ ਹਨ ਤੇ ਇਹ ਸ਼ਕਤੀਸ਼ਾਲੀ ਸਬੰਧ ਭਵਿੱਖ ਵਿਚ ਦੋਨਾਂ ਦੇਸ਼ਾਂ ਲਈ ਲਾਹੇਵੰਦ ਸਾਬਤ ਹੋਣਗੇ। ਜੂਨੀਅਰ ਟਰੰਪ ਆਪਣੀ ਪੁਸਤਕ 'ਲਿਬਰਲ ਪ੍ਰੀਵਿਲਜ਼' ਦੀ ਸਫ਼ਲਤਾ ਨੂੰ ਲੈ ਕੇ ਹੋਏ ਸਮਾਗਮ ਵਿਚ ਹਿੱਸਾ ਲੈ ਰਹੇ ਸਨ। ਇਹ ਸਮਾਗਮ ਨਿਊਯਾਰਕ ਵਿਚ ਭਾਰਤੀ ਮੂਲ ਦੇ ਅਮਰੀਕੀ ਭਾਈਚਾਰੇ ਵੱਲੋਂ ਕਰਵਾਇਆ




ਗਿਆ । 'ਲਿਬਰਲ ਪ੍ਰੀਵਿਲਜ਼' ਪੁਸਤਕ ਵਿਚ ਡੈਮੋਕਰੈਟਿਕ ਉਮੀਦਵਾਰ ਜੋ ਬਾਈਡੇਨ ਦੇ ਪਰਿਵਾਰ ਵਿਸ਼ੇਸ਼ ਕਰਕੇ ਉਨਾਂ ਦੇ ਪੁੱਤਰ ਹੰਟਰ ਬਾਈਡੇਨ ਵਿਰੁੱਧ ਭ੍ਰਿਸ਼ਟਾਚਾਰ ਦੇ ਦਸਤਾਵੇਜ਼ੀ ਸਬੂਤਾਂ ਦਾ ਖੁਲਾਸਾ ਕੀਤਾ ਗਿਆ ਹੈ। ਇਸ ਸਮਾਗਮ ਵਿਚ ਭਾਰਤੀ ਭਾਈਚਾਰੇ ਦੇ ਕਾਫੀ ਲੋਕ ਮੌਜੂਦ ਸਨ ਜਿਨਾਂ ਵਿਚ ਡਾ ਰਾਜ ਬਿਆਨੀ ਤੇ ਡਾ ਸ਼ੋਬਾ ਸ਼ਲਾਨੀ ਚੋਕਾਲਿੰਗਮ ਵੀ ਸ਼ਾਮਿਲ ਸਨ। ਇਥੇ ਜਿਕਰਯੋਗ ਹੈ ਕਿ ਡੈਮੋਕਰੈਟਿਕ ਤੇ ਰਿਪਬਲੀਕਨ ਦੋਨੋਂ ਪਾਰਟੀਆਂ ਭਾਰਤੀ ਭਾਈਚਾਰੇ ਦੀਆਂ ਵੋਟਾਂ ਲੈਣ ਲਈ ਪੂਰਾ ਜੋਰ ਲਾ ਰਹੀਆਂ ਹਨ ਪਰ ਇਕ ਤਾਜ਼ਾ ਸਰਵੇ ਵਿਚ ਕਿਹਾ ਗਿਆ ਹੈ ਕਿ 70% ਤੋਂ ਵਧ ਭਾਰਤੀ ਡੋਨਾਲਡ ਟਰੰਪ ਦਾ ਵਿਰੋਧ ਕਰ ਰਹੇ ਹਨ। ਭਾਰਤੀ ਟਰੰਪ ਦੀਆਂ ਪ੍ਰਵਾਸੀਆਂ ਬਾਰੇ ਨੀਤੀਆਂ ਤੋਂ ਸੰਤੁਸ਼ਟ ਨਹੀਂ ਹਨ।

# ਭਾਜਪਾ ਐੱਸ ਸੀ ਮੋਰਚਾ 22 ਅਕਤੂਬਰ ਨੂੰ ਜਲੰਧਰ ਤੋਂ ਕੱਢੇਗਾ ਦਲਿਤ ਇਨਸਾਫ਼ ਮਾਰਚ, ਘੇਰਣਗੇ ਕੈਪਟਨ ਦੀ ਕੋਠੀ

**ਜਲੰਧਰ–** ਪੰਜਾਬ ਵਿਚ ਦਲਿਤਾਂ ਨਾਲ ਹੋ ਰਹੇ ਅੱਤਿਆਚਾਰ ਅਤੇ ਘੁਟਾਲਿਆਂ ਦਾ ਭਾਜਪਾ ਦੇ ਐੱਸ ਸੀ ਮੋਰਚਾ ਨੂੰ ਕੜਾ ਨੋਟਿਸ ਲਿਆ ਹੈ ਅਤੇ ਇਸ ਦੇ ਖ਼ਿਲਾਫ਼ 20 ਅਕਤੂਬਰ ਨੂੰ ਐੱਸ ਸੀ ਮੋਰਚਾ ਦੇ ਪ੍ਰਦੇਸ਼ ਪ੍ਰਧਾਨ ਰਾਜ ਕੁਮਾਰ ਅਟਵਾਲ ਦੀ ਅਗਵਾਈ ਵਿਚ ਦਲਿਤ ਇਨਸਾਫ਼ ਯਾਤਰਾ ਜਲੰਧਰ ਤੋ ਕੱਢਣ ਦਾ ਫ਼ੈਸਲਾ ਲਿਆ ਹੈ,ਜੋ ਚੰਡੀਗੜ੍ਹ ਜਾ ਕੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰੇਂਦਰ ਸਿੰਘ ਦੀ ਸਰਕਾਰੀ ਕੋਠੀ ਦਾ ਘੇਰਾਉ ਕਰ ਉਨ੍ਹਾਂ ਨੂੰ ਚੇਤਾਵਨੀ ਦੇਵੇਗਾ ਕਿ ਦਲਿਤਾਂ ਤੇ ਹੋ ਰਹੇ ਅੱਤਿਆਚਾਰ ਸਰਕਾਰ ਬੰਦ ਕਰਵਾਏ।

ਗੌਰਤਲਬ ਹੈ ਕਿ ਪੰਜਾਬ ਵਿਚ ਦਲਿਤ ਵਿਦਿਆਰਥੀਆਂ ਦੇ ਹਿਤਾਂ ਤੇ ਡਾਕਾ ਮਾਰਦਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਘੋਟਾਲਾ,ਉਸ ਤੋਂ ਬਾਅਦ ਜਲਾਲਾਬਾਦ ਵਿਚ ਦਲਿਤ ਵਿਅਕਤੀ ਦੀ ਕੁੱਟਮਾਰ ਅਤੇ ਪ੍ਰਤਾੜਿਤ ਕਰਨ ਤੋ ਬਾਅਦ ਪਿਸ਼ਾਬ ਪਿਲਾਉਣ ਦੀ ਸ਼ਰਮਨਾਕ ਘਟਨਾ 'ਤੇ ਕੈਪਟਨ ਸਰਕਾਰ ਦੀ ਚੁੱਪੀ ਨੂੰ ਲੈ ਕੇ ਭਾਜਪਾ ਐੱਸ ਸੀ ਮੋਰਚਾ ਵਿਚ ਗ਼ੁੱਸਾ ਪਾਇਆ ਜਾ ਰਿਹਾ ਹੈ। ਇਸ ਸੰਬੰਧ ਵਿਚ ਅੱਜ ਜਲੰਧਰ ਵਿਚ ਭਾਜਪਾ ਐੱਸ ਸੀ ਮੋਰਚਾ ਦੇ ਬੈਨਰ ਤਲੇ ਇੱਕ ਪੱਤਰਕਾਰ ਮਿਲਣੀ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਆਪਣੇ ਸੰਬੋਧਨ ਵਿਚ ਸਾਬਕਾ ਕੇਂਦਰੀ ਮੰਤਰੀ ਵਿਜੈ ਸਾਂਪਲਾ ਨੇ ਕਿਹਾ ਕਿ ਇਹ ਬੜੀ ਮੰਦਭਾਗੀ ਘਟਨਾ ਹੈ ਕਿ ਜਲਾਲਾਬਾਦ ਵਿਚ ਦਲਿਤ ਭਾਈਚਾਰੇ ਦੇ ਵਿਅਕਤੀ ਨੂੰ ਮਾਰਕੁੱਟ ਕਰ ਪਿਸ਼ਾਬ ਪਿਲਾਇਆ ਗਿਆ। ਇਸ ਤੋਂ ਪਹਿਲਾ ਦਲਿਤਾਂ ਵਿਦਿਆਰਥੀਆਂ ਦੇ ਹਿਤਾਂ ਤੇ ਡਾਕਾ ਮਾਰਦੇ ਹੋਏ ਪੋਸਟ ਮੈਟ੍ਰਿਕ ਸਕਾਲਰਸ਼ਿਪ ਘੋਟਾਲਾ ਕੀਤਾ ਗਿਆ,ਜਿਸ ਵਿਚ ਕੈਪਟਨ ਸਾਹਿਬ ਨੇ ਗਿਣੀ ਮਿਥੀ ਸਾਜ਼ਿਸ਼ ਅਧੀਨ ਜਾਂਚ ਦੇ ਬਹਾਨੇ ਦੋਸ਼ੀ ਮੰਤਰੀ ਨੂੰ ਬਣੀ ਬਣਾਈ ਕਲੀਨ ਚਿੱਟ ਦੇ ਦਿੱਤੀ। ਸਾਂਪਲਾ ਨੇ ਕਿਹਾ ਕਿ ਪੰਜਾਬ ਦਾ ਪ੍ਰਸ਼ਾਸਨ ਨਾ ਜਾਏ ਕਿਸ ਦਬਾਅ ਹੇਠ ਮੂਕ ਦਰਸ਼ਕ ਬਣਿਆ ਹੋਇਆ ਹੈ ਅਤੇ ਕੈਪਟਨ ਸਰਕਾਰ ਘੂਕ ਸੁੱਤੀ ਪਈ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਲਿਤ ਭਾਈਚਾਰੇ ਦਾ ਉਤਪੀੜਨ ਕਿਸੇ ਕੀਮਤ ਤੇ ਸਹਿਣ ਨਹੀਂ ਕਰੇਗੀ। ਬੀਤੇ ਦਿਨੀਂ ਜਦ ਉਹ ਪ੍ਰਤਾੜਨਾ ਦੇ ਸ਼ਿਕਾਰ ਹੋਏ ਦਲਿਤ ਨੂੰ ਮਿਲਣ ਗਏ ਤਾਂ ਉਨ੍ਹਾਂ ਜਬਰੀ ਰੋਕਿਆ ਗਿਆ। ਇਸ ਲਈ ਐੱਸ ਸੀ ਮੋਰਚਾ 22 ਅਕਤੂਬਰ ਨੂੰ ਜਲੰਧਰ ਤੋਂ ਬੜੇ ਕਾਫ਼ਲੇ ਦੇ ਰੂਪ ਦਲਿਤ ਇਨਸਾਫ਼ ਯਾਤਰਾ ਲੈ ਕੇ ਚੰਡੀਗੜ੍ਹ ਲਈ ਰਵਾਨਾ ਹੋਵੇਗਾ ਅਤੇ ਪੰਜਾਬ ਸਰਕਾਰ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਮੁੱਖ ਮੰਤਰੀ ਪੰਜਾਬ ਦੀ ਕੋਠੀ ਦਾ ਘੇਰਾਉ ਕੀਤਾ ਜਾਵੇਗਾ। ਇਸ ਮੌਕੇ ਪ੍ਰਦੇਸ਼ ਉਪ ਪ੍ਰਧਾਨ ਰਾਜੇਸ਼ ਬਾਘਾ ਨੇ ਕਿਹਾ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਬਣਨ ਤੋ ਬਾਅਦ ਦਲਿਤਾਂ ਤੇ ਉਤਪੀੜਨ ਵਧਿਆ ਹੈ, ਪਿਛੜੇ ਸਮਾਜ ਨੂੰ ਸਰਕਾਰੀ ਧੱਕੇਸ਼ਾਹੀ ਦੇ ਚੱਲਦਿਆਂ ਪ੍ਰਤਾੜਿਤ ਕੀਤਾ ਜਾ ਰਿਹਾ ਹੈ। ਜਿਸ ਦਾ ਸਬੂਤ ਹੈ ਜਲਾਲਾਬਾਦ ਦੀ ਘਟਨਾ। ਇਨ੍ਹਾਂ ਹੀ ਜਦੋਂ ਪੀੜਤ ਦਾ ਪਤਾ ਲੈਣ ਲਈ ਸ੍ਰੀ ਸਾਂਪਲਾ ਉੱਥੇ ਜਾਣ ਲੱਗੇ ਤਾਂ ਇੱਕ ਸਾਜ਼ਿਸ਼ ਅਧੀਨ ਰੋਕਿਆ ਗਿਆ ਅਤੇ ਗਿਰਫਤਾਰ ਕਰ ਲਿਆ ਗਿਆ। ਬਾਘਾ ਨੇ ਕਿਹਾ ਕਿ ਸਰਕਾਰ ਦਾ ਇਹ ਹਾਲ ਹੈ ਕਿ ਦਲਿਤਾਂ ਨੂੰ ਕੁੱਟੋਂ ਜੇ ਕੋਈ ਪਤਾ ਲੈਣ ਜਾਵੇ ਤਾਂ ਉਸ ਨੂੰ ਗਿਰਫਤਾਰ ਕਰ ਲਵੋ। ਇਹ ਸ਼ਰਮਨਾਕ ਅਤੇ ਅਣਮਨੁੱਖੀ ਕਾਰਾ ਹੈ। ਬਾਘਾ ਨੇ ਕਿਹਾ ਕਿ ਦਲਿਤਾਂ ਦੀ ਪ੍ਰਤਾੜਨਾ ਅਤੇ ਸ਼ੋਸ਼ਣ ਪੰਜਾਬ ਸਰਕਾਰ ਦੇ ਮੱਥੇ ਤੇ ਕਲੰਕ ਹੈ। ਪਾਰਟੀ ਦੇ ਐੱਸ ਸੀ ਮੋਰਚਾ ਦੇ ਪ੍ਰਧਾਨ ਰਾਜ ਕੁਮਾਰ ਅਟਵਾਲ ਨੇ ਕਿਹਾ ਕਿ ਪੰਜਾਬ ਵਿਚ ਦਲਿਤ ਭਾਈਚਾਰੇ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇੱਕ ਸੋਚੀ ਸਮਝੀ ਰਣਨੀਤੀ ਤਹਿਤ ਹੀ ਦਲਿਤ ਵਿਦਿਆਰਥੀਆਂ ਲਈ ਕੇਂਦਰ ਵੱਲੋਂ ਜਾਰੀ ਕਰੋੜਾ ਰੁਪਏ ਸਰਕਾਰ ਹੜੱਪ ਕਰ ਗਈ ਅਤੇ ਲੱਖਾ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿਚ ਪਾ ਦਿੱਤਾ। ਇਸ ਤੋਂ ਪਹਿਲਾ ਜ਼ਹਿਰੀਲੀ ਸ਼ਰਾਬ ਕਰ ਕੇ 130 ਦਲਿਤਾਂ ਦੀ ਮੌਤ ਹੋ ਗਈ ਪਰ ਪੰਜਾਬ ਸਰਕਾਰ ਨੇ ਜਾਂਚ ਦੇ ਨਾਂ ਤੇ ਕਾਂਗਰਸ ਦੀ ਸਰਪ੍ਰਸਤੀ ਵਿਚ ਚੱਲਣ ਵਾਲੇ ਸ਼ਰਾਬ ਮਾਫ਼ੀਆ ਨੂੰ ਕਲੀਨ ਚਿੱਟ ਦੇ ਦਿੱਤੀ। ਮੋਰਚੇ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤੇ ਜਾ ਰਹੇ ਹਨ,ਸਰਕਾਰ ਦੀਆਂ ਅੱਤਿਆਚਾਰੀ ਨੀਤੀਆਂ ਵਿਚ ਕੋਈ ਸੁਧਾਰ ਨਹੀਂ ਹੋਇਆ। ਇਸ ਲਈ ਇਸ ਕੁੰਭਕਰਨੀ ਨੀਂਦ ਵਿਚ ਸੁੱਤੇ ਮੁੱਖ ਮੰਤਰੀ ਨੂੰ ਜਗਾਉਣ ਲਈ ਮੋਰਚਾ 22 ਅਕਤੂਬਰ ਨੂੰ ਚੰਡੀਗੜ੍ਹ ਮੁੱਖ ਮੰਤਰੀ ਦੀ ਕੋਠੀ ਦਾ ਘੇਰਾਉ ਕਰੇਗਾ ਅਤੇ ਇਹ ਯਾਤਰਾ ਪੰਜਾਬ ਸਰਕਾਰ ਦੀਆਂ ਜੜਾਂ ਹਿਲਾ ਕੇ ਰੱਖ ਦੇਵੇਗੀ। ਇਸ ਮੌਕੇ ਪ੍ਰਦੇਸ਼ ਬੁਲਾਰੇ ਮਹਿੰਦਰ ਭਗਤ, ਦੀਵਾਨ ਅਮਿੱਤ ਅਰੋੜਾ, ਜ਼ਿੱਲ੍ਹਾ ਮਹਾ ਮੰਤਰੀ ਰਾਜੀਵ ਢੀਂਗਰਾ, ਭਗਵੰਤ ਪ੍ਰਭਾਕਰ, ਮੋਰਚਾ ਜ਼ਿੱਲ੍ਹਾ ਪ੍ਰਧਾਨ ਭੁਪਿੰਦਰ ਕੁਮਾਰ, ਕੀਮਤੀ ਭਗਤ, ਸ਼ੀਤਲ ਅੰਗੁਰਾਲ, ਦੀਪਕ ਬਾਵਾ, ਮਨਜੀਤ ਬਾਲੀ, ਸੋਨੂੰ ਦਿਨਕਰ, ਸੋਨੂੰ ਹੰਸ, ਰੌਬਿਨ ਸਾਂਪਲਾ, ਜੋਗੀ ਤਲੱਹਣ, ਸੁਭਾਸ਼ ਭਗਤ, ਜੋਨੀ ਕਲਿਆਣ ਸਹਿਤ ਭਾਜਪਾ ਦੇ ਅਹੁਦੇਦਾਰ ਮੌਜੂਦ ਸਨ।



# ਕੈਲੀਫੋਰਨੀਆ ਵਿਚ ਵੋਟ ਬਕਸੇ ਨੂੰ ਲੱਗੀ ਅੱਗ ਵਿਚ 100 ਦੇ ਆਸ ਪਾਸ ਵੋਟਾਂ ਸੜੀਆਂ,ਐਫ ਬੀ ਆਈ ਕਰੇਗੀ ਘਟਨਾ ਦੀ ਜਾਂਚ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** 3 ਨਵੰਬਰ ਨੂੰ ਹੋ ਰਹੀ ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਵਾਪਰੀ ਇਕ ਘਟਨਾ ਵਿਚ ਵੋਟਾਂ ਵਾਲੇ ਇਕ ਬਕਸੇ ਨੂੰ ਅੱਗ ਲੱਗ ਗਈ ਜਿਸ ਵਿਚ 100 ਵੋਟਾਂ ਨਸ਼ਟ ਹੋ ਜਾਣ ਦਾ ਅਨੁਮਾਨ ਹੈ। ਸਮਝਿਆ ਜਾਂਦਾ ਹੈ ਕਿ ਕਿਸੇ ਸ਼ਰਾਰਤੀ ਅਨਸਰ ਵੱਲੋਂ ਬਕਸੇ ਨੂੰ ਅੱਗ ਲਾਈ ਗਈ ਹੈ। ਇਹ ਘਟਨਾ ਲਾਸ ਏਂਜਲਸ ਦੇ ਪੂਰਬ ਵਿਚ ਤਕਰੀਬਨ 20 ਕਿਲੋਮੀਟਰ ਦੂਰ ਨੀਮ ਸ਼ਹਿਰੀ ਖੇਤਰ ਲਤੀਨੋ ਬਹੁਗਿਣਤੀ ਵਾਲੇ ਕਸਬੇ ਬਲਡਵਿਨ ਪਾਰਕ ਵਿਚ ਵਾਪਰੀ। ਲਾਸ ਏਂਜਲਸ ਕਾਊਂਟੀ ਦੇ ਅਧਿਕਾਰੀ ਅੱਗ ਲੱਗਣ ਦੀ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੇ ਹਨ। ਲਾਸ ਏਂਜਲਸ ਕਾਊਂਟੀ ਦੇ ਸੁਪਰਵਾਈਜਰ ਹਿਲਡਾ ਐਲ ਸੋਲਿਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਬਲਡਵਿਨ ਪਾਰਕ ਲਾਇਬਰੇਰੀ ਵੱਲੋਂ ਮੁਹੱਈਆ ਕਰਵਾਏ ਇਕ ਸਰਕਾਰੀ 'ਬੈਲਟ ਡਰਾਪ ਬੌਕਸ' ਨੂੰ ਸਾੜਨ ਦੀ ਘਟਨਾ ਵੋਟਰਾਂ ਨੂੰ ਵੋਟ ਨਾ ਪਾਉਣ ਦੇਣ ਦੀ ਕੋਸ਼ਿਸ ਹੈ। ਉਨਾਂ




ਕਿਹਾ ਕਿ ਇਸ ਦੇ ਨਾਲ ਹੀ ਇਸ ਘਟਨਾ ਤੋਂ ਸਾਡੀ ਚੋਣਾਂ ਦੀ ਸੁਰੱਖਿਆ ਉਪਰ ਵੀ ਸਵਾਲ ਖੜੇ ਹੋਏ ਹਨ। ਸੁਪਰਵਾਈਜਰ ਨੇ ਕਿਹਾ ਕਿ ਸਾਡੇ ਲੋਕਤੰਤਰ ਨਾਲ ਛੇੜਛਾੜ ਕਰਨ ਜਾਂ ਛੇੜਛਾੜ ਦੀ ਕੋਸ਼ਿਸ਼ ਕਰਨ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਕਾਊਂਟੀ ਦੇ ਰਜਿਸਟਰਾਰ ਦਫ਼ਤਰ ਨੇ ਐਫ ਬੀ ਆਈ ਤੇ ਅਟਾਰਨੀ ਜਨਰਲ ਨੂੰ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਹੈ। ਹਾਲਾਂ ਕਿ ਇਹ ਸਪਸ਼ਟ ਨਹੀਂ ਹੋ ਸਕਿਆ ਅੱਗ ਵਿਚ ਕਿੰਨੀਆਂ ਵੋਟਾਂ ਸੜੀਆਂ ਹਨ ਜਾਂ ਪ੍ਰਭਾਵਿਤ ਹੋਈਆਂ ਹਨ ਪਰੰਤੂ ਬਲਡਵਿਨ ਪਾਰਕ ਦੇ ਮੇਅਰ ਮੈਨੂਏਲ ਲੋਜ਼ਾਨੋ ਨੇ ਕਿਹਾ ਹੈ ਕਿ ਬਕਸੇ ਵਿਚ 100 ਦੇ ਆਸ ਪਾਸ ਵੋਟਾਂ ਸਨ ਜੋ ਨਸ਼ਟ ਹੋ ਗਈਆਂ। ਬਕਸੇ ਨੂੰ ਬੰਦ ਕਰ ਦਿੱਤਾ ਗਿਆ ਹੈ ਤਾਂ ਜੋ ਹੋਰ ਲੋਕਾਂ ਨੂੰ ਇਸ ਬਕਸੇ ਵਿਚ ਵੋਟਾਂ ਪਾਉਣ ਤੋਂ ਰੋਕਿਆ ਜਾ ਸਕੇ। ਇਕ ਚਸ਼ਮਦੀਦ ਗਵਾਹ ਅਨੁਸਾਰ ਉਸ ਨੇ ਅੱਗ ਬੁਝਾਊ ਅਮਲੇ ਨੂੰ ਵੋਟ ਬਕਸੇ ਵਿਚੋਂ ਦਰਜ਼ਨਾਂ ਵੋਟਾਂ ਕੱਢਦਿਆਂ ਵੇਖਿਆ ਹੈ।

# ਭਾਰਤੀ ਮੂਲ ਦੀ ਅਮਰੀਕਨ ਕੁੜੀ ਸਿਖਾ ਰਹੀ ਹੈ ਯੋਗਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਭਾਰਤੀ ਮੂਲ ਦੀ ਨਬਾਲਗ ਕੁੜੀ ਐਸ ਐਫ ਪੂਰਬੀ ਬੇਅ ਭਾਈਚਾਰੇ ਨੂੰ ਯੋਗਾ ਦੇ ਗੁਰ ਸਿਖਾ ਰਹੀ ਹੈ। ਲਕਸ਼ਮੀ ਸਜੀਤ ਜੋ ਅਮਾਡਰ ਵੈਲੀ ਹਾਈ ਸਕੂਲ ਵਿਚ ਜੂਨੀਅਰ ਕਲਾਸ ਵਿਚ ਪੜਦੀ ਹੈ, ਰਜਿਸਟਰਡ ਯੋਗਾ ਟਰੇਨਰ ਹੈ। ਉਹ ਯੋਗਾ ਬਾਰੇ ਆਪਣੇ ਗਿਆਨ ਨੂੰ ਹੋਰ ਲੋਕਾਂ ਨਾਲ ਸਾਂਝਾ ਕਰਦੀ ਹੈ। ਉਸ ਨੇ ਭੇਜੀ ਇਕ ਈ ਮੇਲ ਵਿਚ ਕਿਹਾ ਹੈ ਕਿ 'ਮੇਰਾ ਵਿਸ਼ਵਾਸ਼ ਹੈ ਕਿ ਯੋਗਾ ਵਿਚ ਰੋਗਾਂ ਨੂੰ ਭਜਾਉਣ ਦੀ ਬਹੁਤ ਵੱਡੀ ਸ਼ਕਤੀ ਹੈ। ਆਸਨਾਂ ਰਾਹੀਂ ਅਸੀਂ ਆਪਣੇ ਸਰੀਰ ਦਾ ਅਧਿਐਨ ਕਰ ਸਕਦੇ ਹਾਂ ਤੇ ਸਮਾਧੀ ਨਾਲ ਸਾਡੇ ਵਿਚ ਇਕ ਨਵੀਂ ਊਰਜਾ ਤੇ ਭਾਵਨਾ ਦਾ ਵਿਕਾਸ ਹੁੰਦਾ ਹੈ। ਉਸ ਨੇ ਦਸਿਆ ਕਿ ਕੋਰੋਨਾ ਮਹਾਮਾਰੀ ਦੌਰਾਨ ਉਹ ਆਨ ਲਾਈਨ ਮੁਫਤ ਯੋਗਾ ਸੈਸ਼ਨ ਚਲਾ ਰਹੀ ਹੈ। ਇਸ ਵਿਚ ਯੋਗਾ ਆਸਨਾਂ ਦਾ ਸਿੱਧਾ ਪ੍ਰਸਾਰਨ ਵੀ ਹੁੰਦਾ ਹੈ ਤੇ ਰਿਕਾਰਡ ਹੋਈਆਂ ਯੋਗਾ ਕ੍ਰਿਆਵਾਂ ਵੀ ਵਿਖਾਈਆਂ ਜਾਂਦੀਆਂ ਹਨ। ਉਸ ਦਾ ਕਹਿਣਾ ਹੈ ਕਿ ਯੋਗਾ ਆਸਨਾਂ ਨਾਲ ਉਮਰ ਭਰ ਤੰਦਰੁਸਤ ਰਿਹਾ ਜਾ ਸਕਦਾ ਹੈ।




# ਕਿਸਾਨ ਦੀ ਲਾਸ਼ ਕੁਰਸੀ 'ਤੇ ਪਈ ਰਹੀ, ਮੰਚ 'ਤੇ ਚਲਦਾ ਰਿਹਾ ਚੋਣ ਭਾਸ਼ਣ

**ਖੰਡਵਾ (ਮੱਧ ਪ੍ਰਦੇਸ਼)** ਸੰਵੇਦਨਹੀਣਤਾ ਦਾ ਇਸ ਤੋਂ ਵੱਡਾ ਦ੍ਰਿਸ਼ ਹੋਰ ਕੀ ਹੋ ਸਕਦਾ ਹੈ ਕਿ ਜਿਸ ਕਿਸਾਨ ਦੇ ਲਈ ਸੂਬੇ ਦੇ 22 ਵਿਧਾਇਕਾਂ ਨੇ ਆਪਣਾ ਅਹੁਦਾ ਛੱਡ ਕੇ ਸੂਬੇ ਵਿਚ ਤਖਤਾ ਪਲਟ ਕਰਵਾ ਦਿੱਤਾ, ਉਹਨਾਂ ਹੀ ਲੀਡਰਾਂ ਦੇ ਚੋਣ ਮੰਡਪ ਵਿਚ ਕਰੋਨਾ ਕਾਲ ਵਿਚ ਇਕ ਕਿਸਾਨ ਦੀ ਮੌਤ ਅਤੇ ਉਹਨਾਂ ਦਾ ਚੋਣ ਜਲਸਾ ਜਾਰੀ ਰਿਹਾ। ਮੰਚ ਤੇ ਤਿਆਗ ਦੀ ਮੂਰਤੀ ਦੱਸੇ ਜਾਣ ਵਾਲੇ ਜੋਤੀਰਾਓ ਸਿੰ-ਧੀਆ ਮੌਜੂਦ ਸਨ। ਸਾਬਕਾ ਸੂਬਾ ਪ੍ਰਧਾਨ ਨੰਦ ਕੁਮਾਰ ਚੌਹਾਨ ਦੇ ਨਾਲ ਵਿਘਾਇਕ ਵੀ ਬੈਠੇ ਸਨ। ਇਸ ਸਭਾ ਮੰਡਪ ਵਿਚ ਇਕ ਕਿਸਾਨ ਦੀ ਲਾਸ਼ ਕੁਰਸੀ ਤੇ ਪਈ ਰਹੀ ਅਤੇ ਲੀਡਰਾਂ ਦਾ ਭਾਸ਼ਣ ਚਲਦਾ ਰਿਹਾ। ਕਿਸਾਨ ਦੀ ਹਾਲਤ ਦੇਖ ਕੇ ਆਸ ਪਾਸ ਕੁਰਸੀਆਂ ਤੇ ਬੈਠੇ ਲੋਕ ਭੱਜ ਗਏ। ਬਜ਼ੁਰਗ ਕਿਸਾਨ ਦਾ ਸਰੀਰ ਠੰਡਾ ਪੈ ਗਿਆ ਅਤੇ ਉਸਦੀ ਜਾਨ ਚਲੀ ਗਈ।



# ਫਰੋਜ਼ਨ ਫੂਡ ਤੋਂ ਵੀ ਫੈਲ ਸਕਦਾ ਹੈ ਵਾਇਰਸ

ਬੀਜਿੰਗ – ਚੀਨ ਵਿਚ ਇਕ ਜ਼ਿੰਦਾ ਕੋਰੋਨਾ ਵਾਇਰਸ ਪਾਇਆ ਜਾਂਦਾ ਹੈ। ਚੀਨ ਦੀ ਹੈਲਥ ਅਥਾਰਟੀ ਨੇ ਕਿੰਗਦਾਓ ਸ਼ਹਿਰ 'ਚ ਫਰੋਜ਼ਨ ਫੂਡ ਦੇ ਬਾਹਰੀ ਪੈਕੇਜਿੰਗ 'ਤੇ ਜ਼ਿੰਦਾ ਕੋਰੋਨ-'ਵਾਇਰਸ ਦਾ ਪਤਾ ਲਗਾਉਣ ਦੀ ਪੁਸ਼ਟੀ ਕੀਤੀ ਹੈ। ਚੀਨੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ (ਸੀਡੀਸੀ) ਨੇ ਸ਼ਨਿਚਰਵਾਰ ਨੂੰ ਇਕ ਬਿਆਨ 'ਚ ਇਸ ਬਾਰੇ ਦੱਸਿਆ। ਚੀਨ 'ਚ ਪਹਿਲੀ ਵਾਰ ਜ਼ਿੰਦਾ ਕੋਰੋਨਾ ਵਾਇਰਸ ਕੋਲਡ-ਚੇਨ ਫੂਡ ਦੀ ਬਾਹਰੀ ਪੈਕੇਜਿੰਗ ਤੋਂ ਅਲੱਗ ਕੀਤਾ ਗਿਆ ਹੈ। ਚਾਇਨੀਜ਼ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ (ਛਧਛ) ਨੇ ਸਿੱਟਾ ਕੱਢਿਆ ਹੈ ਕਿ ਫਰੋਜ਼ਨ ਫੂਡ ਦੇ ਬਾਹਰੀ ਪੈਕੇਜਿੰਗ ਨਾਲ ਕੋਰੋਨਾ ਫੈਲਣ ਦਾ ਖ਼ਤਰਾ ਹੈ।

ਕਿੰਗਦਾਓ ਜਿੱਥੇ ਕੋਰੋਨਾ ਵਾਇਰਸ ਮਾਮਲਿਆਂ ਦਾ ਇਕ ਨਵਾਂ ਸਮੂਹ ਹਾਲ ਹੀ 'ਚ ਰਿਪੋਰਟ ਕੀਤਾ ਗਿਆ ਸੀ। ਇੱਥੇ ਸਾਰੇ 11 ਮਿਲੀਅਨ ਲੋਕਾਂ ਦਾ ਕੋਰੋਨਾ ਵਾਇਰਸ ਟੈਸਟ ਕਰਵਾਇਆ ਗਿਆ ਹੈ। ਸਥਾਨਕ ਅਧਿਕਾਰੀਆਂ ਨੇ ਕਿਹਾ ਕਿ ਕੋਰੋਨਾ ਦੀ ਜਾਂਚ ਤੋਂ ਬਾਅਦ ਇੱਥੇ ਕੋਈ ਵੀ ਨਵਾਂ ਮਾਮਲਾ ਸਾਹਮਣੇ ਨਹੀਂ ਆਇਆ। ਜੁਲਾਈ 'ਚ ਚੀਨ ਨੇ ਪੈਕੇਜਾਂ 'ਤੇ ਖ਼ਤਰਨਾਕ ਵਾਇਰਸ ਤੇ ਇਕ ਕੰਟੇਨਰ ਦੀ ਅੰਦਰੂਨੀ ਦੀਵਾਰ ਪਾਏ ਜਾਣ ਤੋਂ ਬਾਅਦ ਫਰੋਜ਼ਨ ਝੀਂਗੇ ਦੀ ਦਰਾਮਦ ਨੂੰ ਸਸਪੈਂਡ ਕਰ ਦਿੱਤਾ ਸੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਹਫਤਾਵਾਰੀ ਦੀਵਾਨ ਸਜਾਏ ਗਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਹਫਤਾਵਾਰੀ ਦੀਵਾਨ ਸਜਾਏ ਗਏ। ਜਿਸ ਵਿਚ ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਸਵਰਗਵਾਸੀ ਸ. ਬਲਵੰਤ ਸਿੰਘ ਜੀ ਅਤੇ ਮਾਤਾ ਸੁਰਿੰਦਰ ਕੌਰ (ਥਿਆੜਾ) ਆਪਣੇ ਸਪੁੱਤਰ ਸ. ਹਰਜਿੰਦਰ ਸਿੰਘ ਜੀ, ਬੀਬ ਸੰਨਜੀਤ ਕੌਰ ਥਿਆੜਾ ਪਰਿਵਾਰ ਵੱਲੋਂ ਆਪਣੇ ਸਪੁੱਤਰ ਕਾਕਾ ਅਵਜੋਧ ਸਿੰਘ ਜੀ ਦੇ ਜਨਮ ਦਿਨ ਨੂੰ ਮੁੱਖ ਰੱਖਦਿਆਂ (ਧੁਰਕੀ ਬਾਣੀ ਆਈ) ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ, ਜਿਹਨਾਂ ਦੇ ਭੋਗ ਐਤਵਾਰ 18 ਅਕਤੂਬਰ ਨੂੰ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਗੁਰਦਿਆਲ ਸਿੰਘ ਜੀ (ਸੁਦਾਣਾ ਵਾਲੇ) ਵੱਲੋਂ ਹਰੀ ਜੱਸ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਮੁਖ ਪਰਿਵਾਰ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਲਮਾਨਿਤ ਕੀਤਾ ਗਿਆ ਅਤੇ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ ਗਿਆ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।















# "ਕਾਂਸ਼ੀ ਰਾਮ ਸੂਰਮਾ" ਗੀਤ ਲੈਕੇ ਜਲਦ ਪੇਸ਼ ਹੋ ਰਿਹਾ ਹੈ ਮਲਕੀਤ ਬਬੇਲੀ - ਅਮਨ ਮਾਹੀ, ਰਣਜੀਤ ਮਾਹੀ

**ਜਲੰਧਰ (ਜਸਵਿੰਦਰ ਬੱਲ)** ਮਿਸ਼ਨਰੀ ਗਾਇਕ ਮਲਕੀਤ ਬਬੇਲੀ ਜੋ ਆਪਣੇ ਮਿਸ਼ਨਰੀ ਗੀਤ ਸਿੰਬਲ ਆਫ ਨਾਉਲਿਜ, ਬਾਰੂਦ ਮਿਸ਼ਨ ਦਾ, ਮਜ਼ਦੂਰ ਆਦਿ ਅਨੇਕਾਂ ਗੀਤਾਂ ਨਾਲ ਦਰਸ਼ਕਾਂ ਦੀ ਚਰਚਾ ਚ ਰਹਿੰਦੇ ਹਨ ਅਤੇ ਇਨ੍ਹੀਂ ਦਿੰਨੀ ਇੱਕ ਨਵਾਂ ਸਿੰਗਲ ਟ੍ਰੈਕ "ਕਾਂਸ਼ੀ ਰਾਮ ਸੂਰਮਾ" ਦੀ ਤਿਆਰੀ ਚ ਲੱਗੇ ਹੋਏ ਹਨ ਜਿਸ ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ। ਇਸ ਸਬੰਧੀ ਸਾਉਂਡ ਵੇਵਜ ਮਿਊਜ਼ਿਕ ਕੰਪਨੀ ਦੇ ਡਾਇਰੈਕਟਰ ਅਮਨ ਮਾਹੀ, ਰਾਜਵਿੰਦਰ ਕੌਰ ਅਤੇ ਪ੍ਰੋਡਿਊਸਰ ਰਣਜੀਤ ਮਾਹੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਲਕੀਤ ਬਬੇਲੀ ਦੇ ਨਵੇਂ ਗੀਤ "ਕਾਂਸ਼ੀ ਰਾਮ ਸੂਰਮਾ" ਨੂੰ ਕਲਮਬੱਧ ਕੀਤਾ ਹੈ ਮਿਸ਼ਨਰੀ ਲੇਖਕ ਪਵਨ ਮਾਹੀ ਯੂ.ਐਸ.ਏ.ਵਾਲਿਆ ਨੇ ਇਸ ਗੀਤ ਨੂੰ ਸੰਗੀਤਕ ਧੁਨਾਂ ਚ ਪਰੋਇਆ ਹੈ ਨੌਜਵਾਨ ਸੰਗੀਤਕਾਰ ਸਾਹਿਬ ਹੀਰਾ ਨੇ ਅਤੇ ਇਸ ਗੀਤ ਦਾ ਵੀਡੀਓ ਫ਼ਿਲਮਾਂਕਣ ਵੀਡੀਓ ਡਾਇਰੈਕਟਰ ਜਸਵਿੰਦਰ ਬੱਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵਲੋਂ ਵੱਖ-ਵੱਖ ਲੁਕੇਸ਼ਨਾ ਜਿਵੇਂ ਪਿੰਡ ਰੰਧਾਵਾ ਮਸੰਦਾਂ, ਬੱਲਾਂ, ਪਾਰਕ ਹਦਿਆਬਾਦ ਫਗਵਾੜਾ ਅਤੇ ਯੂ.ਐਸ. ਏ. ਵਿਖੇ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਗੀਤ ਉਨ੍ਹਾਂ ਸਾਰੇ ਮਿਸ਼ਨਰੀ ਸਾਥੀਆਂ ਨੂੰ ਸਮਰਪਿਤ ਹੈ ਜ਼ੋ ਬਾਬਾ ਸਾਹਿਬ ਅੰਬੇਡਕਰ ਜੀ ਦੇ ਮਿਸ਼ਨ ਦਾ ਕਾਫਲਾ ਸਾਹਿਬ ਸ੍ਰੀ ਬਾਬੂ ਕਾਂਸ਼ੀ ਰਾਮ ਵਲੋਂ ਤੋਰਿਆ ਗਿਆ ਸੀ ਉਸ ਕਾਫਲੇ ਨੂੰ ਅੱਗੇ ਤੋਰ ਰਹੇ ਹਨ। ਇਹ ਗੀਤ ਬਹੁਤ ਜਲਦ ਸਰੋਤਿਆ ਨੂੰ ਵੇਖਣ ਅਤੇ ਸੁਣਨ ਨੂੰ ਮਿਲੇਗਾ ਅਸੀਂ ਆਸ ਕਰਦੇ ਹਾਂ ਕਿ ਇਹ ਸੱਭ ਨੂੰ ਪਸੰਦ ਆਵੇਗਾ।



# ਇਸਤਰੀ ਅਕਾਲੀ ਦਲ ਦੇ ਜਥੇਬੰਦਕ ਢਾਂਚੇ 'ਚ ਵਾਧਾ, ਬੀਬੀ ਜਗੀਰ ਕੌਰ ਨੇ ਇਸਤਰੀ ਅਕਾਲੀ ਦਲ ਦੀਆਂ ਨਵੀਆਂ ਨਿਯੁਕਤ ਕੀਤੀਆਂ



**ਭੁਲੱਥ ਅਜੈ ਗੋਗਨਾ)**—ਬੀਤੇਂ ਦਿਨ ਸਾਬਕਾ ਐਮ. ਐਲ. ਏ ਅਤੇ ਇਸਤਰੀ ਵਿੰਗ, ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਸਤਰੀ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਵਿੱਚ ਵਾਧਾ ਕਰਦਿਆਂ, ਅੱਜ ਇਸਤਰੀ ਅਕਾਲੀ ਦਲ ਦੀਆਂ ਜਨਰਲ ਸਕੱਤਰਾਂ ਦਾ ਐਲਾਨ ਕਰ ਦਿੱਤਾ।ਅੱਜ ਪਾਰਟੀ ਦੇ ਮੁੱਖ ਦਫਤਰ ਤੋਂ ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਪਾਰਟੀ ਦੀਆਂ ਮਿਹਨਤੀ ਬੀਬੀਆਂ ਨੂੰ ਇਸ ਲਿਸਟ ਵਿੱਚ ਸ਼ਾਮਲ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਜਿਹਨਾਂ ਬੀਬੀਆਂ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ, ਉਹਨਾਂ ਵਿੱਚ ਬੀਬੀ ਕਿਰਨਜੋਤ ਕੌਰ ਮੈਂਬਰ ਐਸ.ਜੀ.ਪੀ.ਸੀ ਅੰਮ੍ਰਿਤਸਰ, ਬੀਬੀ ਫਰਜ਼ਾਨਾ ਆਲਮ ਸਾਬਕਾ ਵਿਧਾਇਕ, ਬੀਬੀ ਗੁਰਪ੍ਰੀਤ ਕੌਰ ਸਿਬੀਆ ਲੁਧਿਆਣਾ, ਬੀਬੀ ਬਲਜਿੰਦਰ ਕੌਰ ਖੀਰਨੀਆਂ ਸਮਰਾਲਾ, ਬੀਬੀ ਇੰਦਰਜੀਤ ਕੌਰ ਮਾਨ ਜਲੰਧਰ, ਬੀਬੀ ਸੀਮਾ ਸ਼ਰਮਾ ਪਟਿਆਲਾ, ਬੀਬੀ ਰਾਜਵੰਤ ਕੌਰ ਦਾਦੂਵਾਲ ਜਲੰਧਰ, ਬੀਬੀ ਗੁਰਪ੍ਰੀਤ ਕੌਰ ਵਾਲੀਆ ਜਲੰਧਰ, ਬੀਬੀ ਪੂਨਮ ਅਰੋੜਾ ਲੁਧਿਆਣਾ, ਬੀਬੀ ਵੀਨਾ ਜੈਰਥ ਲੁਧਿਆਣਾ, ਬੀਬੀ ਦਲਜੀਤ ਕੌਰ ਦਾਊਦਪੁਰ ਕਪੂਰਥਲਾ ਅਤੇ ਬੀਬੀ ਦਲਜੀਤ ਕੌਰ ਐਮ.ਸੀ ਬੇਗੋਵਾਲ ਦੇ ਨਾਮ ਸ਼ਾਮਲ ਹਨ। ਉਹਨਾਂ ਦੱਸਿਆ ਕਿ ਬਾਕੀ ਜਥੇਬੰਦੀ ਦਾ ਐਲਾਨ ਵੀ ਜਲਦ ਕਰ ਦਿੱਤਾ ਜਾਵੇਗਾ।

# ਤਾਜਾ ਮੁਲਾਕਾਤ/ ਸਿਰਫ ਪੰਜਾਬੀ ਫਿਲਮਾਂ ਹੀ ਕਰਾਂਗੀ ਬਿਲੁਕਲ ਸੱਚੀ ਗੱਲ - ਸਿਮਰ ਰੀਨ

ਗੋਲਮਟੋਲ ਸਰੀਰਕ ਭਾਸ਼ਾ ਦੂਜੇ ਲਫਜਾਂ ਵਿੱਚ ਭਰਵਾਂ ਗਲੈਮ-ਰਹੈ ਸਿਮਰ ਰੀਨ ਕੋਲ, ਮੋਟੀਆ ਅੱਖਾਂ, ਗੋਰਾ ਰੰਗ ਤੇ ਡੁੱਲ-ਡੁੱਲ ਪੈਂਦੀ ਜਵਾਨੀ ਤੇ ਚੰਗੀ ਗੱਲ ਕਿ ਐਕਟਿੰਗ ਮਿੰਟਾਂ 'ਚ ਰੋ ਪਏ ਹੱਸ ਪਏ ਕਾਬਿਲ ਅਭਿਨੇਤਰੀ ਹੈ ਸਿਮਰ ਰੀਨ 'ਸਿਮਰ ਰੀਨ ਜੰਮੂ ਦੀ ਜੰਮਪਲ, 'ਕਤਲਗੜ੍ਹ' ਵੈਬ-ਸੀਰੀਜ 'ਚ ਭੂਮਿਕਾ ਨਿਭਾ ਚੁੱਕੀ ਸਿਮਰ ਰੀਨ ਨੇ ਯੂ.ਟਿਊਬ ਦੇ ਗੀਤ ਕਰ ਕਿ ਆਪਣੀ ਕੁੱਝ ਤੱਕ ਚੰਡੀਗੜਹ 'ਚ ਪਛਾਣ ਬਣਾਈ 'ਸਿਮਰ ਦੱਸਦੀ ਹੈ ਘਰੋਂ ਪੂਰਾ ਸਹਿਯੋਗ ਸੀ ਤੇ ਉਸਦੀ ਅੰਮੀ ਕਮਲਜੀਤ ਕੌਰ ਪੈਰ-ਪੈਰ ਤੇ ਉਸ ਨਾਲ ਤਨ-ਮਨ ਨਾਲ ਸਾਥ ਸੀ । ਖੈਰ ਸਿਮਰ ਦਾ ਤਾਂ ਨਿਸਾਨਾ ਲੋਕ ਪ੍ਰਯਿ ਅਭਿਨੇਤਰੀ ਬਣਨਾ ਹੈ ਤੇ ਉਸਨੇ ਬਲਿਊ ਡਾਇਮੇਡ ਫਿਲਮਜ ਲਈ 'ਸਕਰੀਨ ਟੈਸਟ' ਦਿਤਾ । ਨਿਰਮਾਤਾ ਗੁਰਵਿੰਦਰ ਕੰਬੋਜ ਨੇ ਉਸਦੀ ਪ੍ਰਭਿਤਾ ਦੇਖ ਨਿ-ਰਦੇਸ਼ਕ ਪ੍ਰੀਤ ਸਿੱਧੂ ਨੂੰ ਸਿਮਰ ਲਈ ਅਹਿਮ ਕਿਰਦਾਰ ਦੇਣ ਵਾਸਤੇ ਕਿਹਾ।





ਸਿਮਰ ਰੀਨ 'ਰੰਗ ਬਰੰਗੀ' ਵੈਬ-ਸੀਰੀਜ 'ਚ ਚੰਡੀਗੜ੍ਹ ਦੀ ਤੇਜ-ਤਰਾਰ ਕੁੜੀ ਬਣੀ ਹੈ । ਪਹਿਰਾਵਾ 'ਗਲੈਮਰਜ' ਹੈ ਤੇ ਕਿਰਦਾਰ 'ਚ ਖਲਨਾਇਕੀ ਝਲਕਦੀ ਹੈ। ਸਿਮਰ ਨੂੰ ਆਪਣੇ ਸਾਥੀ ਸਿਤਾਰਿਆਂ ਸੋਨਮ ਕੌਰ, ਸੰਦੀਪ ਸਿੰਘ, ਪ੍ਰੀਤ ਸਿੱਧੂ ਤੇ ਡੀ.ਓ.ਪੀ ਰੈਬੋ ਤੋਂ ਪੂਰਾ ਸਹਿਯੋਗ ਮਿਲਿਆ ਹੈ। ਉਹ ਉਮੀਦ ਕਰ ਰਹੀ ਹੈ ਕਿ ਵੱਡੇ ਪੱਧਰ ਤੇ ਆ ਰਹੀ ਇਹ ਵੈਬ-ਸੀਰੀਜ ਉਸ ਲਈ ਪੰਜਾਬੀ ਫਿਲਮਾਂ ਦੇ ਰਾਹ ਖੋਹਲ ਦੇਵੇਗੀ। ਇੱਕ ਹੋਰ ਖਾਸ ਗੱਲ ਕਿ ਆਮ ਅਭਿਨੇਤਰੀ ਦੀ ਤਰਾਂ ਸਿਮਰ ਇਹ ਨਹੀ ਕਹਿੰਦੀ ਕਿ ਉਹ ਹਿੰਦੀ ਫਿਲਮਾਂ ਤੱਕ ਪਹੁੰਚਣਾ ਚਾਹੁੰਦੀ ਹੈ। ਉਸਦਾ ਕਹਿਣਾ ਹੈ ਕਿ ਪੰਜਾਬੀ ਫਿਲਮਾਂ 'ਚ ਬਹੁਤ ਕੰਮ ਹੈ । ਇਥੇ ਹੀ ਉਸਦੀ ਗੱਲ ਬਣ ਗਈ ਤਾਂ ਦੌਲਤ-ਸੌਹਰਤ ਸਭ ਮਿਲ ਜਾਣੀ ਹੈ। ਸਿਮਰ ਨੂੰ ਆਪਣੇ ਕੰਮ, ਸਰੀਰਕ ਭਾਸ਼ਾ ਤੇ ਪਰਮਾਤਮਾ ਤੇ ਪੂਰਾ ਵਿਸ਼ਵਾਸ਼ ਹੈ ਕਿ ਇੱਕ ਦਿਨ ਉਸਦਾ ਨਾਮ ਹੋਏਗਾ। ਉਹ ਵੀ ਇੱਕ ਸਫਲ ਐਕਟਰੈਸ ਹੋਏਗੀ।

**– ਅੰਮ੍ਰਿਤ ਪਵਾਰ**



# ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੋ ਵਰਨਾ ਕੁਰਸੀ ਖਾਲੀ ਕਰੋ- 1

ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੋ
ਵਰਨਾ ਕੁਰਸੀ ਖਾਲੀ ਕਰੋ--1

1930-31-32 ਵਿਚ ਅਛੂਤਾਂ ਦੇ ਸੁਆਲ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਜਦੋਂ ਅੰਗਰੇਜ਼ਾਂ ਨਾਲ ਲੜਾਈ ਵਿੱਢੀ ਬੈਠੇ ਸਨ ਤਾਂ ਉਸ ਵਕਤ ਗਾਂਧੀ ਦੇ ਬਹਿਕਾਵੇ ਵਿਚ ਆਕੇ ਜਾਤ ਉਚੀ ਕਰਨ ਦੇ ਝੂਠੇ ਦਿਲਾਸੇ ਵਿਚ ਫਸ ਕੇ ਗਏ ਗੁਜਰੇ, (ਦੱਬੇ ਕੁਚਲੇ) ਸਮਾਜ ਦੀਆਂ ਜਾਤਾਂ ਦੀ ਬਣ ਰਹੀ ਸੂਚੀ ਵਿਚੋਂ 1000 ਜਾਤਾਂ ਬਾਹਰ ਰਹਿ ਗਈਆਂ। ਜਿੱਥੇ ਉਹ ਸੂਚੀ ਦਰਜ ਜਾਤਾਂ ਨੂੰ ਮਿਲਣ ਵਾਲੇ ਹੱਕਾਂKਅਧਿਕਾਰਾਂ ਤੇ ਸਹੂਲਤਾਂ ਤੋਂ ਸੱਖਣੀਆਂ ਰਹਿ ਗਈਆਂ ਉਥੇ ਸੂਚੀ ਬਧ ਜਾਤੀਆਂ ਦੀ ਗਿਣਤੀ 1500 ਤੇ ਕੁਲ ਆਬਾਦੀ ਦਾ 15 ਫੀਸਦੀ ਹੀ ਰਹਿ ਗਈ। ਅਨੁਸੂਚਿਤ ਜਨ ਜਾਤੀ ਕਬੀਲਿਆਂ ਦੀ ਗਿਣਤੀ 1000 ਤੇ ਕੁਲ ਆਬਾਦੀ ਦਾ 7.5ਫੀਸਦੀ ਆਂਕੀ ਗਈ। ਜਿਹਨਾਂ ਨੂੰ 1935 ਦੇ ਕਾਨੂੰਨ ਵਿਚ ਸ਼ਾਮਲ ਕਰਕੇ ਉਹਨਾਂ ਨੂੰ ਜਿੰਦਗੀ ਦੇ ਹਰ ਖੇਤਰ ਵਿਚ ਅਗੇ ਵਧਣਾ ਦਾ ਪਰਬੰਧ ਕੀਤਾ ਗਿਆ। 1919 ਦੇ ਕਨੂੰਨ ਵਿਚ ਦਰਜ ਡਿਪਰੈਸਡ ਕਲਾਸਜ ਹੁਣ ਅਨੁਸੂਚਿਤ ਜਾਤੀਆਂKਜਨ ਜਾਤੀਆਂ ਵਜੋਂ ਜਾਣੀਆਂ ਜਾਣ ਲਗੀਆਂ। ਪਰ ਬਾਹਰ ਰਹਿ ਗਈਆਂ ਹਜਾਰਾਂ ਜਾਤਾਂ ਦੀ ਕੋਈ ਸਨਾਖਤ ਨਾ ਹੋਣ ਕਰਕੇ ਉਹਨਾਂ ਨੂੰ ਕੋਈ ਕਾਨੂੰਨੀ ਮਾਨਤਾ ਨਹੀਂ ਸੀ।

ਅਜਾਦ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕਰਦਿਆਂ ਬਾਬਾ ਸਾਹਿਬ ਨੇ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨ ਜਾਤੀ ਕਬੀਲਿਆਂ ਦੇ ਅਧਿਕਾਰਾਂ ਨੂੰ ਧਾਰਾ 15 (4) ਅਤੇ 16 (4) ਰਾਹੀਂ ਸੁਰਖਿਅਤ ਕਰ ਲਿਆ। ਪਰ ਬਾਬਾ ਸਾਹਿਬ ਗਾਂਧੀ ਦੇ ਝਾਂਸੇ 'ਚ ਫਸ ਕੇ ਬਾਹਰ ਰਹਿ ਗਈਆਂ ਹਜਾਰਾਂ ਜਾਤੀਆਂ ਦੇ ਹੱਕਾਂ ਪ੍ਰਤੀ ਜਾਗਰੂਕ ਤੇ ਚਿੰਤਤ ਸਨ। ਉਹਨਾਂ ਨੇ ਉਹਨਾਂ ਨੂੰ ਹੋਰ ਪਛੜੀਆਂ ਸ਼੍ਰੇਣੀਆਂ (Other Backward classes) ਵਜੋਂ ਸੰਵਿਧਾਨ ਅੰਦਰ ਮਾਨਤਾ ਦਿੰਦਿਆਂ ਧਾਰਾ 340 ਦਰਜ ਕਰ ਕੇ ਇਹ ਪੱਕਾ ਬੰਦੋਬਸਤ ਕਰ ਦਿੱਤਾ ਕਿ ਭਵਿਖ ਵਿਚ ਬਣਨ ਵਾਲੀ ਸਰਕਾਰ ਹਰ ਦਸ ਸਾਲ ਬਾਅਦ ਹੋਰ ਪਛੜੀਆਂ ਸ਼੍ਰੇਣੀਆਂ( ਓ ਬੀ ਸੀ) ਲਈ ਕਮਿਸ਼ਨ ਗਠਨ ਕਰਕੇ ਉਹਨਾਂ ਦੀ ਸਨਾਖਤ ਕਰਵਾਕੇ ਉਹਨਾਂ ਦੀ ਸਮਾਜਿਕ ਆਰਥਿਕ ਤੇ ਵਿਦਿਅਕ ਤੌਰ ਤੇ ਸੀਨੀਅਰ ਆਗੂ ਬਾਬੂ ਜਗਜੀਵਨ ਰਾਮ (ਕਾਂਗਰਸ ਫਾਰ ਡੈਮੋਕਰੇਸੀ ਦੇ ਪਰਧਾਨ) ਨੂੰ ਅੱਗੇ ਕਰਕੇ ਇਹ ਪਰਚਾਰ ਕੀਤਾ ਗਿਆ ਕਿ "ਏਕ ਅਛੂਤ ਕਾ ਬੇਟਾ ਦੇਸ਼ ਕਾ ਪਰਧਾਨ ਮੰਤਰੀ ਹੋਗਾ ਅਰ ਏਕ ਕਿਸਾਨ ਕਾ ਬੇਟਾ (ਚੌਧਰੀ ਚਰਨ ਸਿੰਘ) ਦੇਸ਼ ਕਾ ਰਾਸ਼ਟਰਪਤੀ ਹੋਗਾ।" ਪਛੜੀਆਂ ਸ਼੍ਰੇਣੀਆਂ ਨੂੰ ਕਾਕਾ ਕਾਲੇਲਕਰ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦਾ ਝਾਂਸਾ ਦਿੱਤਾ ਗਿਆ। ਸਾਰੇ ਮੁਲਕ ਅੰਦਰ ਇਸ ਗੱਲ ਦਾ ਖੂਬ ਪ੍ਰਾਪੇਗੰਡਾ ਕਰਕੇ ਜਨਤਾ ਪਾਰਟੀ ਪੱਖੀ ਮਹੌਲ ਸਿਰਜਿਆ ਗਿਆ। ਪਰ ਮਾਰਚ 1977 ਵਿਚ ਜਦੋਂ ਜਨਤਾ ਪਾਰਟੀ ਦੀ ਅਗਵਾਈ 'ਚ ਸਾਂਝੇ ਮੋਰਚੇ ਦੀ ( ਜਿਸ ਵਿਚ ਜਨ ਸੰਘ ਅੱਜ ਦੀ ਭਾਰਤੀ ਜਨਤਾ ਪਾਰਟੀ ਤੇ ਖੱਬੇ ਪੱਖੀ ਧਿਰਾਂ ਭਾਵ ਕਮਿਊਨਿਸਟ ਪਾਰਟੀਆਂ ਵੀ ਸ਼ਾਮਿਲ ਸਨ) ਸਰਕਾਰ ਦਾ ਗਠਨ ਕੀਤਾ ਗਿਆ ਤਾਂ ਇਕ ਗੁਜਰਾਤੀ ਬਰਾਹਮਣ ਮੁਰਾਰਜੀ ਡਿਸਾਈ ਨੂੰ ਪਰਧਾਨ ਮੰਤਰੀ ਘੋਸ਼ਿਤ ਕਰ ਦਿੱਤਾ ਗਿਆ। ਬਾਬੂ ਜਗਜੀਵਨ ਰਾਮ ਤੇ ਚੌਧਰੀ ਚਰਨ ਸਿੰਘ ਦੋਵੇਂ ਦੇਖਦੇ ਹੀ ਰਹਿ ਗਏ। ਦੋਨਾਂ ਨੂੰ ਉਪ ਪਰਧਾਨ ਮੰਤਰੀ ਬਣਾਕੇ ਠੰਡਾ ਕਰ ਲਿਆ ਗਿਆ। ਤੇ ਉਧਰ ਜਦੋਂ ਪਛੜੀਆਂ ਸ਼੍ਰੇਣੀਆਂ ਦੇ ਆਗੂਆਂ ਨੇ ਕਾਕਾ ਕਾਲੇਲਕਰ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਚੋਣਾਂ ਦੌਰਾਨ ਕੀਤਾ ਵਾਅਦਾ ਯਾਦ ਕਰਵਾਇਆ ਤਾਂ ਟਾਲ਼ਾ ਵੱਟਦਿਆਂ ਬਰਾਹਮਣ ਪਰਧਾਨ ਮੰਤਰੀ ਮੁਰਾਰਜੀ ਡਿਸਾਈ ਨੇ ਕਹਿ ਦਿੱਤਾ ਕਿ ਉਹ ਰਿਪੋਰਟ 1955 ਵਿਚ ਪੇਸ਼ ਕੀਤੀ ਗਈ ਸੀ। ਹੁਣ 1977 ਤਕ ਸਮਾਂ ਬਹੁਤ ਬਦਲ ਗਿਆ ਹੈ। ਨਵੀਂਆਂ ਪ੍ਰਸਥਿਤੀਆਂ ਤੇ ਨਵੇਂ ਹਾਲਤਾਂ ਨੂੰ ਮੱਦਿ-ਨਜ਼ਰ ਰੱਖਦਿਆਂ ਨਵੇਂ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ ਤੇ ਉਸ ਕਮਿਸ਼ਨ ਦੀਆਂ ਸਿਫਾਰਸ਼ਾਂ ਤੁਰੰਤ ਲਾਗੂ ਕਰ ਦਿੱਤੀਆਂ ਜਾਣਗੀਆਂ। ਇਉਂ ਕਾਕਾ ਕਾਲੇਲਕਰ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਬਜਾਏ ਸਦਾ ਲਈ ਦਫਨ ਕਰ ਦਿੱਤੀ ਗਈ ਤੇ ਡੰਗ ਟਪਾਉਣ ਲਈ ਸੰਵਿਧਾਨ ਦੀ ਧਾਰਾ 15 ( ਧਰਮ, ਨਸਲ, ਜਾਤ, ਲਿੰਗ ਅਤੇ ਖਿੱਤੇ ਦੇ ਆਧਾਰ ਤੇ ਕੀਤੇ ਜਾਣ ਵਾਲੇ ਵਿਤਕਰੇ ਦੀ ਰੋਕਥਾਮ ਲਈ) ਦੇ ਤਹਿਤ ਸਮਾਜਕ, ਆਰਥਿਕ ਤੇ ਵਿਦਿਅਕ ਤੌਰ ਤੇ ਪਛੜ ਚੁੱਕੀਆਂ ਸ਼੍ਰੇਣੀਆਂ ਦੀ ਸ਼ਨਾਖ਼ਤ ਕਰਕੇ ਉਹਨਾਂ ਨੂੰ ਬਿਹਤਰ ਜੀਵਨ ਜਿਉਣ ਦੇ ਕਾਬਲ ਬਣਾਉਣ ਦੀਆਂ ਸਿਫਾਰਸ਼ਾਂ ਕਰਨ ਲਈ 1 ਜਨਵਰੀ 1979 ਨੂੰ ਬਿਹਾਰ ਦੇ ਰਹਿ ਚੁੱਕੇ ਸੱਤਵੇਂ ਮੁੱਖ ਮੰਤਰੀ ਤੇ ਉੱਘੇ ਪਾਰਲੀਮੈਂਟੇਰੀਅਨ ਬਿੰਦੇਸ਼ਵਰੀ ਪ੍ਰਸ਼ਾਦ ਮੰਡਲ ਦੀ ਅਗਵਾਈ ਵਿਚ 6 ਮੈਂਬਰੀ ਨਵੇਂ ਕਮਿਸ਼ਨ ਦਾ ਗਠਨ ਕੀਤਾ ਗਿਆ ਇਸ ਕਮਿਸ਼ਨ ਦਾ ਕੇਵਲ ਐਲ. ਆਰ. ਨਾਇਕ ਦਲਿਤ (ਐਸ. ਸੀ. ) ਮੈਂਬਰ ਸੀ ਜਦਕਿ ਚੇਅਰਮੈਨ ਸਮੇਤ ਬਾਕੀ ਸਾਰੇ ਮੈਂਬਰ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਹੀ ਸਨ। ਇਹ ਕਮਿਸ਼ਨ ਬੀ. ਪੀ. ਮੰਡਲ ਦੀ ਅਗਵਾਈ ਸਦਕਾ ਮੰਡਲ ਕਮਿਸ਼ਨ ਦੇ ਨਾਮ ਨਾਲ ਹੀ ਜਾਣਿਆਂ ਜਾਂਦਾ ਹੈ।

ਮੰਡਲ ਕਮਿਸ਼ਨ ਨੇ ਕਰੜੀ ਮੁਸ਼ੱਕਤ ਕਰਕੇ ਸਮਾਜਿਕ, ਆਰਥਿਕ, ਵਿਦਿਅਕ ਤੌਰ 'ਤੇ ਪਛੜ ਚੁੱਕੀਆਂ ਤੇ ਜਾਤੀ ਉਤਪੀੜਨ ਦਾ ਸ਼ਿਕਾਰ( ਮਿੱਥੇ ਗਏ 11 ਮਾਨਦੰਡਾਂ ਦੇ ਆਧਾਰ ਤੇ 1931 ਦੀ ਮਰਦਮਸ਼ੁਮਾਰੀ ਨੂੰ ਆਧਾਰ ਮੰਨਕੇ) 3743 ਜਾਤੀਆਂ ਦੀ ਸ਼ਨਾਖ਼ਤ ਕੀਤੀ। ਜਿਹਨਾਂ ਨੂੰ ਹੋਰ ਪਛੜੀਆਂ ਸ਼੍ਰੇਣੀਆਂ (ਓ ਬੀ ਸੀ) ਵਜੋਂ ਸੂਚੀ-ਬੱਧ ਕੀਤਾ ਗਿਆ। ਜੋ ਭਾਰਤ ਦੀ ਕੁੱਲ ਵਸੋਂ (15% ਅ. ਜ.+7.5% ਜਨ ਜਾਤੀਆਂ ਤੋਂ ਇਲਾਵਾ) 52% ਹਨ। ਇਹਨਾਂ ਨੂੰ ਕੇਂਦਰ, ਰਾਜਾਂ ਤੇ ਪਬਲਿਕ ਸੈਕਟਰ ਅੰਡਰਟੇਕਿੰਗ ਅਦਾਰਿਆਂ 'ਚ 27% ਰਾਖਵਾਂਕਰਨ ਦੇਣ ਦੀ ਸਿਫਾਰਸ਼ ਕੀਤੀ ਗਈ ਤਾਂ ਕਿ ਮਾਨਯੋਗ ਉੱਚ ਅਦਾਲਤ ਦੇ ਆਦੇਸ਼ ਮੁਜਬ ਰਾਖਵਾਂਕਰਨ 50% ਤੋਂ ਵੱਧ ਨਾ ਹੋਵੇ।

ਜਨਤਾ ਪਾਰਟੀ ਦੀ ਡਿਸਾਈ ਸਰਕਾਰ ਦਾ 18 ਮਹੀਨਿਆਂ ਬਾਅਦ ਭੋਗ ਪੈ ਗਿਆ ਤੇ 1981 ਵਿਚ ਇੰਦਰਾ ਗਾਂਧੀ ਨੇ ਸਤਾ ਮੁੜ ਸੰਭਾਲ ਲਈ। ਮੰਡਲ ਕਮਿਸ਼ਨ ਰਿਪੋਰਟ ਮੁਕੰਮਲ ਕਰਕੇ ਉਸ ਸਮੇਂ ਦੇ ਮਾਨਯੋਗ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨੂੰ ਸੌਂਪ ਦਿੱਤੀ ਗਈ ਸੀ ਪਰ ਕਾਂਗਰਸ ਸਰਕਾਰ ਨੇ ਇਸ ਰਿਪੋਰਟ ਤੇ ਕਾਰਵਾਈ ਕਰਨ ਤੋਂ ਟਾਲ਼ਾ ਵੱਟੀ ਰਖਿਆ। ਪਰ ਹੁਣ ਜ਼ਮਾਨਾ ਸਚਮੁੱਚ ਹੀ ਬਦਲ ਚੁਕਾ ਸੀ। ਨਹਿਰੂ ਦੇ ਜ਼ਮਾਨੇ ਵਿਚ ਪਛੜੀਆਂ ਸ਼੍ਰੇਣੀਆਂ ਦੇ ਸਾਂਸਦ ਨਾਮ ਮਾਤਰ ਹੀ ਸਨ ਪਰ ਇਸ ਸਮੇਂ 8% ਪਛੜੀਆਂ ਸ਼੍ਰੇਣੀਆਂ ਦੇ ਸਾਂਸਦ ਆ ਚੁੱਕੇ ਸਨ। ਜਿਹਨਾਂ ਨੇ ਪਛੜੇ ਵਰਗਾਂ ਦੇ ਹੱਕਾਂ ਲਈ ਸੰਸਦ ਅੰਦਰ ਹੰਗਾਮਾ ਖੜ੍ਹਾ ਕਰ ਦਿੱਤਾ ਤੇ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨ ਜਾਤੀ ਕਬੀਲਿਆਂ ਦੇ ਸਾਂਸਦਾਂ ਨੇ ਉਹਨਾਂ ਦਾ ਜ਼ੋਰਦਾਰ ਸਮਰੱਥਨ ਕੀਤਾ। ਇਸ ਏਕੇ ਤੋਂ ਘਬਰਾ ਕੇ ਇੰਦਰਾ ਗਾਂਧੀ ਵਲੋਂ ਆਰ. ਐਸ. ਐਸ. ਨਾਲ ਗੁਪਤ ਸਮਝੌਤਾ ਕਰ ਲਿਆ ਗਿਆ ਕਿ ਜੇ ਕਿਧਰੇ ਦਲਿਤ ਤੇ ਪਛੜੇ ਵਰਗ ਇਕ ਹੋ ਗਏ ਤਾਂ ਬਰਾਹਮਣ ਘੱਟ ਗਿਣਤੀ ਰਹਿ ਜਾਣਗੇ , ਸਮਾਜ ਤੋਂ ਬਰਾਹਮਣ ਦੀ ਸਦੀਆਂ ਪੁਰਾਣੀ ਜਕੜ ਟੁਟ ਜਾਏਗੀ ਤੇ ਇਹ ਲੋਕ ਆਜ਼ਾਦ ਹੋ ਜਾਣਗੇ। ਇਸ ਲਈ ਗੁਜਰਾਤ ਤੋਂ ਰਿਜਰਵੇਸ਼ਨ ਵਿਰੋਧੀ ਅੰਦੋਲਨ ਚਾਲੂ ਕਰਵਾਇਆ ਗਿਆ। ਗੁਜਰਾਤ ਦੰਗਿਆਂ ਲਈ ਇਸ ਕਰਕੇ ਚੁਣਿਆਂ ਗਿਆ ਕਿਉਂਕਿ ਉਸ ਵਕਤ ਗੁਜਰਾਤ ਹੀ ਪੂਰੇ ਦੇਸ਼ ਵਿਚ ਅਜਿਹਾ ਸੂਬਾ ਸੀ ਜਿਥੇ ਐਸ ਸੀ ਦੀ ਆਬਾਦੀ ਕੇਵਲ 7% ਸੀ। ਉਸ ਸਮੇਂ ਮਾਧਵ ਸਿੰਘ ਸੋਲੰਕੀ ਗੁਜਰਾਤ ਦਾ ਮੁੱਖ ਮੰਤਰੀ ਸੀ। ਬਹੁਤ ਦੰਗੇ ਹੋਏ ਦਲਿਤਾਂ ਤੇ ਪਛੜੀਆਂ ਸ਼੍ਰੇਣੀਆਂ ਦੀ ਏਕਤਾ ਤੋੜਨ ਲਈ ਇਕ ਸਾਂਸਦ ਹੀਰਾ ਲਾਲ ਪਰਮਾਰ ਦਾ ਘਰ ਜਲਾ ਦਿੱਤਾ ਗਿਆ ਤੇ ਦੂਜੇ ਪਾਸੇ ਇਹ ਸੋਚ ਕੇ ਕਿ ਹਿੰਦੂ ਧਰਮ ਟੁੱਟ ਰਿਹਾ ਹੈ ਹਿੰਦੂਆਂ ਨੂੰ ਸੰਗਠਿਤ ਰੱਖਣ ਲਈ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪਰਧਾਨ ਅਸ਼ੋਕ ਸਿੰਘਲ ਦੀ ਅਗਵਾਈ ਵਿਚ ਜਾਗ੍ਰਿਤੀ ਯਾਤਰਾ ਸ਼ੁਰੂ ਕੀਤੀ ਗਈ ਜਿਸ ਦਾ ਦਿੱਲੀ ਪੁੱਜਣ ਤੇ ਪਰਧਾਨ ਮੰਤਰੀ ਇੰਦਰਾ ਗਾਂਧੀ ਨੇ ਜੰਤਰ ਮੰਤਰ ਤੇ ਭਰਵਾਂ ਸਵਾਗਤ ਕੀਤਾ। 1984 ਦੀਆਂ ਸੰਸਦੀ ਚੋਣਾਂ ਵਿਚ ਇੰਦਰਾ ਗਾਂਧੀ ਬਹੁਮਤ ਨੂੰ ਲੈਕੇ ਚਿੰਤਤ ਸੀ ਕਿਉਂਕਿ ਓ ਬੀ ਸੀ ਸਾਂਸਦ ਬਰਾਬਰ ਹੰਗਾਮਾ ਖੜ੍ਹਾ ਕਰ ਰਹੇ ਸਨ। ਮਜਬੂਰਨ ਮੰਡਲ ਰਿਪੋਰਟ ਸੰਸਦ ਵਿਚ ਰੱਖਣੀ ਪਈ। ਸੰਸਦ ਵਿਚ ਬਾਰ ਬਾਰ ਇਸ ਰਿਪੋਰਟ ਤੇ ਹੰਗਾਮਾ ਦਰ ਹੰਗਾਮਾ ਹੋ ਰਿਹਾ ਸੀ ਤੇ ਓ ਬੀ ਸੀ ਜਾਗਰਤ ਹੋ ਰਹੇ ਸਨ।ਇਸ ਲਈ ਬਰਾਹਮਣ ਅੱਗੇ ਸੰਕਟ ਖੜ੍ਹਾ ਹੋ ਗਿਆ ਕਿ ਲੋਕ ਉਸਦੇ ਖਿਲਾਫ ਖੜ੍ਹੇ ਹੋ ਰਹੇ ਹਨ ਐਸੀ ਹਾਲਤ ਵਿੱਚ 1984 ਦੀ ਚੋਣ ਕਿਵੇਂ ਜਿੱਤੀ ਜਾਵੇਗੀ ਇੰਦਰਾ ਗਾਂਧੀ ਦੇ ਸਾਹਮਣੇ ਇਹ ਭਾਰੀ ਸੰਕਟ ਖੜ੍ਹਾ ਹੋ ਗਿਆ ਤਦ ਇੰਦਰਾ ਗਾਂਧੀ ਨੇ ਦੂਹਰੀ ਰਣਨੀਤੀ ਬਣਾਈ ਕਿ ਓ ਬੀ ਸੀ ਦੀ ਸਮਾਜਿਕ ਜਾਗ੍ਰਿਤੀ ਨੂੰ ਧਾਰਮਕ ਜਾਗ੍ਰਿਤੀ ਵਿਚ ਬਦਲ ਕੇ ਉਹਨਾਂ ਦੇ ਵੋਟਾਂ ਦਾ ਇਸਤੇਮਾਲ ਕਰਕੇ ਧਾਰਮਕ ਜਾਗ੍ਰਿਤੀ ਦੁਆਰਾ ਮੰਡਲ ਕਮਿਸ਼ਨ ਦੇ ਖਿਲਾਫ਼ ਚੋਣ ਜਿੱਤੀ ਜਾਵੇ। ਇਸ ਰਣਨੀਤੀ ਨੂੰ ਲਾਗੂ ਕਰਨ ਲਈ ਇੰਦਰਾ ਗਾਂਧੀ ਨੇ ਆਰ ਐਸ ਐਸ ਨਲ ਰਲਕੇ ਯੋਜਨਾ ਬਣਾਈ। ਇਕ ਪਾਸੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪਰਧਾਨ ਅਸ਼ੋਕ ਸਿੰਘਲ ਨੇ ਧਾਰਮਿਕ ਤੌਰ ਤੇ ਹਿੰਦੂਆਂ ਨੂੰ ਜਾਗਰਤ ਤੇ ਸੰਗਠਿਤ ਕਰਨ ਲਈ ਯਾਤਰਾ ਸ਼ੁਰੂ ਕਰਵਾ ਦਿੱਤੀ ਗਈ ਜਿਸ ਦਾ ਦਿੱਲੀ ਪੁੱਜਣ ਤੇ ਪਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਭਰਵਾਂ ਤੇ ਜੋਰਦਾਰ ਸੁਆਗਤ ਕੀਤਾ ਗਿਆ ਤੇ ਦੂਜੇ ਪਾਸੇ ਇੰਦਰਾ ਗਾਂਧੀ ਨੇ ਹਿੰਦੂਤਵ ਦੇ ਮੁੱਦੇ ਤੇ ਦੇਸ਼ ਵਾਸੀਆਂ ਦਾ ਧਿਆਨ ਕੇਂਦਰਿਤ ਕਰਨ ਲਈ ਸਿੱਖ ਕੌਮ ਵਿਰੁੱਧ ਪ੍ਰਾਪੇਗੰਡਾ ਸ਼ੁਰੂ ਕਰਕੇ ਸਿੱਖਾਂ ਦੀ ਅਜ਼ਮਤ ਦੇ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਤੋਪਾਂ ਨਾਲ ਹਮਲਾ ਕਰ ਦਿਤਾ। ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਉਣ ਸਦਕਾ 31ਅਕਤੂਬਰ 1984 ਨੂੰ ਉਸਦੇ ਹੋਏ ਕਤਲ ਤੋਂ ਬਾਅਦ ਬਣੇ ਪਰਧਾਨ ਮੰਤਰੀ ਉਸਦੇ ਪੁੱਤਰ ਰਾਜੀਵ ਗਾਂਧੀ ਨੇ ਮੰਡਲ ਕਮਿਸ਼ਨ ਰਿਪੋਰਟ ਵੱਲ ਅੱਖ ਪੁੱਟ ਕੇ ਵੇਖਣਾ ਵੀ ਮੁਨਾਸਿਬ ਨਾ ਸਮਝਿਆ। ਭਾਵੇਂ ਉਹ 1984 ਦੀਆਂ ਸੰਸਦੀ ਚੋਣਾਂ ਵਿੱਚ 413 ਸਾਂਸਦਾਂ ਦੀ ਵੱਡੀ ਗਿਣਤੀ ਨਾਲ ਦੂਜੀ ਵਾਰ ਪਰਧਾਨ ਮੰਤਰੀ ਬਣ ਗਿਆ ਪਰ ਉਸਨੇ ਮੰਡਲ ਰਿਪੋਰਟ ਨੂੰ ਚਿਮਟੇ ਨਾਲ ਵੀ ਨਾ ਛੂਹਿਆ।

ਬੋਫੋਰਜ ਤੋਪਾਂ ਦੇ ਸੌਦੇ ਚੋਂ ਦਲਾਲੀ ਖਾਣ ਦੇ ਇਲਜ਼ਾਮਾਂ 'ਚ ਘਿਰ ਚੁੱਕੇ ਰਾਜੀਵ ਗਾਂਧੀ ਮੰਤਰੀ ਮੰਡਲ ਚੋਂ (ਮਾਂਡਾ ਦਾ ਰਾਜਾ) ਠਾਕੁਰ ਵਿਸ਼ਵ ਨਾਥ ਪਰਤਾਪ ਸਿੰਘ ਵੱਖ ਹੋ ਗਿਆ ਤੇ ਜਨ ਮੋਰਚਾ ਬਣਾਕੇ ਉਸਨੇ ਰਾਜੀਵ ਗਾਂਧੀ ਵਿਰੁੱਧ ਬੋਫੋਰਜ ਸਕੈਂਡਲ ਦਾ ਮੁੱਦਾ ਦੇਸ਼ ਭਰ ਵਿਚ ਉਛਾਲਿਆ। ਏਸੇ ਦੌਰਾਨ ਦੱਖਣ ਵਿਚ ਸਰਗਰਮ ਲਿਟੇ ਜਥੇਬੰਦੀ ਦੇ ਖਾੜਕੂਆਂ ਵਲੋਂ ਇਕ( ਔਰਤ) ਮਨੁੱਖੀ ਬੰਬ ਧਮਾਕੇ 'ਚ ਰਾਜੀਵ ਗਾਂਧੀ ਦੀ ਕੀਤੀ ਗਈ ਦਰਦਨਾਕ ਹੱਤਿਆ ਤੋਂ ਬਾਅਦ ਦੱਖਣੀ ਭਾਰਤ ਦਾ 'ਚਿਤਪਵਨ' ਬਰਾਹਮਣ ਨਰਸਿਮ੍ਹਾ ਰਾਓ ਭਾਰਤ ਦੇ ਪਰਧਾਨ ਮੰਤਰੀ ਦੀ ਕੁਰਸੀ ਤੇ ਸੁਸ਼ੋਭਿਤ ਹੋ ਗਿਆ। ਪਰ ਉਸਦੇ ਰਾਜਕਾਲ ਦੌਰਾਨ ਵੀ ਮੰਡਲ ਕਮਿਸ਼ਨ ਰਿਪੋਰਟ ਅਲਮਾਰੀਆਂ ਦੀ ਧੂੜ ਹੀ ਚੱਟਦੀ ਰਹੀ। ਲੋਕਾਂ ਦਾ ਧਿਆਨ ਮੰਡਲ ਕਮਿਸ਼ਨ ਰਿਪੋਰਟ ਤੋਂ ਭਟਕਾਉਣ ਲਈ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪਰਧਾਨ ਅਸ਼ੋਕ ਸਿੰਘਲ ਨੇ ਦੂਸਰੀ ਵਾਰ ਯਾਤਰਾ ਆਰੰਭ ਕਰ ਦਿੱਤੀ ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਪਰਚਾਰ ਯਾਤਰਾ ਦੇ ਕੀਤੇ ਗਏ ਸੁਆਗਤ ਦੀ ਯਾਦ ਦਿਵਾਉਂਦਿਆਂ ਨਰਸਿਮ੍ਹਾ ਰਾਓ ਨੂੰ ਵੀ ਸੁਆਗਤ ਕਰ ਲਈ ਕਿਹਾ ਗਿਆ।

ਸਾਹਿਬ ਕਾਂਸ਼ੀ ਰਾਮ ਜੀ ਦੀ ਅਗਵਾਈ 'ਚ 14, ਅਪਰੈਲ 1984 ਵਿਚ ਗਠਿਤ ਨਵੀਂ ਰਾਜਨੀਤਕ ਪਾਰਟੀ ਰਾਜਸੀ ਰੰਗਮੰਚ ਤੇ ਪਰਗਟ ਹੋ ਚੁੱਕੀ ਸੀ। ਜਿਸਨੇ ਮੰਡਲ ਕਮਿਸ਼ਨ ਰਿਪੋਰਟ ਨੂੰ ਜਗ ਜਾਹਰ ਕਰਨ ਲਈ ਤੇ ਲਾਗੂ ਕਰਵਾਉਣ ਲਈ ਖੂਬ ਪਰਚਾਰ ਕਰਨਾ ਸ਼ੁਰੂ ਕਰ ਦਿਤਾ। 15 ਅਗਸਤ 1989 ਤੋਂ ਦੇਸ਼ ਵਿਆਪੀ 1000 ਸੰਗੋਸ਼ਠੀਆਂ ਕੀਤੀਆਂ ਗਈਆਂ। ਦੂਸਰੇ ਚੱਲਣ ਵਿਚ ਸਾਈਕਲ ਦਾ ਇਸਤੇਮਾਲ ਕਰਕੇ 100 ਰੈਲੀਆਂ ਕੀਤੀਆਂ ਗਈਆਂ। ਤੀਸਰੇ ਚੱਲਣ ਵਿਚ 50 ਰਾਖਵਾਂਕਰਨ ਸਮਰੱਥ ਖੇਤਰੀ ਸੰਮੇਲਨ ਕੀਤੇ ਗਏ। 18 ਸਤੰਬਰ 1989 ਨੂੰ ਪਰੇਡ ਗਰਾਊਂਡ ਚੰਡੀਗੜ੍ਹ ਵਿਖੇ ਹੋਈ ਵਿਸ਼ਾਲ ਪ੍ਰੋ- ਮੰਡਲ ਰੈਲੀ ਤੋਂ ਵਾਪਸੀ ਦੌਰਾਨ ਕੋਟ ਕਪੂਰੇ ਦੇ ਪੰਜ ਬਸਪਾ ਕਾਰਜਕਰਤਾਵਾਂ ਨੂੰ ਇਕ ਸੜਕੀ ਹਾਦਸੇ 'ਚ ਜਾਨ ਗਵਾਉਣੀ ਪਈ। ਜਲਸੇ, ਰੈਲੀਆਂ ਤੇ ਸੈਮੀਨਾਰ ਕਰਕੇ ਓ ਬੀ ਸੀ ਨੂੰ ਜਾਗਰਤ ਕਰਨ ਦੀ ਦੇਸ਼ ਵਿਆਪੀ ਮੁਹਿੰਮ ਛੇੜ ਦਿੱਤੀ ਤੇ ਸਾਰੇ ਦੇਸ਼ ਵਿਚ ਦੀਵਾਰਾਂ ਤੇ ਲਿਖ ਕੇ ਸਰਕਾਰ ਨੂੰ ਵੰਗਾਰਿਆ ਕਿ :-

"ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੋ।
ਵਰਨਾ ਕੁਰਸੀ ਖਾਲੀ ਕਰੋ।"

ਜਿਸ ਕਰਕੇ 1989 ਦੀਆਂ ਆਮ ਚੋਣਾਂ ਵਿਚ ਠਾਕੁਰ ਵੀ. ਪੀ. ਸਿੰਘ ਦੀ ਅਗਵਾਈ ਵਿਚ ਗਠਿਤ ਜਨਤਾ ਦਲ ਨੇ ਮੰਡਲ ਕਮਿਸ਼ਨ ਰਿਪੋਰਟ ਨੂੰ ਆਪਣਾ ਚੁਣਾਵੀ ਮੁੱਦਾ ਬਣਾ ਲਿਆ ਤੇ ਵਾਅਦਾ ਕੀਤਾ ਗਿਆ ਕਿ ਜੇ ਜਨਤਾ ਦਲ ਦੀ ਸਰਕਾਰ ਹੋਂਦ ਵਿਚ ਆਈ ਤਾਂ ਸੱਭ ਤੋ ਪਹਿਲਾ ਫੈਸਲਾ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਨ ਲਈ ਲਿਆ ਜਾਵੇਗਾ। 5 ਦਸੰਬਰ 1989 ਨੂੰ ਠਾਕੁਰ ਵੀ. ਪੀ. ਸਿੰਘ ਦੀ ਅਗਵਾਈ ਵਿਚ ਆਪਾ ਵਿਰੋਧੀ ਵਿਰਾਰਾਧਾਰਾ ਵਾਲੀਆਂ ਧਿਰਾਂ ਭਾਰਤੀ ਜਨਤਾ ਪਾਰਟੀ ਤੇ ਕਮਿਊਨਿਸਟ ਪਾਰਟੀਆਂ ਨਾਲ ਮਿਲ ਕੇ ਬਣਾਈ ਸਰਕਾਰ ਦਾ ਕਲਮ ਦਾਨ ਸੰਭਾਲਿਆ। ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਨ ਲਈ ਪਹਿਲਾ ਫੈਸਲਾ ਤਾਂ ਕੀ ਕਰਨਾ ਸੀ ਸਗੋਂ ਉਹਨੇ ਵੀ ਮਨੂਵਾਦੀ ਲੀਹਾਂ ਤੇ ਚਲਦਿਆਂ ਡੰਗ ਟਪਾਊ ਚਾਲਾਂ ਚਲਣੀਆਂ ਸ਼ੁਰੂ ਕਰ ਦਿਤੀਆਂ। ਸਗੋਂ 3ਦਸੰਬਰ ਤੋਂ ਰਾਖਵਾਂਕਰਨ ਵਿਰੋਧੀ ਅੰਦੋਲਨ ਤੇਜ ਕਰ ਦਿੱਤਾ ਗਿਆ। ਉਧਰ ਬਸਪਾ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਨੇ ਚੁਣਾਵੀ ਵਾਅਦਾ ਯਾਦ ਕਰਵਾਉਣ ਲਈ ਵੀ. ਪੀ. ਸਿੰਘ ਸਰਕਾਰ ਵਿਰੁੱਧ ਮੋਰਚਾ ਖੋਲ੍ਹਦਿਆਂ ਪਹਿਲੀ ਮਾਰਚ ਤੋਂ 15 ਅਪਰੈਲ 1990 ਤਕ ਰਾਸ਼ਟਰਪਤੀ ਭਵਨ ਦੇ ਸਾਹਮਣੇ ਬੋਟ ਕਲੱਬ ਦੇ ਸਾਹਮਣੇ ਵਿਸ਼ਾਲ ਮੈਦਾਨ ਵਿੱਚ 45 ਦਿਨਾਂ ਲਈ ਧਰਨਾ ਲਗਾਉਣ ਤੇ ਸੰਸਦੀ ਸੈਸ਼ਨ ਦੇ ਪਹਿਲੇ ਦਿਨ 15 ਅਪਰੈਲ ਨੂੰ ਵਿਸ਼ਾਲ ਰੈਲੀ ਕਰਨ ਦਾ ਪਰੋਗਰਾਮ ਉਲੀਕਿਆ ਗਿਆ। ਇਸ ਧਰਨੇ ਵਿਚ ਪਛੜੀਆਂ ਜਾਤੀਆਂ ਦੀ ਗਿਣਤੀ ਦੇ ਆਧਾਰ ਤੇ 3743 ਵਿਅਕਤੀਆਂ ਦੀ ਸ਼ਮੂਲੀਅਤ ਦਾ ਟੀਚਾ ਮਿੱਥਿਆ ਗਿਆ। ਖੁੱਲ੍ਹੇ ਮੈਦਾਨ ਅੰਦਰ ਕੜਕਦੀ ਧੁੱਪ ਚ ਬਸਪਾ ਕਾਰਜਕਰਤਾ ਸਵੇਰੇ 9 ਵਜੇ ਤੋਂ 10 ਵਜੇ ਤਕ, ਦੁਪਹਿਰ 1 ਵਜੇ ਤੋਂ 2 ਵਜੇ ਤਕ ਅਤੇ ਸ਼ਾਮ 5ਵਜੇ ਤੋਂ 6 ਵਜੇ ਤਕ ਬੁਲੰਦ ਆਵਾਜ ਤੇ ਪੁਰਜੋਸ਼ ਨਾਅਰੇ ਮਾਰਕੇ ਲੰਘਣ ਵਾਲੀਆਂ ਭੀੜਾਂ ਦਾ ਧਿਆਨ ਖਿਚਦੇ- "ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੋ,
ਵਰਨਾ ਕੁਰਸੀ ਖਾਲੀ ਕਰੋ।"

ਇਸ ਵਿਸ਼ਾਲ ਤੇ ਲੰਮੇ ਅਰਸੇ ਤਕ ਚਲਣ ਵਾਲੇ ਧਰਨੇ ਦੌਰਾਨ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਵਾਉਣ ਲਈ ਪੰਜਾਬ ਦੇ ਬਸਪਾ ਕਾਰਜਕਰਤਾ ਕਾਫਲੇ ਬਣਾ ਕੇ ਪੁੱਜਦੇ ਰਹੇ। ਇਹ ਵਰਨਣ ਯੋਗ ਹੈ ਕਿ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਵਾਉਣ ਲਈ ਅਨੁਸੂਚਿਤ ਜਾਤੀਆਂ ਦੇ ਲੋਕ ਅੰਦੋਲਨ ਕਰ ਰਹੇ ਸਨ ਜਦੋਂ ਕਿ ਇਸ ਰਿਪੋਰਟ ਨਾਲ ਉਹਨਾਂ ਦਾ ਕੋਈ ਸੰਬੰਧ ਨਹੀਂ ਸੀ ਕੋਈ ਲੈਣਾ ਦੇਣਾ ਨਹੀਂ ਸੀ। ਇਸ ਦਾ ਉਹਨਾਂ ਨੂੰ ਕੋਈ ਲਾਭ ਨਹੀਂ ਸੀ ਹੋਣਾ। ਇਸ ਸੰਘਰਸ਼ ਦੌਰਾਨ ਦੇਸ਼ ਭਰ ਵਿਚ 6-7 ਬਸਪਾ ਕਾਰਜਕਰਤਾਵਾਂ ਨੂੰ ਆਪਣੇ ਪ੍ਰਾਣਾਂ ਦੀ ਅਹੂਤੀ ਦੇਣੀ ਪਈ। ਧਰਨੇ ਦੇ ਆਖਰੀ ਦਿਨ ਸੰਸਦ ਘਿਰਾਓ ਲਈ ਦੇਸ਼ ਭਰ ਤੋਂ ਪੁੱਜੇ ਕਾਰਜਕਰਤਾਵਾਂ ਨੂੰ ਦੋ ਦੋ ਦੀਆਂ ਲਾਈਨਾਂ ਬਣਾਕੇ ਵਖ ਵਖ ਸੜਕਾਂ ਤੇ ਨੀਲੇ ਝੰਡੇ ਫੜੀ ਮਨੁੱਖੀ ਸਿਰਾਂ ਦਾ ਸਮੁੰਦਰ ਪੁਰਜੋਸ਼ ਨਾਅਰੇ ਮਾਰਦਾ ਆਪਣੀ ਮੰਜਲ ਵਲ ਵਧ ਰਿਹਾ ਸੀ। ਜਿਸ ਨੂੰ ਗ੍ਰਹਿ ਮੰਤਰੀ ਮੁਫਤੀ ਮੁਹੰਮਦ ਸਈਯਦ ਦੀ ਕੋਠੀ ਅੱਗੇ ਰੋਕ ਲਿਆ ਗਿਆ। ਬਸਪਾ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਨੇ ਆਪਣੇ ਕੁੰਜੀਵਤ ਭਾਸ਼ਨ ਦੌਰਾਨ ਚਿਤਾਵਨੀ ਦਿੰਦਿਆਂ ਤਿੱਖੇ ਅੰਦਾਜ ਆਖਿਆ ਕਿ -

"ਲੋਕਾਂ ਨਾਲ ਝੂਠੇ ਵਾਅਦੇ ਕਰ ਕੇ ਡੰਗ ਟਪਾਊ ਸਰਕਾਰਾਂ ਦਾ ਵੇਲਾ ਹੁਣ ਖਤਮ ਹੋ ਗਿਆ ਹੈ। ਬਹੁਜਨ ਸਮਾਜ ਆਪਣੇ ਬਜ਼ੁਰਗਾਂ ਦੇ ਸੰਘਰਸ਼ ਨੂੰ ਅੱਗੇ ਵਧਾਉਣ ਤੇ ਆਪਣੀ ਗੁਲਾਮੀ ਦੀਆਂ ਜੰਜੀਰਾਂ ਕੱਟਣ ਲਈ ਅੱਗੇ ਵਧ ਰਿਹਾ ਹੈ। ਵੀ ਪੀ ਸਿੰਘ ਦੀ ਸਰਕਾਰ ਆਪਣਾ ਵਾਅਦਾ ਪੂਰਾ ਕਰਨ ਤੋਂ ਪਹਿਲੀਆਂ ਮਨੂਵਾਦੀ ਸਰਕਾਰਾਂ ਵਾਂਗ ਟਾਲ ਮਟੋਲ ਦੀ ਨੀਤੀ ਅਪਨਾਉਣ ਲਈ ਯਤਨਸ਼ੀਲ ਹੈ। ਸਰਕਾਰ ਦੇ ਐਸੇ ਮਨਸੂਬੇ ਧਰੇ ਧਰਾਏ ਰਹਿ ਜਾਣਗੇ। ਸਰਕਾਰ ਦੀਆਂ ਕੋਝੀਆਂ ਚਾਲਾਂ ਹੁਣ ਸਫਲ ਨਹੀਂ ਹੋਣ ਦਿਤੀਆਂ ਜਾਣਗੀਆਂ।" ਸਾਹਿਬ ਕਾਂਸ਼ੀ ਰਾਮ ਜੀ ਜੀ ਨੇ ਦਸਿਆ ਕਿ ਪਰਧਾਨ ਮੰਤਰੀ ਵੀ ਪੀ ਸਿੰਘ ਦਾ ਸੰਦੇਸ਼ ਸੁਣਕੇ ਦੁਖ ਹੋਇਆ ਹੈ ਜਿਸ ਵਿਚ ਉਹਨਾਂ ਨੇ ਮੰਡਲ ਕਮਿਸ਼ਨ ਰਿਪੋਰਟ ਦੀ ਜਾਂਚ ਕਰਾਉਣ ਬਾਰੇ ਲਿਖਿਆ ਹੈ ਮੈਂ ਇਸ ਮੰਚ ਦੇ ਮਾਧਿਅਮ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਪਰਧਾਨ ਮੰਤਰੀ ਵੀ ਪੀ ਸਿੰਘ ਦਾ ਦਾ ਇਹ ਰਵੱਈਆ ਸਹੀ ਨਹੀਂ ਹੈ। ਜਾਂਚ ਤਾ ਘੋਸ਼ਣਾ ਪਤਰ ਚ ਲਿਖਣ ਤੋਂ ਪਹਿਲਾਂ ਕਰ ਲੈਣੀ ਚਾਹੀਦੀ ਸੀ ਅਜ ਜਦੋਂ ਘੋਸ਼ਣਾ ਪਤਰ ਚ ਲਿਖਣ ਕੇ ਸਾਡੇ ਸਮਾਜ ਦੇ ਵੋਟ ਲੁਟ ਚੁਕੇ ਹਨ ਤਾਂ ਹੁਣ ਜਾਂਚ ਦੀ ਗਲ ਕਰਨਾ ਸਹੀ ਨਹੀਂ ਹੈ।



ਲਾਲ ਸਿੰਘ ਸੁਲਹਾਣੀ
91-98721-55120

ਉਹ ਕਹਿਣ ਲੱਗੇ ਇਸ ਮੌਕੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਜ ਦੋ ਸੂਬਿਆਂ ਵਿਚ ਪੱਛੜ ਵਰਗ ਦੇ ਯਾਦਵ ਸੀ ਐਮ (ਮੁੱਖ ਮੰਤਰੀ) ਹਨ। ਸੀ ਐਮ ਤਾਂ ਕਦੀ ਵੀ ਕਿਸੇ ਨੂੰ ਹੱਥ ਫੜਕੇ ਬਣਾਇਆ ਜਾ ਸਕਦਾ ਹੈ ਤੇ ਕੰਨੋਂ ਫੜਕੇ ਗਿਰਾਇਆ ਜਾ ਸਕਦਾ ਹੈ। ਪਰੰਤੂ ਡੀ ਐਮ ਬਣਾਉਣ ਤੇ ਪੂਰੇ ਬਾਰਾਂ ਸਾਲ ਦਾ ਸਮਾਂ ਲਗਦਾ ਹੈ। ਡੀ ਐਮ ਨਾ ਤਾਂ ਤੁਰੰਤ ਬਣਾਇਆ ਜਾ ਸਕਦਾ ਹੈ ਤੇ ਨਾ ਹੀ ਕੰਨੋਂ ਫੜਕੇ ਗਿਰਾਇਆ ਜਾ ਸਕਦਾ ਹੈ ਪਛੜੇ ਵਰਗ ਦੇ ਸੀ ਐਮ ਤਾਂ ਅਸੀਂ ਕਈ ਦੇਖੇ ਹਨ ਪਰੰਤੂ ਜਦੋਂ ਸੀ ਐਮ ਨੇ ਡੀ ਐਮ ਬਣਾਉਣ ਦਾ ਕੰਮ ਸ਼ੁਰੂ ਕੀਤਾ ਤਾਂ ਉਹਨੂੰ ਕੇਂਦਰ ਸਰਕਾਰ ਵੱਲੋਂ ਕੰਨੋਂ ਫੜਕੇ ਹੇਠਾਂ ਗਿਰਾ ਦਿੱਤਾ ਗਿਆ। ਇਹੋ ਕਾਰਨ ਹੈਕਿ ਪੂਰੇ ਉੱਤਰ ਪ੍ਰਦੇਸ਼ ਤੇ ਬਿਹਾਰ ਵਿਚ ਪਛੜੇ ਵਰਗ ਦੇ ਦੋ ਚਾਰ ਹੀ ਡੀ ਐਮ ਹਨ। ਜਦੋਂ ਕਿ ਰਾਖਵੇਂਕਰਨ ਦਾ ਫਾਇਦਾ ਲੈਕੇ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨ ਜਾਤੀਆਂ ਦੇ ਪਿਛਲੇ ਪੰਜ ਸਾਲਾਂ ਚ 100 ਤੋ ਜਿਆਦਾ ਡੀ ਐਮ ਹਨ। ਬਰਾਹਮਣਵਾਦੀ ਵਰਣ ਵਿਵਸਥਾ ਚ ਜਿਸ ਸਮਾਜ ਨੂੰ ਸਭ ਤੋਂ ਜ਼ਿਆਦਾ ਨੀਚੇ ਗਿਰਾਇਆ ਗਿਆ ਦਬਾਇਆ ਗਿਆ ਉਹਨਾਂ ਦੇ ਅੱਜ ਸੌ ਤੋ ਜਿਆਦਾ ਡੀ ਐਮ ਹਨ ਤਾਂ ਪਛੜੇ ਵਰਗਾਂ ਦੇ ਕਿਉਂ ਨਹੀਂ ਹੋ ਸਕਦੇ। ਰਾਸ਼ਟਰੀ ਮੋਰਚੇ ਦੀ ਸਰਕਾਰ ਨੂੰ ਆਪਣੇ ਕੀਤੇ ਵਾਅਦੇ ਮੁਤਾਬਕ ਮੰਡਲ ਕਮਿਸ਼ਨ ਰਿਪੋਰਟ ਨੂੰ ਤੁਰੰਤ ਲਾਗੂ ਕਰ ਦੇਣਾ ਚਾਹੀਦਾ ਹੈ ਬਿਨਾਂ ਦੇਰੀ। ਨਹੀਂ ਤਾਂ ਇਸ ਸਰਕਾਰ ਦਾ ਹਸ਼ਰ ਵੀ ਪਿਛਲੀ ਸਰਕਾਰ ਵਾਲਾ ਹੀ ਹੋਵੇਗਾ।

ਉਹਨਾਂ ਨੇ ਆਪਣੀ ਤਕਰੀਰ ਜਾਰੀ ਰੱਖਦਿਆਂ ਕਿਹਾ ਕਿ - "ਆਰੀਆ ਪੁੱਤਰੋ! ਹੋਸ਼ ਕਰੋ ਸਦੀਆਂ ਤੋਂ ਸਤਾਏ ਹੋਏ ਲੋਕਾਂ ਨੂੰ ਹੋਰ ਵਧੇਰੇ ਨਾ ਸਤਾਓ। ਸਾਨੂੰ ਕੁਚਲ ਕੇ ਸਾਡੇ ਅਧਿਕਾਰ ਖੋਹਣ ਵਾਲਾ ਰਵੱਈਆ ਹੁਣ ਤੁਹਾਨੂੰ ਬਦਲ ਲੈਣਾ ਚਾਹੀਦਾ ਹੈ। ਵਰਨਾ ਮੈਂ ਤੁਹਾਡਾ ਇਤਿਹਾਸ ਪੜ੍ਹਿਆ ਹੈ ਤੁਹਾਡੇ ਪੁਰਖੇ ਸਾਡੇ ਦੇਸ਼ 'ਤੇ ਘੋੜਿਆਂ ਤੇ ਚੜ੍ਹ ਕੇ ਹਮਲਾਵਰ ਹੋਏ ਸਨ ਅਸੀਂ ਤੁਹਾਨੂੰ ਵਾਪਿਸ ਭੇਜਣ ਦ ਪਰਬੰਧ ਕਰਨ ਵਾਲੇ ਹਾਂ ਪਰ ਐਨੇ ਘੋੜਿਆਂ ਦਾ ਬੰਦੋਬਸਤ ਤਾਂ ਨਹੀਂ ਕੀਤਾ ਜਾ ਸਕਦਾ ਪਰ ਖੋਤਿਆਂ ਦਾ ਪਰਬੰਧ ਜਰੂਰ ਕਰਾਂਗੇ। ਇਕ ਡੰਡਾ ਖੋਤੇ ਨੂੰ ਤੇ ਦੋ ਡੰਡੇ ਤੁਹਾਨੂੰ ਮਾਰਕੇ ਤੁਹਾਡੇ ਟਿਕਾਣੇ ਮੱਧ ਏਸ਼ੀਆ ਭਜਾਵਾਂਗੇ। ਅੱਗੇ ਪੰਜਾਬ ਤੇ ਜੰਮੂ ਕਸ਼ਮੀਰ ਦੇ ਖਾੜਕੂ ਏ ਕੇ 47 ਲਈ ਖੜੋਤੇ ਹਨ ਤੇ ਅਗਾਂਹ ਪਾਕਿਸਤਾਨ ਹੈ ਪਤਾ ਨਹੀਂ ਜਾ ਵੀ ਸਕੋਗੇ ਜਾਂ ਨਹੀਂ।" ਸੁਆਮੀ ਵਿਵੇਕਾ ਨੰਦ ਜੀ ਨੇ ਤੁਹਾਨੂੰ ਇਕ ਸਦੀ ਪਹਿਲਾਂ ਆਗਾਹ ਕੀਤਾ ਸੀ ਕਿ- "ਐ ਸਵਰਨ ਕਹਾਉਣ ਵਾਲੇ ਲੋਕੋ! ਤੁਹਾਨੂੰ ਸ਼ੂਦਰਾਂ ਪ੍ਰਤੀ ਆਪਣੀ ਧਾਰਨਾ ਬਦਲ ਲੈਣੀ ਚਾਹੀਦੀ ਹੈ। ਨਹੀਂ ਤਾਂ ਇਹ ਇਕ ਦਿਨ ਜਾਗਣਗੇ ਤੇ ਜਾਗਣਗੇ ਵੀ ਜਰੂਰ ਅਤੇ ਤੁਹਾਨੂੰ ਫੂਕ ਮਾਰਕੇ ਉਡਾ ਦੇਣਗੇ।"

ਸਾਹਿਬ ਕਾਂਸ਼ੀ ਰਾਮ ਜੀ ਨੇ ਹੋ ਆਖਿਆ ਕਿ "ਜੇ ਤੁਸੀਂ ਲੜਕੇ ਸਾਡੇ ਦੇਸ਼ ਤੇ ਕਾਬਜ ਰਹਿਣ ਦਾ ਇਰਾਦਾ ਰੱਖਦੇ ਹੋ ਤਾਂ ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਸੌ ਵਿਚੋਂ 85 ਹਾਂ ਤੇ ਤੁਸੀਂ ਸਿਰਫ 15 ਹੋ। ਜੇ ਅਸੀਂ 15 ਦੇ ਮੁਕਾਬਲੇ 'ਚ 15 ਮਰ ਵੀ ਜਾਵਾਂਗੇ ਤਾਂ, ਅਸੀਂ ਤਾਂ 70 ਫਿਰ ਵੀ ਬਚ ਜਾਵਾਂਗੇ ਪਰ ਆਰੀਆ ਪੁਤਰੋ ! ਤੁਹਾਡਾ ਬੀਜ ਨਾਸ਼ ਹੋ ਜਾਵੇਗਾ। ਤੇ ਮੈਨੂੰ ਨਹੀਂ ਲੱਗਦਾ ਕਿ ਤੁਸੀਂ ਆਪਣਾ ਬੀਜ ਨਾਸ਼ ਕਰਵਾਉਣ ਲਈ ਬਜਿਦ ਹੋਵੋਗੇ। ਇਸ ਲਈ ਨੇਕ ਨੀਤੀ ਨਾਲ ਸਾਡੇ ਮਨੁੱਖੀ ਤੇ ਸੰਵਿਧਾਨਕ ਅਧਿਕਾਰ ਸਾਨੂੰ ਵਾਪਸ ਦਿਓ --

ਤੇ ਕਾਰਜਕਰਤਾ ਜੋਸ਼ੀਲੀ ਆਵਾਜ ਵਿਚ ਬਾਹਵਾਂ ਉਠਾ ਕੇ ਨਾਅਰੇ ਬੁਲੰਦ ਕਰ ਰਹੇ ਸਨ --

ਕਾਂਸ਼ੀ ਰਾਮ ਸੰਘਰਸ਼ ਕਰੋ,
ਹਮ ਤੁਮਹਾਰੇ ਸਾਥ ਹੈਂ।
ਆਰੀਆ ਪੁੱਤਰੋ ਹੋਸ਼ ਮੇਂ ਆਓ।
ਹੋਸ਼ ਮੇਂ ਆਓ, ਹੋਸ਼ ਮੇਂ ਆਓ।
ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੋ।
ਵਰਨਾ ਕੁਰਸੀ ਖਾਲੀ ਕਰੋ।

# ਦਲਿਤ ਅੱਤਿਆਚਾਰ, ਕਿਸਾਨ ਅੰਦੋਲਨ ਅਤੇ ਸਮਾਜਿਕ ਅਸ਼ਾਂਤੀ- ਇਕ ਸਾਂਝਾ ਹੱਲ



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਅੱਜ ਦੇਸ਼ ਭਰ ਵਿਚ ਦਲਿਤਾਂ 'ਤੇ ਅੱਤਿਆਚਾਰ, ਤਸ਼ੱਦਦ, ਬਲਾਤਕਾਰ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਘਿਨਾਉਣੇ ਤੋਂ ਘਿਨਾਉਣਾ ਜ਼ੁਲਮ ਢਾਹਿਆ ਜਾ ਰਿਹਾ ਹੈ। ਵਿਰੋਧ ਵਿਚ ਰੋਸ ਮੁਜ਼ਾਹਰੇ ਹੋ ਰਹੇ ਹਨ, ਪੁਲਿਸ ਲਾਠੀਚਾਰਜ ਕਰ ਰਹੀ ਹੈ, ਪਾਣੀ ਦੀਆਂ ਬੁਛਾੜਾਂ ਮਾਰੀਆਂ ਜਾ ਰਹੀਆਂ ਹਨ। ਦਲਿਤ ਸੜਕਾਂ ਤੇ ਹਨ, ਰੋਹ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਪਰ ਘਟਨਾਵਾਂ ਰੁਕਣ ਦੀ ਬਜਾਏ ਵਧਦੀਆਂ ਹੀ ਜਾ ਰਹੀਆਂ ਹਨ। ਬਹੁਤਾ ਪਿੱਛੇ ਨਾ ਜਾਂਦਿਆਂ ਫੂਲਾਂ ਦੇਵੀ ਗੈਂਗ ਰੇਪ, ਬੰਤ ਸਿੰਘ ਝੱਬਰ, ਖੈਰਲਾਂਜੀ, ਮਿਰਚਪੁਰ ਦੀ ਗੱਲ ਨਾ ਵੀ ਕਰੀਏ ਤਾਂ 2016 ਦਾ ਨੰਦਨੀ ਗੈਂਪ ਰੇਪ, 2017 ਦੇ ਸਹਾਰਨਪੁਰ ਦੰਗੇ, 2018 ਦੇ ਭੀਮਾ ਕੋਰੇਗਾਉਂ ਕੇਸ ਆਦਿ ਦੇ ਜ਼ਖਮ ਤਾਂ ਹਾਲੇ ਰਿਸ ਹੀ ਰਹੇ ਸਨ ਕਿ 14 ਸਤੰਬਰ 2020 ਨੂੰ ਹਾਥਰਸ (ਯੂ. ਪੀ.) ਵਿਚ ਇਕ ਦਿਲ ਵਿੰਨ੍ਹਵੀਂ ਘਟਨਾ ਹੋਰ ਵਾਪਰ ਗਈ। ਇਕ 19 ਸਾਲਾ ਦਲਿਤ ਲੜਕੀ ਦਾ ਗੈਂਗ ਰੇਪ ਕੀਤਾ, ਰੀੜ੍ਹ ਦੀ ਹੱਡੀ ਤੋੜੀ, ਗਰਦਨ ਦਾ ਮਣਕਾ ਤੋੜਿਆ, ਜੀਭ ਕੱਟੀ ਗਈ। ਦੋ ਹਫਤੇ ਜ਼ਿੰਦਗੀ ਮੌਤ ਨਾਲ ਘੁਲਦੀ 29 ਸਤੰਬਰ ਨੂੰ ਹਸਪਤਾਲ ਵਿਚ ਦਮ ਤੋੜ ਗਈ। ਮਰਨ ਉਪਰੰਤ ਵੀ ਜ਼ਿਆਦਤੀ- ਨਾ ਪਰਿਵਾਰ ਵਾਲਿਆਂ ਨੂੰ ਆਖਰੀ ਵਾਰ ਮੂੰਹ ਵਿਖਾਇਆ ਗਿਆ, ਨਾ ਕੋਈ ਆਖਰੀ ਧਾਰਮਿਕ ਰਸਮ ਕਰਨ ਦਿੱਤੀ ਗਈ, ਸਗੋਂ ਧਾਰਮਿਕ ਰਵਾਇਤਾਂ ਤੋਂ ਉਲਟ ਜਾ ਕੇ ਰਾਤੀਂ ਢਾਈ ਵਜੇ ਪੁਲਿਸ ਵੱਲੋਂ ਲਾਸ਼ ਨੂੰ ਅਗਨ ਭੇਂਟ ਕਰ ਦਿੱਤਾ ਗਿਆ। ਭਾਂਬੜ ਮੱਚ ਰਿਹਾ ਹੈ, ਕੁਝ ਪੁਲਿਸ ਵਾਲੇ ਹੱਸਦੇ ਵਿਖਾਏ ਗਏ ਹਨ। ਬਾਬਰੀ ਮਸਜਿਦ ਤੋੜਨ ਦੇ ਕੇਸ ਵਿਚ ਬਰੀ ਹੋਏ ਨੇਤਾ ਤੇ ਲੋਕ ਲੱਡੂ ਵੰਡ ਰਹੇ ਹਨ, ਢੋਲ ਢਮੱਕਿਆਂ ਨਾਲ ਖੁਸ਼ੀਆਂ ਮਨਾ ਰਹੇ ਵਿਖਾਏ ਜਾ ਰਹੇ ਹਨ। ਅਜੀਬ ਮੰਜ਼ਰ ਹੈ। ਸੱਤਾ ਪਾਰਟੀ ਦੇ ਕਿਸੇ ਨੇਤਾ, ਸੂਬੇ ਦੇ ਜਾਂ ਦੇਸ਼ ਦੇ ਮੁਖੀ ਵੱਲੋਂ ਪੀੜਿਤਾ ਜਾਂ ਉਸਦੇ ਪਰਿਵਾਰ ਲਈ ਹਮਦਰਦੀ ਦਾ ਇਕ ਅੱਖਰ ਵੀ ਨਹੀਂ ਨਿਕਲਿਆ। ਇਹ ਹੋ ਕੀ ਰਿਹਾ ਹੈ? ਨਾਲ ਦੀ ਨਾਲ ਹੀ ਇਸ ਤਰ੍ਹਾਂ ਦੀਆਂ ਘਟਨਾਵਾਂ ਹੋਰ ਵਾਪਰ ਗਈਆਂ। ਯੂ. ਪੀ. ਦੇ ਹੀ ਬਲਰਾਮਪੁਰ ਵਿਚ ਇਕ ਦਲਿਤ ਵਿਦਿਆਰਥਣ ਦਾ ਗੈਂਗ ਰੇਪ ਕਰਨ ਤੋਂ ਬਾਅਦ ਕਤਲ ਕਰ ਦਿੱਤਾ ਗਿਆ। ਇੱਥੇ ਹੀ ਬੱਸ ਨਹੀਂ ਤਾਬੜਤੋੜ ਆਜ਼ਮਗੜ੍ਹ, ਫਤਿਹਪੁਰ, ਬਾਗਪਤ, ਬੁਲੰਦ ਸ਼ਹਿਰ, ਝਾਂਸੀ ਵਿਚ ਵੀ ਇਹੋ ਜਿਹੀਆਂ ਅੱਤਿਆਚਾਰ ਦੀਆਂ ਘਟਨਾਵਾਂ ਨੂੰ ਬੜੀ ਨਿਡਰਤਾ ਨਾਲ ਅੰਜ਼ਾਮ ਦਿੱਤਾ ਗਿਆ। ਸਰਕਾਰਾਂ ਜਾਂ ਲੀਡਰਾਂ ਦੀ ਚੁੱਪੀ ਅੰਜ਼ਾਮ ਦੇਣ ਵਾਲੇ ਅਨਸਰਾਂ ਦੀ ਪਿੱਠ ਥਾਪੜਨ ਦਾ ਸੰਕੇਤ ਹੀ ਤਾਂ ਹੈ।

ਹਾਥਰਸ ਘਟਨਾ ਵਿਚ ਸਾਰਾ ਪ੍ਰਬੰਧਕੀ ਤੰਤਰ ਆਪਣਾ ਜਾਤੀ ਰੋਲ ਹੀ ਨਿਭਾਉਂਦਾ ਨਜ਼ਰ ਆ ਰਿਹਾ ਹੈ। ਹਾਥਰਸ ਪੁਲਿਸ ਮੁਖੀ ਆਖ ਰਿਹਾ ਹੈ ਪੀੜਿਤਾ ਦੀ ਜੀਭ ਕਿਸੇ ਹਥਿਆਰ ਨਾਲ ਨਹੀਂ ਦੰਦਾਂ ਵਿਚ ਆ ਕੇ ਕੱਟੀ ਗਈ ਹੈ। ਜ਼ਿਲ੍ਹੇ ਦਾ ਪ੍ਰਬੰਧਕੀ ਮੁਖੀ ਪੀੜਤ ਪਰਿਵਾਰ ਨੂੰ ਧਮਕੀ ਨੁਮਾ ਸਲਾਹ ਦੇ ਰਿਹਾ ਹੈ। ਸੂਬੇ ਦਾ ਐਡੀਸ਼ਨਲ ਡਾਇਰੈਕਟਰ ਪੁਲਿਸ ਸਾਬਤ ਕਰ ਰਿਹਾ ਹੈ ਕਿ ਬਲਾਤਕਾਰ ਨਹੀਂ ਹੋਇਆ। ਪਿੰਡ ਦਾ ਸਰਪੰਚ ਆਖ ਰਿਹਾ ਹੈ ਕਿ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਪੁੱਛਗਿੱਛ ਕਰ ਲੈਣੀ ਚਾਹੀਦੀ ਸੀ।

ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਉਤੇ ਅੱਤਿਆਚਾਰਾਂ ਦੇ ਮਾਮਲੇ ਲਗਾਤਾਰ ਵਧਦੇ ਜਾ ਰਹੇ ਹਨ। ਰਾਸ਼ਟਰੀ ਅਪਰਾਧ ਰਿਪੋਰਟ ਬਿਊਰੋ (ਐਨ. ਸੀ. ਆਰ. ਬੀ.) ਦੇ ਅੰਕੜਿਆਂ ਅਨੁਸਾਰ ਸਾਲ 2019 ਵਿਚ ਪਿਛਲੇ ਸਾਲ (2018) ਦੇ ਮੁਕਾਬਲੇ ਕ੍ਰਮਵਾਰ 7.3 ਅਤੇ 26.5 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਕੱਲੇ ਅਨੁਸੂਚਿਤ ਜਾਤੀਆਂ ਉਤੇ ਦੇਸ਼ ਭਰ ਵਿਚ 45,935 ਕੇਸ ਰਜਿਸਟਰਡ ਹੋਏ। ਇਹਨਾਂ ਵਿਚੋਂ ਇਕੱਲੇ ਯੂ. ਪੀ. ਵਿਚ ਸਭ ਤੋਂ ਵੱਧ 11,829 ਕੇਸ ਰਜਿਸਟਰਡ ਹੋਏ। ਦੂਜੇ ਸਥਾਨ ਤੇ ਰਾਜਸਥਾਨ (6794) ਅਤੇ ਤੀਜੇ ਸਥਾਨ ਤੇ ਬਿਹਾਰ (6544) ਕੇਸ ਹਏ। ਅਨ-ਰਜਿਸਟਰਡ ਕੇਸਾਂ ਦੀ ਗਿਣਤੀ ਇਹਨਾਂ ਤੋਂ ਕਈ ਗੁਣਾਂ ਵੱਧ ਹੁੰਦੀ ਹੈ। ਯੂ. ਪੀ. ਵਿਚ ਰੇਪ ਦੇ ਹੀ 537 ਕੇਸ ਰਜਿਸਟਰਡ ਹੋਏ ਹਨ। ਇਹ ਬਹੁਤ ਹੀ ਚਿੰਤਾਜਨਕ ਅਤੇ ਝੰਜੋੜਨ ਵਾਲੀ ਸਥਿਤੀ ਹੈ। ਇਹ ਦੇਣ ਜਾਤੀਵਾਦੀ ਵਿਵਸਥਾ ਦੀ ਹੈ, ਜੋ ਸਾਡੇ ਦੇਸ਼ ਵਿਚ ਸਦੀਆਂ ਤੋਂ ਤੁਰੀ ਆ ਰਹੀ ਹੈ। ਜਾਤੀਵਾਦ ਬ੍ਰਾਹਮਣਵਾਦ ਦੀ ਦਿੱਤੀ ਅਜਿਹੀ ਬਿਮਾਰੀ ਹੈ ਜੋ ਦੇਸ਼ ਨੂੰ ਜਦੋਂ ਦੀ ਚਿੰਬੜੀ ਹੈ, ਇਸਨੇ ਸਮਾਜ ਨੂੰ ਲੀਰੋ ਲੀਰ ਕਰਕੇ ਹਜ਼ਾਰਾਂ ਜਾਤੀ ਟੁਕੜਿਆਂ ਵਿਚ ਵੰਡੀ ਰੱਖਿਆ ਅਤੇ ਦੇਸ਼ ਵਿਚ ਅਮੀਰ ਕੁਦਰਤੀ ਸਾਧਨਾਂ ਦੇ ਹੁੰਦਿਆਂ ਵੀ ਦੇਸ਼ ਹਮੇਸ਼ਾ ਭੁੱਖ ਅਤੇ ਗਰੀਬੀ ਨਾਲ ਹੀ ਜੂਝਦਾ ਰਿਹਾ।

ਡਾ. ਅੰਬੇਡਕਰ ਨੇ ਕਿਹਾ ਹੈ ਕਿ, "ਜਾਤੀਵਾਦੀ ਪ੍ਰਵਿਰਤੀ ਮਨੁੱਖਤਾ ਦਾ ਮਾਣ ਸਨਮਾਨ ਰੋਲਣ ਵਾਲੀ ਅਤਿ ਭਿਆਨਕ ਨੀਚੀ ਮਾਨਸਿਕ ਸਥਿਤੀ ਹੈ, ਜਿਸਨੂੰ ਖਤਮ ਕਰਨ ਲਈ ਕਾਨੂੰਨੀ ਜਾਂ ਸਮਾਜਿਕ ਮਨਾਹੀਆਂ ਕਾਫੀ ਨਹੀਂ ਹਨ, ਇਹਨਾਂ ਲਈ ਮਾਨਸਿਕ ਤਬਦੀਲੀ ਦੀ ਲੋੜ ਹੈ। ਮੈਂ ਸੋਚਣ ਤੋਂ ਵੀ ਅਸਮਰੱਥ ਹਾਂ ਕਿ ਸਮਾਜ ਨੂੰ ਉਚੇ ਤੇ ਨੀਵੇਂ, ਪਵਿੱਤਰ ਅਤੇ ਅਪਵਿੱਤਰ ਸ਼੍ਰੇਣੀਆਂ ਵਿਚ ਵੰਡਣ ਵਾਲੇ ਲੋਕਾਂ ਦੇ ਖਿਲਾਫ ਸੰਘਰਸ਼ ਕਰਨ ਤੋਂ ਬਿਨਾਂ ਇਹ ਪ੍ਰਵਿਰਤੀ ਕਿਵੇਂ ਖਤਮ ਹੋ ਸਕਦੀ ਹੈ? ਸਮਾਜਿਕ ਸੁਧਾਰ ਬੁਨਿਆਦੀ ਲੋੜ ਹੈ।"

ਇਤਿਹਾਸ ਮਿਥਿਹਾਸ 'ਤੇ ਨਜ਼ਰ ਮਾਰਿਆਂ ਸਪਸ਼ਟ ਹੋ ਜਾਂਦਾ ਹੈ ਕਿ ਜਾਤੀਵਾਦ ਦੇਸ਼ ਤੇ ਸਮਾਜ ਲਈ ਖਤਰਨਾਕ ਤੇ ਤਬਾਹਕੁੰਨ ਸਥਿਤੀਆਂ ਪੈਦਾ ਕਰਦਾ ਰਿਹਾ ਹੈ। ਭਾਰਤ ਦੀ ਗੁਲਾਮੀ ਦਾ ਮੁੱਖ ਕਾਰਨ ਇਹ ਜਾਤੀਵਾਦ/ਵਰਣਵਾਦ ਹੀ ਰਿਹਾ ਹੈ। ਇਸਦੇ ਬੀਜ ਬਹੁਤ ਪਹਿਲਾਂ ਬੀਜੇ ਜਾ ਚੁੱਕੇ ਸਨ, ਜਿਹਨਾਂ ਤੋਂ ਪੈਦਾ ਤੇ ਫਿਰ ਵੱਡਾ ਦਰੱਖਤ ਹੋਂਦ ਵਿਚ ਆਏ ਤੇ ਹੁਣ ਉਸ ਦਰਖਤ ਦਾ ਰਸ ਖੂਨ ਵਿਚ ਰਲ ਕੇ ਦੋੜ ਰਿਹਾ ਹੈ। ਇਸੇ ਮਾਨਸਿਕ ਅਵਸਥਾ ਨੇ ਰਮਾਇਣ ਕਾਲ ਵਿਚ ਸ਼ੂਦਰ ਵਰਣ ਦੇ ਸ਼ੰਭੂਕ ਰਿਸ਼ੀ ਦਾ ਕਤਲ ਉੱਚ ਵਰਣ 'ਭਗਵਾਨ' ਰਾਮ ਤੋਂ ਇਸ ਲਈ ਕਰਵਾਇਆ ਕਿ ਉਹ ਆਪਣੇ ਵਰਣ ਨੂੰ ਦਿੱਤੇ ਕੰਮਾਂ ਤੋਂ ਬਾਹਰੀ ਹੋ ਕੇ ਕੰਮ ਕਰ ਰਿਹਾ ਸੀ। ਇਸੇ ਤਰ੍ਹਾਂ ਮਹਾਂਭਾਰਤ ਕਾਲ ਵਿਚ 'ਮਹਾਨ ਗੁਰੂ' ਦਰੋਣਾਚਾਰੀਆ ਨੇ ਮਹਾਨ ਤੀਰ ਅੰਦਾਜ਼ ਇਕਲਵੇ ਦੇ ਸੱਜੇ ਹੱਥ ਦਾ ਅੰਗੂਠਾ ਗੁਰੂ ਦਕਸ਼ਣਾ ਵਿਚ ਮੰਗ ਕੇ ਇਸ ਲਈ ਕਟਵਾ ਦਿੱਤਾ ਕਿ ਉਹ ਉੱਚ ਦਰਜੇ ਦਾ ਤੀਰ ਅੰਦਾਜ਼ ਨਾ ਰਹੇ ਅਤੇ ਉਚ ਵਰਣ ਨੂੰ ਉਸ ਨਿਮਨ ਵਰਣ ਤੋਂ ਕੋਈ ਖਤਰਾ ਪੈਦਾ ਨਾ ਹੋਵੇ। ਅਸੀਂ ਵਾਰ-ਵਾਰ ਆਪਣੇ ਮੰਦਰ ਬਾਹਰਲੇ ਧਾੜਵੀਆਂ ਤੋਂ ਲੁਟਵਾਉਂਦੇ (ਸੋਮਨਾਥ ਮੰਦਰ 17 ਵਾਰ ਲੁੱਟਿਆ ਗਿਆ) ਰਹੇ, ਆਪਣੀਆਂ ਬਹੂ-ਬੇਟੀਆਂ ਦੀ ਇੱਜਤ ਤਾਰ ਤਾਰ ਕਰਵਾਉਂਦੇ (ਧਾੜਵੀ ਚੁੱਕ ਕੇ ਲੈ ਜਾਂਦੇ ਸਨ) ਰਹੇ। ਇਹਨਾਂ ਪਿੱਛੇ ਵੀ ਜਾਤੀਵਾਦ ਦੀ ਪੈਦਾ ਕੀਤੀ ਸਾਡੀ ਕਮਜ਼ੋਰੀ ਸੀ। ਵਰਣ ਵੰਡ ਅਨੁਸਾਰ ਹਥਿਆਰ ਚੁੱਕਣ ਦਾ ਅਧਿਕਾਰ ਸਿਰਫ ਕਸ਼ੱਤਰੀ ਨੂੰ ਹੀ ਸੀ। ਉਹਨਾਂ ਦੀ ਗਿਣਤੀ ਮੁਕਾਬਲਾ ਕਰਨ ਲਈ ਨਾਕਾਫੀ ਸੀ। ਜੇ ਸ਼ੂਦਰ ਨੂੰ ਵੀ ਹਥਿਆਰ ਵਰਤਣ ਦਾ ਅਧਿਕਾਰ ਹੁੰਦਾ ਤਾਂ ਇਤਿਹਾਸ ਹੋਰ ਹੋਣਾ ਸੀ। ਸ਼ੂਦਰ ਖੇਤਾਂ ਖਲਿਆਣਾਂ ਵਿਚ ਕੰਮ ਕਰਦਿਆਂ ਲੁੱਟ ਦਾ ਮਾਲ (ਔਰਤਾਂ ਸਮੇਤ) ਲਿਜਾਂਦੇ ਹਮਲਾਵਰਾਂ ਨੂੰ ਬੇਵਸੀ ਨਾਲ ਵੇਖਦੇ ਰਹਿੰਦੇ। ਇਤਿਹਾਸਕਾਰ ਮੰਨਦੇ ਹਨ ਕਿ ਜੇ ਸ਼ੂਦਰ ਨੂੰ ਵੀ ਹਥਿਆਰ ਰੱਖਣ ਅਤੇ ਚਲਾਉਣ ਦਾ ਅਧਿਕਾਰ ਹੁੰਦਾ ਤਾਂ ਉਹ ਇਹਨਾਂ ਧਾੜਵੀਆਂ ਨੂੰ ਡੰਡੇ, ਸੋਟਿਆਂ, ਪੱਥਰ, ਵੱਟਿਆਂ ਨਾਲ ਹੀ ਮਾਰ ਮਾਰ ਕ ਭਜਾ ਸਕਦੇ ਸਨ ਤੇ ਲੁੱਟ ਦਾ ਮਾਲ ਵਾਪਸ ਕਰਵਾ ਸਕਦੇ ਸੀ। ਪਰ ਸਾਡੇ ਅਖੌਤੀ ਰਹਿਬਰ ਜਾਤੀਵਾਦ ਨੂੰ ਹੀ ਪੱਕਿਆਂ ਕਰਨ ਵਿਚ ਲੱਗੇ ਰਹੇ ਅਤੇ ਸਮੁੱਚੇ ਸਮਾਜ ਦੀ ਉਨਤੀ ਦੀ ਥਾਂ ਆਪਣੇ ਉੱਚ ਵਰਣਾਂ ਦੀ ਤਾਕਤ ਵਧਾਉਣ ਅਤੇ ਸ਼ੂਦਰ ਨੂੰ ਹੋਰ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਨ ਲਈ ਲੱਗੇ ਰਹ।ਇਸੇ ਉਧੇੜਬੁਣ ਵਿਚ ਦੇਸ਼ ਦੀ ਸਮੁੱਚੀ ਤਰੱਕੀ ਬੁਰੀ ਤਰ੍ਹ ਪੱਛੜਦੀ ਗਏ। ਜਾਤੀਵਾਦ ਨੂੰ ਪੱਕਿਆਂ ਕਰਨ ਵਿਚ ਮਨੂ ਸਿਮ੍ਰਤੀ ਵਰਗੇ 'ਧਾਰਮਿਕ' ਗ੍ਰੰਥਾਂ ਦਾ ਵਿਸ਼ੇਸ਼ ਰੋਲ ਰਿਹਾ ਹੈ।

ਦੇਸ਼ ਆਜ਼ਾਦ ਹੋਇਆ, ਆਪਣਾ ਸੰਵਿਧਾਨ ਆਇਆ, ਲੋਕਤੰਤਰ ਆਇਆ, ਬਰਾਬਰਤਾ ਦਾ ਸੰਕਲਪ ਆਇਆ, ਵਿਗਿਆਨਕ ਸੋਚ ਅਪਨਾਉਣ ਦੀ ਸਹੁੰ ਲਈ, ਧਰਮ ਨਿਰਪੱਖਤਾ ਦੀ ਸੇਧ ਲਈ, ਗਲੋਬਲ ਪਿੰਡ ਨੂੰ ਵੀ ਮੰਨਿਆ ਪਰ ਅਸੀਂ ਇਸ ਮੂਲ ਮੱਸਿਆ ਜਾਤੀਵਾਦ ਨੂੰ ਖਤਮ ਕਰਨ ਲਈ ਦਿਲੋ ਕੁਝ ਲਾ ਕੀਤਾ।ਸਗੋਂ ਅੰਦਰਖਾਤੇ ਇਸਨੂੰ ਹੋਰ ਮਜ਼ਬੂਤ ਕਰਨ ਲਈ ਰੱਜ ਕੇ ਵਿਉਤਬੰਦੀਆਂ ਕੀਤੀਆਂ। ਨਤੀਜੇ ਦੇ ਤੌ' ਦੇਸ਼ ਨਾ ਆਜ਼ਾਦੀ ਤੋਂ ਪਹਿਲਾਂ ਕੋਈ ਸੰਸਾਰ ਪੱਧਰ ਦਾ ਵਿਗਿਆਨੀ ਜਾਂ ਖੋਜੀ ਪੈਦਾ ਕਰ ਸਕਿਆ ਅਤੇ ਨਾ ਹੀ ਆਜ਼ਾਦੀ ਤੋਂ ਪੌਣੀ ਸਦੀ ਬਾਅਦ ਤੱਕ ਕੋਈ ਪੈਦਾ ਕਰ ਸਕਿਆ। ਹਾਂ, ਅਸੀਂ ਇਸ ਸਿਸਟਮ ਰਾਹੀਂ ਸੰਸਾਰ ਪੱਧਰ ਦੇ ਉਚ ਜਾਤੀ ਅਮੀਰ ਜ਼ਰੂਰ ਪੈਤੇ, ਜਿਹ ਨੇ ਦੇਸ਼ ਦਾ ਸਾਰ ਮਾਲ ਧਨ ਨਚੋੜ ਕੇ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਬਾਕੀ ਬਹੁਗਿਣਤੀ ਲੋਕਾਂ ਨੂੰ ਗਰੀਬੀ ਤੇ ਲਾਚਾਰੀ ਦੀ ਤਰਸਯੋਗ ਹਾਲਤ ਵਿਚ ਧੱਕਦਿਆਂ ਅੱਤਿਆਚਾਰਾਂ ਅਤੇ ਜ਼ੁਲਮਾਂ ਦਾ ਸ਼ਿਕਾਰ ਹੋਣ ਲਈ ਛੱਡ ਦਿੱਤਾ। ਅਸੀਂ ਵਿਸ਼ਵ ਗੁਰੂ, ਸਭ ਤੋਂ ਵੱਡਾ ਲੋਕਰਾਜ ਜਾਂ ਤਾਕਤਵਰ ਬਣਨ ਦੀਆਂ ਲੱਖਾਂ ਟਾਹਰਾਂ ਮਾਰ ਲਈਏ ਪਰ ਅਸਲੀਅਤ ਤੋਂ ਕੋਹਾਂ ਦੂਰ ਹਾਂ।ਅੰਤਰ ਰਾਸ਼ਟਰੀ ਪੱਧਰ ਤੇ ਲੋਕਤੰਤਰ ਵਿਚ 167 ਦੇਸ਼ਾਂ ਵਿਚੋਂ ਅਸੀਂ 2014 ਵਿਚ 27ਵੇਂ ਦਰਜੇ ਤੇ ਸੀ ਜੋ 2018ਵਿਚ 41 ਹੋ ਗਿਆ ਅਤੇ 2019 ਵਿਚ 10 ਦਰਜੇ ਡਿੱਗ ਕੇ 51ਵੇਂ ਸਥਾਨ 'ਤੇ ਲੁੜਕ ਗਏ ਹਾਂ।

ਇਸੇ ਲੜੀ ਵਿਚ ਹੀ ਕਿਸਾਨਾਂ ਦਾ ਅਜੋਕਾ ਸੰਘਰਸ਼ ਵੀ ਆਉਂਦਾ ਹੈ। ਡਾ. ਅੰਬੇਡਕਰ ਨੇ ਕਿਹਾ ਸੀ ਕਿ "ਭਾਰਤ ਦੇ ਦੋ ਵੱਡੇ ਦੁਸ਼ਮਣ ਹਨ- ਇਕ ਬ੍ਰਾਹਮਣਵਾਦ ਤੇ ਦੂਜਾ ਪੂੰਜੀਵਾਦ।" ਇਹਨਾਂ ਦੋਹਾਂ ਨੇ ਰਲ ਕੇ ਇਕ ਨਵੀਂ ਕਿਸਮ ਨਵ-ਬ੍ਰਾਹਮਣਵਾਦ ਜਾਂ ਨਵ-ਪੂੰਜੀਵਾਦ ਪੇਦਾ ਕੀਤਾ ਹੈ। ਬ੍ਰਾਹਮਣਵਾਦ ਨੇ ਜਾਤੀਵਾਦ ਪੱਕਾ ਕਰਕੇ ਉਚ ਵਰਗ ਤੋਂ ਪੂੰਜੀਪਤੀ ਤਿਆਰ ਕੀਤੇ ਹਨ। ਇਸ ਤੰਤਰ ਤੋਂ ਲਾਹਾ ਲੈਣ ਵਾਲੇ ਹੁਣ ਹਰ ਕੁਦਰਤੀ ਸਾਧਨ, ਸਮਾਜਿਕ, ਧਾਰਮਿਕ, ਆਰਥਿਕ, ਮੀਡੀਆ, ਕਾਨੂੰਨ, ਮਨੋਰੰਜਨ ਆਦਿ ਵਰਗੇ ਹਰ ਖੇਤਰ ਦੀਆਂ ਸਰਕਾਰੀ ਅਤੇ ਗੈਰ ਸਰਕਾਰੀ ਹਰ ਛੋਟੀ ਤੇ ਵੱਡੀ ਇਕਾਈ ਤੇ ਕਾਬਜ਼ ਹਨ। ਇਹ ਕਬਜਾ ਕਰਕੇ ਹੁਣ ਉਹ ਦੇਸ਼ ਦਾ ਚਿਹਰਾ ਮੁਹਰਾ ਬਦਲਣ ਵਿਚ ਲੱਗੇ ਹੋਏ ਹਨ। ਦੇਸ਼ ਦਾ ਸੰਵਿਧਾਨ ਉਹਨਾਂ ਨੂੰ ਪਸੰਦ ਨਹੀਂ, ਵਿਸ਼ਵ ਵਿਆਪੀ ਮਹਾਂਮਾਰੀ ਜਾਂ ਉਸਦੇ ਮਾਰੂ ਅਸਰਾਂ ਦੀ ਕੋਈ ਚਿੰਤਾ ਨਹੀਂ, ਦੇਸ਼ ਵਿਚ ਬੇਰੁਜ਼ਗਾਰੀ ਜਾਂ ਭੁੱਖਮਰੀ ਫੈਲਦੀ ਹੈ ਤਾਂ ਕੋਈ ਗੱਲ ਨਹੀਂ, ਦੇਸ਼ ਦੀ ਜੀ. ਡੀ. ਪੀ. ਜਾਂ ਵਿਕਾਸ ਦਰ ਡਿੱਗਦੀ ਹੈ ਤਾਂ ਡਿੱਗ ਜਾਵੇ, ਅੰਤਰ ਰਾਸ਼ਟਰੀ ਦਰਜਾ ਡਿੱਗਦਾ ਹੈ ਤਾਂ ਡਿੱਗ ਜਾਵੇ ਪਰ ਉਹ ਆਪਣੀ ਸੇਧ ਵਿਚ ਤੁਰ ਰਹੇ ਹਨ। ਹਰ ਸਰਕਾਰੀ ਵਿਭਾਗ ਨੂੰ ਤਬਾਹ ਕਰਕੇ ਉਸਨੂੰ ਇਹਨਾਂ ਨਵ-ਪੂੰਜੀਵਾਦੀ ਹੱਥਾਂ ਵਿਚ ਸੋਂਪਿਆ ਜਾ ਰਿਹਾ ਹੈ। ਦੂਰਸੰਚਾਰ ਵਿਭਾਗ, ਏਅਰ ਇੰਡੀਆ, ਸਰਕਾਰੀ ਤੇਲ ਕੰਪਨੀਆ, ਰੇਲ ਵਿਭਾਗ, ਹਵਾਈ ਅੱਡੇ ਆਦਿ ਸਭ ਇਹਨਾਂ ਪੂੰਜੀਪਤੀਆਂ ਕੋਲ ਜਾ ਚੁੱਕੇ ਹਨ। ਜੋ ਕੁਝ ਰਹਿ ਗਏ ਹਨ, ਉਹਨਾਂ ਨੂੰ ਕਬਜ਼ੇ ਵਿਚ ਲੈਣਾ ਕੋਈ ਔਖਾ ਕੰਮ ਨਹੀਂ। ਸਿਰਫ ਇਕ ਖੇਤੀ ਖੇਤਰ ਹੀ ਬਚਿਆ ਸੀ ਜੋ ਉਹਨਾਂ ਨੂੰ ਵਾਰ-ਵਾਰ ਰੜਕ ਰਿਹਾ ਸੀ। ਇਸ ਖੇਤਰ ਨਾਲ ਪੇਂਡੂ ਖੇਤਰ ਦੇ 65-70 ਫੀਸਦੀ ਲੋਕ ਜੁੜੇ ਹੋਏ ਹਨ, ਜਿਹਨਾਂ ਦੇ ਨਿਰਬਾਹ ਦਾ ਕੁਝ ਨਾ ਕੁਝ ਹਿੱਲਾ ਵਸੀਲਾ ਬਣਿਆ ਹੋਇਆ ਹੈ। ਇਕ ਗਹਿਰੀ ਚਾਲ ਅਨੁਸਾਰ ਖੇਤੀ ਸਬੰਧੀ ਪਹਿਲਾਂ ਤਿੰਨ ਆਰਡੀਨੈਂਸ ਜਾਰੀ ਕੀਤੇ। ਕੋਈ ਖਾਸ ਵਿਰੋਧ ਹੁੰਦਾ ਨਾ ਦੇਖ ਤਿੰਨ ਕੁ ਮਹੀਨਿਆਂ ਦੇ ਸਮੇਂ ਵਿਚ ਇਹਨਾਂ ਨੂੰ ਕਾਨੂੰਨ ਦਾ ਰੂਪ ਦੇ ਦਿੱਤਾ ਗਿਆ। ਪਹਿਲਾਂ ਵੀ ਕਿੰਨੇ ਵਿਭਾਗ ਪੂੰਜੀਪਤੀਆਂ ਨੂੰ ਸੌਂਪੇ ਤਾਂ ਕੋਈ ਜਨਤਕ ਵਿਰੋਧ ਨਾ ਹੋਇਆ ਸਿਰਫ ਮੁਲਾਜਮਾਂ ਨੇ ਹੀ ਰੋਸ-ਮੁਜ਼ਾਹਰੇ ਕੀਤੇ ਸਨ। ਕਿਸਾਨਾਂ ਨੇ ਵੀ ਵਿਰੋਧ ਨੂੰ ਤਿੱਖਾ ਉਸ ਵੇਲੇ ਕੀਤਾ ਜਦੋਂ ਉਹ ਆਰਡੀਨੈਂਸ ਕਾਨੂੰਨ ਦੇ ਰੂਪ ਵਿਚ ਪਾਸ ਹੋਣ ਵਾਲੇ ਸਨ। ਇਹ ਤਿੱਖਾ ਵਿਰੋਧ ਆਰਡੀਨੈਂਸਾਂ ਦੇ ਜਾਰੀ ਹੋਣ ਤੇ ਹੀ ਹੋਣਾ ਚਾਹੀਦਾ ਸੀ।

ਕਿਸਾਨਾਂ ਦੇ ਸੰਘਰਸ਼ ਵਿਚ ਸਾਰੀਆਂ ਕਿਸਾਨ ਜਥੇਬੰਦੀਆਂ, ਬੀਜੇਪੀ ਤੋਂ ਬਿਨਾਂ ਲੱਗਭੱਗ ਸਾਰੀ ਸਿਆਸੀ ਪਾਰਟੀਆਂ ਤੇ ਹੋਰ ਵੀ ਕਈ ਜਥੇਬੰਦੀਆਂ ਸਾਥ ਦੇ ਰਹੀਆਂ ਹਨ। ਚੰਗੀ ਗੱਲ ਹੈ। ਪਰ ਜਾਪਦਾ ਇੰਝ ਹੈ ਕਿ ਸਾਰਾ ਘੋਲ ਹੁਣ ਸਿਮਟ ਕੇ ਐਮ. ਐਸ. ਪੀ. 'ਤੇ ਹੀ ਕੇਂਦਰਿਤ ਹੋ ਗਿਆ ਹੈ। ਐਮ. ਐਸ. ਪੀ. ਦੇ ਨਾਲ ਮੰਡੀਕਰਨ ਦੀ ਗਰੰਟੀ ਦੀ ਬਹੁਤੀ ਗੱਲ ਨਹੀਂ ਹੋ ਰਹੀ, ਜਿਸ ਬਿਨਾਂ ਇਕੱਲੀ ਐਮ. ਐਸ. ਪੀ ਦੀ ਕੋਈ ਵੁੱਕਤ ਹੀ ਨਹੀਂ। ਇਕ ਟੀ. ਵੀ. ਉਤੇ ਧਰਨੇ ਤੇ ਬੈਠੇ ਕਈ ਕਿਸਾਨਾਂ ਨੂੰ ਐਂਕਰ ਵੱਲੋਂ ਇਹ ਸਵਾਲ ਪੁੱਛਿਆ ਗਿਆ ਕਿ ਇਹਨਾਂ ਪਾਸ ਕੀਤੇ ਗਏ ਕਾਨੂੰਨਾਂ ਵਿਚ ਤੁਸੀਂ ਕੀ ਤਬਦੀਲੀ ਚਾਹੁੰਦੇ ਹੋ, ਜਿਸ ਨਾਲ ਤੁਹਾਡੀ ਤਸੱਲੀ ਹੁੰਦੀ ਹੈ ਤੇ ਤੁਸੀਂ ਸੰਘਰਸ਼ ਵਾਪਸ ਲੈ ਲਓਗੇ? ਉਹਨਾਂ ਵਿਚੋਂ 90 ਫੀਸਦੀ ਦਾ ਇਹੋ ਜਵਾਬ ਸੀ ਕਿ ਐਮ. ਐਸ. ਪੀ. ਵਾਲੀ ਮੱਦ ਕਾਨੂੰਨ ਵਿਚ ਪਾ ਦਿਓ, ਫਿਰ ਸਾਡੀ ਤਸੱਲੀ ਹੈ। ਇਹ ਸੁਣ ਕੇ ਜਾਪ ਰਿਹਾ ਸੀ ਕਿ ਸੱਚੀਂ ਅਸੀਂ ਖਤਰਨਾਕ ਮੋੜ ਤੇ ਖੜ੍ਹੇ ਹਾਂ। ਸਰਕਾਰ ਤਾਂ ਇਹ ਮੰਗ ਅੰਦੋਲਨ ਨੂੰ ਖਤਮ ਕਰਨ ਲਈ ਕਿਸੇ ਵੇਲੇ ਵੀ ਮੰਨ ਸਕਦੀ ਹੈ, ਪਰ ਇਹ ਨਿਰੋਲ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੈ। ਕਿਸਾਨਾਂ, ਮਜ਼ਦੂਰਾਂ ਤੇ ਖਪਤਕਾਰਾਂ ਲਈ ਸਭ ਤੋਂ ਜਰੂਰੀ ਤੇ ਪਹਿਲੀ ਗੱਲ ਤਾਂ ਇਹ ਹੈ ਕਿ 'ਖੇਤੀ ਖੇਤਰ' ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਜਾਣ ਤੋਂ ਰੋਕਣਾ ਹੈ। ਨਵੇਂ ਕਾਨੂੰਨਾਂ ਅਨੁਸਾਰ ਫਸਲਾਂ ਦੇ ਬੀਜਣ ਤੋਂ ਲੈ ਕੇ ਮੰਡੀਕਰਨ ਤੱਕ ਇੰਨੇ ਗੁੰਝਲਦਾਰ ਮਸਲੇ ਆਉਣੇ ਹਨ ਕਿ ਕਿਸਾਨ ਉਹਨਾਂ ਵਿਚ ਉਲਝ ਕੇ ਬੇਵੱਸ ਹੋ ਜਾਵੇਗਾ। ਉਹਨਾਂ ਨੂੰ ਖਾਦਾਂ, ਦਵਾਈਆ, ਸੰਦ ਆਦਿ ਸਭ ਪੂੰਜੀਪਤੀਆਂ ਦੀਆਂ ਮਰਜ਼ੀ ਦੀਆਂ ਨਿਰਧਾਰਿਤ ਕੀਤੀਆਂ ਕੀਮਤਾਂ ਤੇ ਉਪਲਬਧ ਹੋਣਗੀਆਂ। ਮੁਫਤ ਸਿੰਚਾਈ ਦਾ ਕੋਈ ਮਤਲਬ ਨਹੀਂ ਰਹਿ ਜਾਵੇਗਾ। ਫਸਲ ਬਿਜਾਈ ਵੇਲੇ ਜੋ ਕਿਸਾਨ ਤੇ ਪੂੰਜੀਪਤੀਆਂ ਵਿਚਕਾਰ ਠੇਕੇ ਹੋਣਗੇ, ਉਹਨਾਂ ਦੇ ਲੰਬੇ ਚੌੜੇ ਤੇ ਡੂੰਘੇ ਕਾਨੂੰਨੀ ਨੁਕਤੇ ਕਿਹੜਾ ਕਿਸਾਨ ਸਮਝ ਸਕਣ ਦੀ ਸਮਰੱਥਾ ਰੱਖਦਾ ਹੈ? ਕਿਸਾਨ ਪੂੰਜੀਪਤੀਆਂ ਨਾਲ ਮੁਕਾਬਲਾ ਕਰ ਹੀ ਨਹੀਂ ਸਕਦਾ।

ਪੂੰਜੀਵਾਦੀਆਂ ਦਾ ਤਾਂ ਮੁੱਖ ਮੁੱਦਾ ਮੁਨਾਫਾ ਕਮਾਉਣਾ ਹੁੰਦਾ ਹੈ। ਇਸ ਲਈ ਉਹ ਕਿਸਾਨ ਨੂੰ ਨਿਚੋੜੇ ਤੇ ਭਾਵੇਂ ਮਜ਼ਦੂਰ ਨੂੰ ਜਾਂ ਕਿਸੇ ਹੋਰ ਨੂੰ ਉਸ ਲਈ ਸਭ ਬਰਾਬਰ ਹਨ। ਇਕ ਵਾਰੀ ਕਿਸਾਨ ਕੋਲੋਂ ਜਿਵੇਂ ਕਿਵੇਂ ਪੂੰਜੀਪਤੀਆਂ ਨੇ ਜਿਣਸ ਖਰੀਦ ਲਈ ਤਾਂ ਫਿਰ ਖਪਤਕਾਰ ਨੂੰ ਵੀ ਪਤਾ ਚੱਲ ਜਾਵੇਗਾ ਕਿ ਮਹਿੰਗਾਈ ਹੁੰਦੀ ਕੀ ਹੈ। ਖੇਤੀ ਖੇਤਰ 'ਤੇ ਪੂੰਜੀਪਤੀਆਂ ਦਾ ਕਬਜ਼ਾ ਹੋਣ ਨਾਲ ਹੀ ਪੂਰਾ ਦੇਸ਼ ਪੂੰਜੀਪਤੀਆਂ ਦੇ ਕਬਜ਼ੇ ਹੇਠ ਆ ਜਾਵੇਗਾ ਕਿਉਂਕਿ ਬਾਕੀ ਖੇਤਰਾਂ ਤੇ ਤਾਂ ਉਹ ਪਹਿਲਾਂ ਹੀ ਕਬਜ਼ਾ ਕਰ ਚੁੱਕੇ ਹਨ। ਫਿਰ ਪੂੰਜੀਪਤੀ ਆਨੇ-ਬਹਾਨੇ ਕੁਦਰਤੀ ਆਫਤਾਂ, ਜੰਗ ਦੇ ਸਮੇਂ ਜਾਂ ਐਮਰਜੈਂਸੀ ਆਦਿ ਵੇਲੇ ਮਸਨੂਈ ਥੁੜ੍ਹ ਪੈਦਾ ਕਰਕੇ ਕੀਮਤਾਂ ਅਸਮਾਨ ਤੇ ਪਹੁੰਚਾ ਦੇਵੇਗਾ ਤੇ ਮਨਮਰਜ਼ੀ ਨਾਲ ਮਾਲ ਗੁਦਾਮਾਂ ਵਿਚੋਂ ਕੱਢੇਗਾ। ਸਰਕਾਰ ਨਾਲ ਉਸਦੀ ਪਹਿਲਾਂ ਹੀ ਭਾਈਵਾਲੀ ਪੈ ਚੁੱਕੀ ਹੈ। ਤੇ ਬੱਸ ਕੋਈ ਕੁਝ ਨਹੀਂ ਕਰ ਸਕੇਗਾ।

ਕਿਸਾਨਾਂ ਦਾ ਅੰਦੋਲਨ ਤਿੱਖਾ ਹੋ ਰਿਹਾ ਹੈ। ਸਾਰੀਆਂ ਕਿਸਾਨ ਜਥੇਬੰਦੀਆਂ ਇਕ ਹੋ ਕੇ ਸੰਘਰਸ਼ ਦੇ ਰਾਹ ਪਈਆਂ ਹੋਈਆਂ ਹਨ, ਇਹ ਚੰਗੀ ਗੱਲ ਹੇ ਪਰ ਇਹ ਫਿਰ ਵੀ ਸਰਕਾਰ ਦੇ ਵੱਡੇ ਖਤਰਨਾਕ ਇਰਾਦਿਆਂ ਦੇ ਹਾਣ ਦਾ ਨਹੀਂ ਬਣ ਸਕਿਆ। ਕੁਝ ਮਜ਼ਦੂਰ ਜਥੇਬੰਦੀਆਂ ਵੀ ਭਾਵੇਂ ਸਾਥ ਦੇ ਰਹੀਆਂ ਹਨ ਪਰ ਇਸਦਾ ਘੇਰਾ ਹੋਰ ਮੋਕਲਾ ਕਰਨ ਦੀ ਲੋੜ ਹੈ। ਗੈਰ ਖੇਤੀ ਕਾਮੇ ਜਿਹਨਾਂ ਦੇ ਸਾਰੇ ਹੱਕ 1000 ਤੋਂ 1200 ਦਿਨਾਂ ਲਈ ਮਨਸੂਖ ਕਰ ਦਿੱਤੇ ਹਨ, ਉਹਨਾਂ ਨੂੰ ਵੀ ਨਾਲ ਲੈ ਲਿਆ ਜਾਵੇ।

ਸਰਕਾਰੀ ਅਦਾਰੇ ਪੂੰਜੀਪਤੀਆਂ ਨੂੰ ਸੌਂਪੇ ਜਾਣ ਵਿਰੁੱਧ ਜੋ ਗਰੁੱਪਾਂ ਵਿਚ ਘੋਲ ਕਰ ਰਹੇ ਹਨ, ਉਹਨਾਂ ਨੂੰ ਵੀ ਸੰਗਠਿਤ ਕਰਕੇ ਨਾਲ ਮਿਲਾਇਆ ਜਾਵੇ। ਬਲਾਤਕਾਰ ਅਤੇ ਅੱਤਿਆਚਾਰਾਂ ਦੇ ਮੁੱਦੇ ਤੇ ਦਲਿਤ ਜਥੇਬੰਦੀਆਂ ਵੀ ਤਿੱਖਾ ਘੋਲ ਕਰ ਰਹੀਆਂ ਹਨ। ਇਹਨਾਂ ਸਭਨਾਂ ਨੂੰ ਘੱਟੋਂ -ਘੱਟ ਇਕ ਸਾਂਝੇ ਨੁਕਤੇ ਤੇ ਇਕੱਤਰ ਕੀਤਾ ਜਾ ਸਕਦਾ ਹੈ ਤੇ ਘੋਲ ਦਾ ਘੇਰਾ ਵਿਸ਼ਾਲ ਕੀਤਾ ਜਾ ਸਕਦਾ ਹੈ। ਇਹ ਕਦਮ ਔਖਾ ਜ਼ਰੂਰ ਹੇ ਪਰ ਅਸੰਭਵ ਨਹੀਂ ਹੈ। ਜੇ ਇਹ ਸਭ ਇਕ ਇਕ ਕਰਕੇ ਸਰਕਾਰ ਦੇ ਨਿਸ਼ਾਨੇ ਤੇ ਆ ਰਹੇ ਹਨ ਤਾਂ ਸਭ ਮਿਲ ਕੇ ਸਰਕਾਰ ਨੂੰ ਨਿਸ਼ਾਨਾ ਕਿਉਂ ਨਹੀਂ ਬਣਾ ਸਕਦੇ?

# ਪੰਜਾਬ ਖੇਤੀ ਬਿੱਲਾਂ ਦਾ ਵਿਰੋਧ ਕਰਨ ਵਾਲਾ ਪਹਿਲਾ ਸੂਬਾ ਬਣਿਆ

**(ਸਫਾ 16 ਦੀ ਬਾਕੀ)**

ਹੋਵੇਗੀ ਜਦੋਂ ਤੱਕ ਇਸਦੀ ਕੀਮਤ ਐਮਐਸਪੀ ਦੇ ਬਰਾਬਰ ਜਾਂ ਵੱਧ ਨਹੀਂ ਹੁੰਦੀ। ਐਮਐਸਪੀ ਤੋਂ ਘੱਟ ਖਰੀਦਣ ਵਾਲੇ ਕਿਸੇ ਵੀ ਵਿਅਕਤੀ ਨੂੰ 3 ਸਾਲ ਲਈ ਕੈਦ ਦੀ ਸਜ਼ਾ ਹੋਵੇਗੀ।

**ਬਿੱਲ 2** – ਜ਼ਰੂਰੀ ਵਸਤੂਆਂ ਦੀ ਵਿਸ਼ੇਸ਼ ਵਿਵਸਥਾ ਅਤੇ ਪੰਜਾਬ ਸੋਧ ਬਿੱਲ ਖ਼ਪਤਕਾਰਾਂ ਨੂੰ ਫ਼ਸਲ ਦੀ ਜਮ੍ਹਾਖੋਰੀ ਅਤੇ ਕਾਲਾਬਾਜ਼ਾਰੀ ਤੋਂ ਬਚਾਉਂਦਾ ਹੈ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਰੋਜ਼ੀ-ਰੋਟੀ ਦੀ ਰੱਖਿਆ ਕਰਦਾ ਹੈ।

**ਬਿੱਲ 3** – 'ਮੁੱਲ ਅਸ਼ੋਰੈਂਸ ਅਤੇ ਫਾਰਮ ਸੇਵਾਵਾਂ (ਪੰਜਾਬ ਸੋਧ) 2020 'ਤੇ ਕਿਸਾਨ ਸਮਝੌਤਾ' ਵਿਚ ਕਿਹਾ ਗਿਆ ਹੈ ਕਿ ਖੇਤੀ ਸਮਝੌਤੇ ਤਹਿਤ ਕਣਕ ਅਤੇ ਝੋਨੇ ਦੀ ਕੋਈ ਵਿਕਰੀ ਜਾਂ ਖਰੀਦ ਐਮਐਸਪੀ ਤੋਂ ਘੱਟ ਨਹੀਂ ਹੋਵੇਗੀ ਅਤੇ ਇਸ ਦੀ ਉਲੰਘਣਾ ਕਰਨ ਵਾਲਿਆਂ ਨੂੰ 3 ਸਾਲ ਤੱਕ ਦੀ ਸਜ਼ਾ ਦਿੱਤੀ ਜਾਏਗੀ। ਇਸ ਤੋਂ ਇਲਾਵਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਇੱਕ ਹੋਰ ਬਿੱਲ ਵੀ ਕਿਸਾਨਾਂ ਦੇ ਹਿੱਤ ਲਈ ਲਿਆਂਦਾ ਹੈ।

**ਬਿੱਲ 4** – ਅਸੀਂ ਕਿਸੇ ਵੀ ਰਿਕਵਰੀ ਦੌਰਾਨ ਕੁਰਕੀ ਤੋਂ ਕਿਸਾਨਾਂ ਨੂੰ ਬਚਾਉਣ ਲਈ ਸਿਵਲ ਪਰੋਸੀਜ਼ਰ ਕੋਡ, 1908 ਵਿੱਚ ਸੋਧ ਕਰਨ ਦਾ ਬਿੱਲ ਵੀ ਪਾਸ ਕਰ ਦਿੱਤਾ ਹੈ। 2.5 ਏਕੜ ਤੱਕ ਦੀਆਂ ਜ਼ਮੀਨਾਂ ਨੂੰ ਕਿਸੇ ਵੀ ਵਸੂਲੀ ਵਿੱਚ ਨਹੀਂ ਜੋੜਿਆ ਜਾਏਗਾ। "ਕਰਜ਼ਾ ਕੁਰਕੀ ਖ਼ਤਮ, ਫਸਲ ਦੀ ਪੂਰੀ ਰਕਮ"। ਕੇਂਦਰ ਦੇ ਖੇਤੀ ਕਾਨੂੰਨਾਂ ਨੂੰ ਬੇਅਸਰ ਕਰਨ ਲਈ ਅੱਜ ਪੰਜਾਬ ਵਿਧਾਨ ਸਭਾ ਵਲੋਂ ਬਿੱਲ ਪਾਸ ਕਰਨ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਰਾਜਪਾਲ ਵੀ. ਪੀ. ਸਿੰਘ ਬਦਨੌਰ ਨਾਲ ਮੁਲਾਕਾਤ ਕਰਨ ਪਹੁੰਚੇ। ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਗਏ ਬਿੱਲ ਕਿਸਾਨ ਪੱਖੀ ਹਨ ਅਤੇ ਇਸ ਦੇ ਸਮਰਥਨ ਲਈ ਉਹ ਸਾਰੀਆਂ ਪਾਰਟੀਆਂ ਦਾ ਧੰਨਵਾਦ ਕਰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਵਿਧਾਨ ਸਭਾ ਵਲੋਂ ਪਾਸ ਕੀਤੇ ਬਿੱਲਾਂ ਦੀਆਂ ਕਾਪੀਆਂ ਰਾਜਪਾਲ ਦੇ ਸਪੁਰਦ ਕਰ ਦਿੱਤੀਆਂ ਹਨ ਅਤੇ ਉਨ੍ਹਾਂ ਰਾਜਪਾਲ ਨੂੰ ਬਿੱਲਾਂ 'ਤੇ ਦਸਤਖ਼ਤ ਕਰਨ ਅਤੇ ਮਨਜ਼ੂਰੀ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਰਾਜਪਾਲ ਨੇ ਵੀ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਵਲੋਂ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਲਈ 2 ਤੋਂ 5 ਨਵੰਬਰ ਦਰਮਿਆਨ ਦਾ ਸਮਾਂ ਮੰਗਿਆ ਹੈ ਅਤੇ ਪੰਜਾਬ ਦੀਆਂ ਸਾਰੀਆਂ ਧਿਰਾਂ ਦੇ ਵਿਧਾਇਕਾਂ ਨਾਲ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਬਿੱਲ ਦਾ ਅਸਰ ਪੰਜਾਬ 'ਚ ਹੀ ਨਹੀਂ ਸਗੋਂ ਹਰਿਆਣਾ ਅਤੇ ਰਾਜਿਸਥਾਨ ਵਿਚ ਵੀ ਹੋਵੇਗਾ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਆਖਿਆ ਹੈ ਕਿ ਧਰਨੇ ਲਗਾਉਣਾ ਕਿਸਾਨਾਂ ਦਾ ਹੱਕ ਹੈ ਪਰ ਉਹ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਹਨ ਉਹ ਰੇਲ ਆਵਾਜਾਈ ਵਿਚ ਢਿੱਲ ਦੇਣ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਦਿਨੋਂ ਦਿਨ ਬਿਜਲੀ ਸੰਕਟ ਡੂੰਘਾ ਹੋ ਰਿਹਾ ਹੈ, ਇਸ ਦੇ ਨਾਲ ਪੰਜਾਬ ਦਾ ਝੋਨਾ ਵੀ ਬਾਹਰ ਨਹੀਂ ਜਾ ਰਿਹਾ, ਲਿਹਾਜ਼ਾ ਇਨ੍ਹਾਂ ਗੱਲਾਂ ਵੱਲ ਧਿਆਨ ਦਿੰਦੇ ਹੋਏ ਕਿਸਾਨਾਂ ਨੂੰ ਰੇਲ ਆਵਾਜਾਈ ਵਿਚ ਢਿੱਲ ਦੇਣੀ ਚਾਹੀਦੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੰਗਲਵਾਰ ਨੂੰ ਪੰਜਾਬ ਕਾਂਗਰਸ, 'ਆਪ' ਅਤੇ ਅਕਾਲੀ ਦਲ ਦੇ ਨੇਤਾਵਾਂ ਨਾਲ ਖੜੇ ਹੋ ਕੇ ਆਸ ਪ੍ਰਗਟਾਈ ਕਿ ਰਾਜਪਾਲ ਪੰਜਾਬ ਦੀ ਆਵਾਜ਼ ਸੁਣਨਗੇ ਤੇ ਜੇ ਸ਼੍ਰੀ ਵੀ ਪੀ ਐਸ ਬਦਨੌਰ ਵਿਧਾਨ ਸਭਾ ਵਿੱਚ ਪਾਸ ਕੀਤੇ ਸੋਧ ਬਿੱਲਾਂ ਤੇ ਕਿਸਾਨਾਂ ਅਤੇ ਖੇਤੀਬਾੜੀ ਨੂੰ ਬਚਾਉਣ ਲਈ ਦਸਤਖਤ ਨਹੀਂ ਕਰਦੇ ਤਾਂ ਉਨ੍ਹਾਂ ਦੀ ਸਰਕਾਰ ਕਾਨੂੰਨੀ ਰਾਹ ਪਾਉਣ ਲਈ ਤਿਆਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ 2 ਤੋਂ 5 ਨਵੰਬਰ ਦਰਮਿਆਨ ਭਾਰਤ ਦੇ ਰਾਸ਼ਟਰਪਤੀ ਤੋਂ ਸਮਾਂ ਮੰਗਿਆ ਸੀ ਅਤੇ ਪੰਜਾਬ ਦੇ ਸਾਰੇ ਵਿਧਾਇਕ ਮਿਲ ਕੇ ਉਨ੍ਹਾਂ ਦੇ ਰਾਜ ਦੇ ਹਿੱਤ ਵਿੱਚ ਦਖਲ ਦੇਣ ਲਈ ਜਾਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਨਹੀਂ ਲਗਦਾ ਕਿ ਕੇਂਦਰ ਪੰਜਾਬ ਦੀ ਅਵਾਜ ਨੂੰ ਨਜ਼ਰਅੰਦਾਜ਼ ਕਰ ਸਕਦਾ ਹੈ। ਕੈਪਟਨ ਨੇ ਕਿਹਾ ਕਿ ਪੰਜਾਬ ਦਾ ਭਵਿੱਖ ਅਤੇ ਰਾਸ਼ਟਰੀ ਸੁਰੱਖਿਆ ਦੋਵੇਂ ਹੀ ਦਾਅ ਤੇ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਪਾਰਟੀਆਂ ਨੂੰ ਇਕੱਠੇ ਹੋ ਕੇ ਲੜਨਾ ਰਾਜ ਲਈ ਚੰਗੀ ਗੱਲ ਹੈ। ਮਤੇ ਅਤੇ ਬਿੱਲਾਂ ਪ੍ਰਤੀ ਸਾਰੀਆਂ ਧਿਰਾਂ ਦੇ ਸਮਰਥਨ ਲਈ ਧੰਨਵਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸੰਦੇਸ਼ ਹੈ ਕਿ ਸਾਰਾ ਪੰਜਾਬ ਕਾਲੇ ਫਾਰਮ ਕਾਨੂੰਨਾਂ ਵਿਰੁੱਧ ਇਕਜੁੱਟ ਹੈ, ਦੇਸ਼ ਭਰ ਦੇ ਕਿਸਾਨਾਂ ਤੱਕ ਪਹੁੰਚੇਗਾ। ਉਹ ਰਾਜਪਾਲ ਵੀਪੀਐਸ ਬਦਨੌਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਪੰਜਾਬ ਰਾਜ ਭਵਨ ਦੇ ਬਾਹਰ ਪੱਤਰਕਾਰਾਂ ਨੂੰ ਸੰਬੋਧਿਤ ਕਰ ਰਹੇ ਸਨ।

# ਸਿੱਖ ਮੁਗਲ, ਪਹਿਲੀ ਜੰਗ (15 ਮਈ 1628)



ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਗਲ ਬਾਦਸ਼ਾਹ ਜਹਾਂਗੀਰ ਨਾਲ ਸਬੰਧ ਬੜੀ ਪਰਖ ਪ੍ਰਣਾਲੀ ਵਿਚੋਂ ਲੰਘੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰਾਂ ਨੇ ਜਾਣ ਲਿਆ ਸੀ ਕਿ ਸਿੱਖਾਂ ਨੂੰ ਆਉਣ ਵਾਲੇ ਸਮੇਂ ਵਿਚ ਜ਼ੁਲਮ ਦੇ ਟਾਕਰੇ ਲਈ ਹਥਿਆਰ ਚੁੱਕਣੇ ਪੈਣਗੇ। ਉਹਨਾਂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਸੌਂਪਦਿਆਂ ਹਦਾਇਤ ਕੀਤੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਰਹਿਣਾ ਅਤੇ ਫੌਜ ਵੀ ਰੱਖਣੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬੈਠਦਿਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਮੀਰੀ ਦੀ ਇਕ ਪੀਰੀ ਦੀ। ਇਕ ਆਤਮਕ ਅਗਵਾਈ ਲਈ, ਦੂਸਰੀ ਸੰਸਾਰਕ ਅਗਵਾਈ ਵਾਸਤੇ। ਗੁਰੂ ਜੀ ਨੇ ਭੇਟਾ ਵਿਚ ਚੰਗੇ ਘੋੜੇ, ਚੰਗੇ ਸ਼ਸ਼ਤਰ ਅਤੇ ਸੁਡੌਲ ਜਵਾਨੀਆਂ ਦੀ ਮੰਗ ਰੱਖੀ। ਗੁਰਮੁਖਾਂ ਨੂੰ ਸਰੀਰਕ ਤੌਰ ਤੇ ਤੰਦਰੁਸਤ ਹੋ ਕੇ ਘੋੜ ਸਵਾਰੀ ਅਤੇ ਸ਼ਸ਼ਤਰ ਵਿੱਦਿਆ ਵਿਚ ਨਿਪੁੰਨ ਹੋਣ ਦਾ ਉਪਦੇਸ਼ ਦਿੱਤਾ। ਕੌਮ ਉਸਾਰੀ ਦੇ ਕਾਰਜਾਂ ਵਿਚ ਅੰਮ੍ਰਿਤਸਰ ਨੂੰ ਆਤਮ ਨਿਰਭਰ ਅਤੇ ਸਵੈ-ਰੱਖਿਅਕ ਬਣਾਉਣ ਲਈ 'ਲੋਹਗੜ੍ਹ' ਦਾ ਕਿਲਾ ਸਥਾਪਤ ਕੀਤਾ। ਸੂਰਬੀਰਤਾ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਦਾ ਨਿਰਮਾਣ ਕੀਤਾ। ਧਾਰਮਿਕ ਗੁਰਮਤਿ ਉਪਦੇਸ਼ ਦੇ ਨਾਲ ਕੌਮ ਵਿਚ ਬੀਰ ਰਸ ਵੀ ਭਰਿਆ। ਗੁਰੂ ਜੀ ਸੰਗਤਾਂ ਨੂੰ ਮਿਲ-ਜੁਲ ਕੇ ਰਹਿਣ ਦਾ ਉਪਦੇਸ਼ ਦਿੰਦੇ । ਮਤਭੇਦ ਹੋ ਜਾਣ ਤੇ ਗੁਰੂ ਜੀ ਖੁਦ ਫੈਸਲੇ ਕਰਦੇ। ਗੁਰੂ ਜੀ ਨੇ 52 ਯੋਧਿਆਂ ਦੀ ਨਿੱਜੀ ਫੌਜ ਭਰਤੀ ਕਰ ਲਈ। ਬਕਾਇਦਾ ਤੌਰ ਤੇ ਫੌਜੀ ਖਾਲਸਾ ਹੋਣ ਦਾ ਐਲਾਨ ਕੀਤਾ। ਯੋਧੇ ਗੁਰੂ ਜੀ ਵਾਸਤੇ ਮਰ ਮਿਟਣ ਨੂੰ ਤਿਆਰ ਰਹਿੰਦੇ। ਫੌਜੀ ਸਿਖਲਾਈ ਨਾਲ ਕੌਮ ਵਿਚ ਸੂਰਬੀਰਤਾ ਦੀ ਨਵੀਂ ਜਾਨ ਭਰੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮੁਗਲ ਬਾਦਸ਼ਾਹ ਜਹਾਂਗੀਰ ਦੇ ਈਰਖਾਲੂ ਅਹਿਲਕਾਰਾਂ ਨੇ ਉਸਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਫੌਜ ਰੱਖ ਲਈ ਹੈ। ਨਗਰੇ ਵੱਜਦੇ, ਨਿਸ਼ਾਨ ਸਾਹਿਬ ਝੂਲਦੇ, ਤਖਤ ਤੇ ਬੈਠਦੇ, ਸ਼ਿਕਾਰ ਖੇਡਦੇ, ਲੋਕਾਂ ਦੇ ਫੈਸਲੇ ਆਪ ਕਰਦੇ। ਫੌਜੀ ਦਸਤੇ ਰਾਤ ਨੂੰ ਮਿਸਾਲਾਂ ਬਾਲ ਕੇ ਗਸ਼ਤ ਕਰਦੇ। ਬਾਦਸ਼ਾਹਾਂ ਵਾਲੀ ਠਾਠ-ਬਾਠ ਬਣਾ ਲਈ ਹੈ। ਉਹ ਰਾਜਸੀ ਤੌਰ ਤੇ ਮਜ਼ਬੂਤ ਹੋ ਰਹੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਸ ਬਾਗੀ ਤਾਕਤ ਨੂੰ ਹੁਣੇ ਦਬਾਅ ਦੇਣਾ ਚਾਹੀਦਾ ਹੈ।

ਬਾਦਸ਼ਾਹ ਨੇ ਸਿੱਖਾਂ ਦੀ ਤਾਕਤ ਦਾ ਭੇਦ ਜਾਣਨ ਲਈ ਗੁਰੂ ਜੀ ਨਾਲ ਬਣਾ ਲਈ। ਗੁਰੂ ਜੀ ਨੂੰ ਜਾਨਣ ਤੇ ਉਸਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਭੈਅ-ਭੀਤ ਨਹੀਂ ਕੀਤਾ। ਉਹ ਤਾਂ ਹੋਰ ਮਜ਼ਬੂਤ ਹੋ ਰਹੇ ਹਨ। ਬਾਦਸ਼ਾਹ ਨੇ ਗੁਰੂ ਜੀ ਦੀ ਵਧਦੀ ਤਾਕਤ ਨੂੰ ਦਬਾਉਣ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਦਿੱਤਾ। ਉਥੇ ਪਹਿਲਾਂ ਹੀ 52 ਰਾਜੇ ਕੈਦ ਸਨ। ਉਹਨਾਂ ਦਾ ਜੀਵਨ ਬੜੀ ਮਾੜੀ ਹਾਲਤ ਵਿਚ ਸੀ। ਗੁਰੂ ਜੀ ਨੇ ਉਹਨਾਂ ਦੀ ਖੁਰਾਕ ਅਤੇ ਪੁਸ਼ਾਕ ਦਾ ਚੰਗਾ ਪ੍ਰਬੰਧ ਕਰਵਾ ਲਿਆ। ਉਹ ਗੁਰੂ ਜੀ ਦੇ ਸਤਿਸੰਗੀ ਬਣ ਗਏ। ਗੁਰੂ ਜੀ ਕੈਦ ਲੰਮੇਰੀ ਹੁੰਦਿਆਂ ਵੇਖ ਸਿੰਘ ਰੋਹ ਵਿਚ ਆ ਗਏ। ਬਾਦਸ਼ਾਹ ਨੇ ਹਾਲਾਤ ਵੇਖ ਕੇ ਗੁਰੂ ਜੀ ਨੂੰ ਰਿਹਾਅ ਕਰਨ ਦਾ ਮਨ ਬਣਾਇਆ। ਪਰ ਗੁਰੂ ਜੀ ਨੇ ਕਿਹਾ ਕਿ ਸਾਡੇ ਨਾਲ 52 ਰਾਜਸੀ ਕੈਦੀ ਵੀ ਰਿਹਾਅ ਕੀਤੇ ਜਾਣ ਤਾਂ ਬਾਦਸ਼ਾਹ ਨੇ 52 ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਪੁੱਜੇ ਤਾਂ ਸ਼ਹਿਰ ਨਿਵਾਸੀਆਂ ਨੇ ਦੀਪਮਾਲਾ ਕਰਕੇ ਗੁਰੂ ਜੀ ਦਾ ਸਵਾਗਤ ਕੀਤਾ। 'ਬੰਦੀ ਛੋੜ ਦਾਤਾ' ਕਹਿ ਕੇ ਸਨਮਾਨਿਆ।

ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਬਾਦਸ਼ਾਹ ਨੂੰ ਨਿਸ਼ਚਾ ਹੋ ਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਲਈ ਉਸਨੂੰ ਗੁੰਮਰਾਹ ਕੀਤਾ ਗਿਆ ਹੈ। ਉਸਨੇ ਦੋਸ਼ੀਆਂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਸੰਗਤਾਂ ਨੇ ਉਹਨਾਂ ਨੂੰ ਸਜ਼ਾ ਦੇ ਦਿੱਤੀ। ਗੁਰੂ ਜੀ ਦੇ ਸਬੰਧ ਬਾਦਸ਼ਾਹ ਜਹਾਂਗੀਰ ਨਾਲ ਸੁਖਾਵੇਂ ਹੋ ਗਏ। ਗੁਰੂ ਜੀ ਨੇ ਮੌਕੇ ਵੇਖ ਕੇ ਗੁਰਮਤਿ ਪ੍ਰਚਾਰ ਕੀਤਾ। ਦੂਸਰ ਧਰਮਾਂ ਦੇ ਲੋਕ ਹਿੰਦੂ ਮੁਸਲਮਾਨ ਵੀ ਗੁਰੂ ਜੀ ਨਾਲ ਆਣ ਪੁੱਜੇ। ਗੁਰੂ ਜੀ ਨੇ ਕਈ ਨਗਰ ਵਸਾਏ। ਸਿੱਖ ਧਰਮ ਫੈਲਾਉਣ ਦੇ ਉਸਾਰੂ ਯਤਨ ਕੀਤੇ। ਨਵੰਬਰ 8, 1627 ਵਿਚ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ। ਉਸਦਾ ਪੁੱਤਰ ਸ਼ਾਹਜਹਾਨ 6 ਫਰਵਰੀ 1628 ਨੂੰ ਤਖਤ 'ਤੇ ਬੈਠਾ।

ਉਸਨੇ ਬੜੀ ਸਖਤ ਧਾਰਮਿਕ ਨੀਤੀ ਅਪਣਾਈ। ਉਸਨੇ ਦੂਸਰੇ ਧਰਮਾਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਉਸਨੂੰ ਇਸ ਗੱਲ ਦੀ ਈਰਖਾ ਸੀ ਕਿ ਮੁਸਲਮਾਨ ਵੀ ਸਿੱਖ ਧਰਮ ਵਿਚ ਜਾ ਰਹੇ ਹਨ। ਉਸਨੇ ਹਿੰਦੂਆਂ ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਲਈਆਂ। ਦੂਸਰੇ ਧਰਮਾਂ ਦੇ ਨਵੇਂ ਅਸਥਾਨ ਬਣਾਉਣ ਦੀ ਮਨਾਹੀ ਕਰ ਦਿੱਤੀ। ਸਿੱਖ ਧਰਮ ਦੀ ਡੱਬੀ ਬਜ਼ਾਰ ਲਾਹੌਰ ਵਿਚ ਬਣੀ ਬਾਉਲੀ ਨੂੰ ਪੂਰ ਦਿੱਤਾ। ਲੰਗਰ ਦੀ ਥਾਂ ਮਸੀਤ ਬਣਾ ਲਈ। ਸਿੱਖਾਂ ਦਾ ਰੋਹ ਜਾਗਣਾ ਕੁਦਰਤੀ ਸੀ। ਮੁਗਲ ਹਕੂਮਤ ਵੀ ਸਿੱਖਾਂ ਨਾਲ ਜੰਗ ਦਾ ਬਹਾਨਾ ਲੱਭ ਰਹੀ ਸੀ।

ਜੰਗ ਉਦੋਂ ਸ਼ੁਰੂ ਹੋਈ ਕਿ ਸਿੱਖਾਂ ਦਾ ਜਥਾ ਸ਼ਿਕਾਰ ਖੇਡਦਾ ਉਸ ਅਸਥਾਨ ਤੇ ਪੁੱਜ ਗਿਆ, ਜਿੱਥੇ ਬਾਦਸ਼ਾਹ ਸ਼ਾਹਜਹਾਨ ਵੀ ਸ਼ਿਕਾਰ ਖੇਡ ਰਿਹਾ ਸੀ। ਸ਼ਾਹੀ ਬਾਜ਼ ਸਿੰਘਾਂ ਦੇ ਜਥੇ ਵਿਚ ਆ ਗਿਆ। ਬਾਦਸ਼ਾ ਦੀ ਸ਼ਿਕਾਰੀ ਟੋਲੀ ਬੜੇ ਰੋਅਬ ਨਾਲ ਸ਼ਾਹੀ ਸ਼ਹਿ ਤੇ ਬਾਜ਼ ਵਾਪਸ ਮੰਗਣ ਆਈ। ਸਿੰਘਾਂ ਨੇ ਕਿਹਾ ਕਿ ਬਾਜ਼ ਆਪ ਆਇਆ ਹੈ ਜੋ ਮੋੜਨਾ ਨਹੀਂ ਬਣਦਾ। ਨਾਲੇ ਅਸੀਂ ਤੁਹਾਨੂੰ ਜਾਣਦੇ ਨਹੀਂ ਕਿ ਇਹ ਬਾਜ਼ ਤੁਹਾਡਾ ਹੈ। ਬਾਦਸ਼ਾਹ ਦੇ ਸ਼ਿਕਾਰੀ ਟੋਲੇ ਨੇ ਇਸ ਬਾਰੇ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਕੋਲ ਜਾ ਕੇ ਸ਼ਿਕਾਇਤ ਕੀਤੀ। ਉਸਨੇ ਬਹਾਨੇ ਨਾਲ ਸਿੰਘਾਂ ਨੂੰ ਖਤਮ ਕਰਨ ਲਈ 7 ਹਜ਼ਾਰ ਦੀ ਫੌਜ ਅੰਮ੍ਰਿਤਸਰ ਤੇ ਹਮਲਾ ਕਰਨ ਲਈ ਭੇਜ ਦਿੱਤੀ।

15 ਮਈ 1628 ਨੂੰ ਹਮਲੇ ਦੀ ਖਬਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਿਲੀ ਤਾਂ ਉਹਨਾਂ ਨੇ ਸਿੰਘਾਂ ਨੂੰ ਟਾਕਰਾ ਕਰਨ ਲਈ ਕਿਹਾ। ਤਿੰਨ ਦਿਨਾਂ ਬਾਅਦ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਅੰਮ੍ਰਿਤਸਰ ਵਿਖੇ ਹੋਣਾ ਤੈਅ ਸੀ ਗੁਰੂ ਜੀ ਨੇ ਵਿਆਹ ਦੀ ਜਗ੍ਹਾ ਝਬਾਲ ਤੈਅ ਕਰਕੇ ਪਰਿਵਾਰ ਨੂੰ ਉਥੇ ਭੇਜ ਦਿੱਤਾ।

ਸਿੱਖ ਮੁਗਲਾਂ ਦੀ ਇਹ ਪਹਿਲੀ ਜੰਗ ਪਿਪਲੀ ਸਾਹਿਬ ਹੁਣ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਥਾਨ ਤੇ ਹੋਈ। ਦੋਹਾਂ ਪਾਸਿਆਂ ਤੋਂ ਯੋਧਿਆਂ ਨੇ ਜੰਗੀ ਜੌਹਰ ਦਿਖਾਏ। ਸਿੰਘ ਯੋਧੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਅਣਖ ਤੇ ਆਜ਼ਾਦੀ ਲਈ ਡਟ ਗਏ। ਇਕ ਖੋਖਲੀ ਲੱਕੜ ਦੀ ਬਣੀ ਤੋਪ ਦੀ ਵਰਤੋਂ ਕੀਤੀ ਗਈ। ਜੋ ਖੇਮਕਰਨ ਦੇ ਮੋਹਰੀ ਕਾਰੀਗਰ ਨੇ ਬਣਾਈ ਸੀ। ਦੁਸ਼ਮਣ ਵੱਲੋਂ ਮੁਖਲਿਸ ਖਾਂ ਬੜੇ ਜੋਸ਼ ਨਾਲ ਮੈਦਾਨ ਪੁੱਜਾ, ਉਸਨੂੰ ਸ਼ਾਹੀ ਫੌਜ ਤੇ ਬੜਾ ਮਾਣ ਸੀ। ਸਿੱਖਾਂ ਵੱਲੋਂ ਜੰਗ ਦੀ ਕਮਾਨ ਗੁਰੂ ਜੀ ਨੇ ਖੁਦ ਸੰਭਾਲ ਲਈ ਉਹਨਾਂ ਦਾ ਸਾਥ ਦੇ ਰਹੇ ਸਨ ਸੂਰਬੀਰ ਯੌਧੇ ਭਾਈ ਬਿਧੀ ਸਿੰਘ, ਭਾਈ ਜੇਠਾ, ਪੈਂਦੇ ਖਾਂ ਆਦਿ।

ਪਹਿਲੇ ਦਿਨ ਦੀ ਜੰਗ ਮੁਕਾਬਲੇ ਦੀ ਸੀ। ਦੂਸਰੇ ਦਿਨ ਮੁਕਾਬਲਾ ਹੋਰ ਸਖਤ ਹੋ ਗਿਆ। ਤੀਸਰੇ ਦਿਨ ਵੱਡੇ ਪੱਧਰ ਤੇ ਕਤਲੇਆਮ ਹੋਇਆ, ਜਿਸ ਵਿਚ ਵੈਰੀ ਦਾ ਵੱਡਾ ਨੁਕਸਾਨ ਹੋਇਆ। ਮੇਕਾਲਿਫ ਅਨੁਸਾਰ ਇਹ ਜੰਗ ਅੰਮ੍ਰਿਤਸਰ ਤੋਂ ਚਾਰ ਮੀਲ ਦੱਖਣ ਦੇ ਘੇਰੇ ਵਿਚ ਹੋਈ। ਜਿੱਤ ਦੀ ਯਾਦਗਾਰ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਹੈ।

ਫੈਸਲਾਕੁੰਨ ਜੰਗ ਵਿਚ ਮੁਗਲ ਸੈਨਾ ਦੀ ਗਿਣਤੀ ਕਿਤੇ ਵੱਧ ਸੀ। ਅੰਤ ਵਿਚ ਗੁਰੂ ਜੀ ਦੇ ਖੰਡੇ ਨਾਲ ਮੁਖਲਿਸ ਖਾਂ ਟੋਟੇ-ਟੋਟੇ ਹੋ ਗਿਆ। ਉਸਦੇ ਮਰਦਿਆਂ ਹੀ ਉਸਦੀ ਫੌਜ ਜੰਗ ਦੇ ਮੈਦਾਨ ਵਿਚੋਂ ਭੱਜ ਗਈ। ਮੁਗਲ ਫੌਜ ਨੇ ਸ਼ਹਿਰ ਨੂੰ ਲੁੱਟ ਲਿਆ। ਜੰਗ ਖਤਮ ਹੋਣ ਤੇ ਗੁਰੂ ਜੀ ਝਬਾਲ ਗਏ, ਜਿੱਥੇ ਬੀਬੀ ਵੀਰੋ ਜੀ ਦਾ ਵਿਆਹ ਚੌਧਰੀ ਭਾਈ ਲੰਗਾਹ ਦੇ ਘਰ ਹੋਇਆ। ਇਹ ਸਿੱਖ ਮੁਗਲਾਂ ਦੀ ਪਹਿਲੀ ਜੰਗ ਵਜੋਂ ਇਤਿਹਾਸ ਵਿਚ ਦਰਜ ਹੋਈ ਹੈ। ਸਿੰਘਾਂ ਦੀ ਅਸਾਵੀਂ ਫੌਜ ਤੇ ਜਿੱਤ ਹੋਈ।



# ਇਕ ਨਾਮਵਰ ਸਖਸ਼ੀਅਤ ਸੀ ਮਹਿੰਦਰ ਸਿੰਘ 'ਘੱਗ'

ਯੂਨੀਅਨ ਸਿਟੀ- ਸਾਹਿਤਕ, ਧਾਰਮਿਕ, ਵਿਦਿਅਕ, ਸਭਿਆਚਾਰਕ, ਵਪਾਰਕ, ਕਿਰਸਾਨੀ ਹਲਕਿਆਂ ਵਿਚ ਇਹ ਦੁਖਦਾਈ ਖਬਰ ਬੜੀ ਸ਼ਿੱਦਤ ਨਾਲ ਪੜ੍ਹੀ ਜਾ ਰਹੀ ਹੈ ਕਿ ਪ੍ਰਸਿੱਧ ਸਾਹਿਤਕਾਰ ਜਨਾਬ ਮਹਿੰਦਰ ਸਿੰਘ ਜੀ 'ਘੱਗ' ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦਾ ਪੰਜਾਬੀ ਮਾਂ ਬੋਲੀ ਵਾਸਤੇ ਰਿਹਾ ਨਿੱਘਾ ਪਿਆਰ ਹਮੇਸ਼ਾ ਯਾਦ ਰਹੇਗਾ। ਉਹ ਛੇ ਦਹਾਕੇ ਤੱਕ ਯੂਬਾ ਸਿਟੀ (ਯੂ. ਐਸ. ਏ.) ਰਹੇ। ਉਹਨਾਂ ਦਾ ਸਾਹਿਤਕ ਸਫਰ ਇਸ ਸਦੀ ਵਿਚ ਮਹਾਨ ਰਿਹਾ ਜਿਸਦਾ ਅੰਤ ਹੋ ਗਿਆ ਹੈ। ਪਰ ਆਪਣੀ ਲੇਖਣੀ ਰਾਹੀਂ ਸਾਹਿਤਕਾਰਾਂ ਦੇ ਹਮਸਫਰ ਰਹਿਣਗੇ।

ਅਮਰੀਕਨ ਪੰਜਾਬੀ ਕਵੀਆਂ ਵੱਲੋਂ ਸ਼ੋਕ-ਸੁਨੇਹੇ ਵਿਚ ਸ਼ਾਮਲ ਹਨ- ਗੁਰਦਿਆਲ ਸਿੰਘ ਨੂਰਪੁਰੀ, ਗੁਰਮੀਤ ਸਿੰਘ ਬਰਸਾਲ, ਪ੍ਰਮਿੰਦਰ ਸਿੰਘ ਪ੍ਰਵਾਨਾ, ਮਹਿੰਦਰਪਾਲ ਸਿੰਘ, ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਠਾਕੁਰ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ ਆਦਿ।

ਜਨਾਬ ਘੱਗ ਦੀ ਜਾਗ੍ਰਿਤੀ ਅਤੇ ਚੇਤਨਾ ਦੀ ਕਾਵਿ-ਵੰਨਗੀ ਦਰਜ ਹੈ-

ਹੁਣ ਤਾਂ ਜਾਗੋ ਸੁੱਤਿਓ ਲੋਕੋ! ਜਾਗੇ ਬਿਨਾਂ ਨਾ ਸਰਨਾ।
ਜੰਗਬਾਜ਼ਾਂ ਨੂੰ ਨੱਥ ਪਾਉਣ ਲਈ, ਹੀਲਾ ਪਊ ਕੋਈ ਕਰਨਾ।
'ਘੱਗ'1 ਜਾਗਦੇ ਸਦਾ ਹੀ ਜਿੱਤੇ, ਸੁੱਤੇ ਸਦਾ ਹੀ ਹਾਰੇ ਨੇ।



ਧਰਤੀ ਤਪ ਗਈ ਅੰਬਰ ਤਪਿਆ, ਤਪ ਗਏ ਚੰਨ ਤੇ ਤਰੇ ਨੇ।
-ਪ੍ਰਮਿੰਦਰ ਸਿੰਘ ਪ੍ਰਵਾਨਾ

# ਜੇਕਰ ਸਰਕਾਰ ਸੂਬੇ ਨੂੰ ਮੰਡੀ ਐਲਾਨ ਦਿੰਦੀ ਤਾਂ ਕੇਂਦਰ ਦੇ ਕਾਨੂੰਨ ਲਾਗੂ ਨਾ ਹੁੰਦੇ - ਅਕਾਲੀ ਦਲ

**ਚੰਡੀਗੜ੍ਹ** - ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਕਿਸਾਨਾਂ ਦੇ ਅਲਟੀਮੇਟਮ ਤੋਂ ਬਾਅਦ ਖੇਤੀ ਬਿੱਲ ਪੇਸ਼ ਕੀਤੇ ਹਨ ਪਰ ਪੰਜਾਬ ਦੇ ਕਿਸਾਨਾਂ ਦੇ ਭਵਿੱਖ ਨੂੰ ਬਚਾਉਣ ਲਈ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ ਤੇ ਪਾਰਟੀ ਨੇ ਇਹ ਵੀ ਐਲਾਨ ਕੀਤਾ ਕਿ ਕੇਂਦਰ ਤੋਂ ਕਿਸਾਨਾਂ ਦੇ ਹੱਕ ਲੈਣ ਵਾਸਤੇ ਪਾਰਟੀ ਦੇ ਸਾਰੇ ਵਿਧਾਇਕ ਸਮੂਹਿਕ ਤੌਰ 'ਤੇ ਅਸਤੀਫਾ ਦੇਣ ਲਈ ਤਿਆਰ ਹਨ। ਅਕਾਲੀ ਦਲ ਦੇ ਵਿਧਾਇਕ ਦਲ ਨੇ ਕਿਹਾ ਕਿ ਕਿਸਾਨਾਂ, ਖੇਤ ਮਜ਼ਦੂਰਾਂ ਤੇ ਆੜ੍ਹਤੀਆਂ ਸਮੇਤ ਤਿੰਨ ਕਰੋੜ ਪੰਜਾਬੀਆਂ ਲਈ ਨਿਆਂ ਹਾਸਲ ਕਰਨ ਦੀ ਲੜਾਈ ਹਾਲੇ ਸ਼ੁਰੂ ਹੋਈ ਹੈ। ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਹ ਸਪਸ਼ਟ ਭਰੋਸਾ ਦੇਣ ਕਿ ਜੇਕਰ ਕੇਂਦਰ ਸਰਕਾਰ ਭੱਜ ਗਈ ਤਾਂ ਫਿਰ ਸੂਬਾ ਸਰਕਾਰ ਕਣਕ, ਝੋਨੇ, ਕਪਾਹ ਤੇ ਮੱਕੀ ਸਮੇਤ ਕਿਸਾਨਾਂ ਦੀਆਂ ਸਾਰੀਆਂ ਫਸਲਾਂ ਐਮ ਐਸ ਪੀ ਅਨੁਸਾਰ ਖਰੀਦੇਗੀ। ਇਹ ਵੀ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਮੁੱਖ ਮੰਤਰੀ ਨੇ ਇਸ ਸਬੰਧ ਵਿਚ ਠੋਸ ਭਰੋਸਾ ਦੇ ਕੇ ਕਿਸਾਨਾਂ ਦੇ ਖਦਸ਼ੇ ਦੂਰ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਅਕਾਲੀ ਦਲ ਦੇ ਵਿਧਾਇਕ ਦਲ ਦੇ ਆਗੂ ਸ਼ਰਨਜੀਤ ਸਿੰਘ ਢਿੱਲੋਂ ਤੇ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਹੁਣ ਇਹ ਸਪਸ਼ਟ ਹੈ ਕਿ ਕਾਂਗਰਸ ਸਰਕਾਰ, ਜੋ ਵਿਸ਼ੇਸ਼ ਸੈਸ਼ਨ ਸੱਦਣ ਤੋਂ ਭੱਜ ਰਹੀ ਸੀ, ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਦਿੱਤੇ ਅਲ-ਟੀਮੇਟਮ ਕਾਰਨ ਸੈਸ਼ਨ ਸੱਦਣ ਲਈ ਮਜਬੂਰ ਹੋਈ ਹੈ। ਉਹਨਾਂ ਕਿਹਾ ਕਿ ਇਹ ਸਾਡੇ ਕਿਸਾਨ ਭਰਾਵਾਂ ਦੀ ਅਸਲ ਜਿੱਤ ਹੈ ਜਿਹਨਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ ਖੱਟਕੜ ਕਲਾਂ ਵਾਲੇ ਹਾਲ ਹੀ ਵਿਚ ਦਿੱਤੇ ਬਿਆਨ ਤੋਂ ਪਿੱਛੇ ਹਟਣ ਲਈ ਮਜਬੂਰ ਕੀਤਾ ਹੈ। ਮੁੱਖ ਮੰਤਰੀ ਨੇ ਉਥੇ ਇਹ ਆਖਿਆ ਕਿ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਵਾਸਤੇ ਵਿਸ਼ੇਸ਼ ਸੈਸ਼ਨ ਸੱਦਣ ਦੀ ਕੋਈ ਤੁਕ ਨਹੀਂ ਬਣਦੀ।




ਮੁੱਦੇ ਦੇ ਵੇਰਵੇ ਦੱਸਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਭਾਵੇਂ ਸਾਰੀਆਂ ਪਾਰਟੀਆਂ ਨੇ ਕੇਂਦਰ ਖਿਲਾਫ ਲੜਾਈ ਵਿਚ ਇਕਜੁੱਟ ਹੋਕੇ ਸਟੈਂਡ ਲਿਆ ਹੈ ਪਰ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕਾਂਗਰਸ ਸਰਕਾਰ ਨੇ ਸਦਨ ਦੀ ਮੀਟਿੰਗ ਤੋਂ ਪਹਿਲਾਂ ਤਜਵੀਜ਼ਸ਼ੁਦਾ ਬਿੱਲ ਕਿਸਾਨਾਂ ਤੇ ਵਿਧਾਇਕਾਂ ਸਮੇਤ ਜਿਹਨਾਂ ਦੇ ਹਿੱਤ ਪ੍ਰਭਾਵਤ ਹੁੰਦੇ ਸੀ, ਉਹਨਾਂ ਨਾਲ ਸਾਂਝੇ ਨਹੀਂ ਕੀਤੇ। ਉਹਨਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਮੁੱਖ ਮੰਤਰੀ ਨੇ ਵਪਾਰ ਤੇ ਵਣਜ ਜੋ ਕਿ ਸਾਂਝੀ ਸੂਚੀ ਦਾ ਵਿਸ਼ਾ ਹੈ ਤੇ ਜਿਸ ਲਈ ਰਾਸ਼ਟਰਪਤੀ ਦੀ ਮਨਜ਼ੂਰੀ ਦੀ ਜ਼ਰੂਰਤ ਹੈ, ਬਾਰੇ ਬਿੱਲ ਪਾਸ ਕਰ ਕੇ ਗੇਂਦ ਕੇਂਦਰ ਦੇ ਪਾਲੇ ਵਿਚ ਸੁੱਟ ਦਿੱਤੀ ਹੈ। ਉਹਨਾਂ ਕਿਹਾ ਕਿ ਚੰਗਾ ਹੁੰਦਾ ਜੇਕਰ ਸਰਕਾਰ ਇਹ ਬਿੱਲ ਖੇਤੀਬਾੜੀ ਦੇ ਨਾਂ ਹੇਠ ਪਾਸ ਕਰਦੀ ਤੇ ਸਾਰੇ ਸੂਬੇ ਨੂੰ ਸਰਕਾਰੀ ਮੰਡੀ ਬਣਾ ਦਿੰਦੀ ਤਾਂ ਕਿ ਪੰਜਾਬ ਵਿਚ ਕੇਂਦਰ ਦੇ ਕਾਨੂੰਨ ਲਾਗੂ ਹੀ ਨਾ ਹੋ ਸਕਦੇ। ਉਹਨਾਂ ਕਿਹਾ ਕਿ ਅਜਿਹੇ ਬਿੱਲ ਨੂੰ ਰਾਜਪਾਲ ਦੇ ਨਾਲ ਨਾਲ ਰਾਸ਼ਟਰਪਤੀ ਤੋਂ ਵੀ ਮਨਜ਼ੂਰੀ ਮਿਲ ਜਾਣੀ ਸੀ ਕਿਉਂਕਿ ਇਹ ਰਾਜ ਸੂਚੀ ਦਾ ਵਿਸ਼ਾ ਹੋਣਾ ਸੀ। ਉਹਨਾਂ ਕਿਹਾ ਕਿ ਸਰਕਾਰ ਨੇ ਵੱਡਾ ਮੌਕਾ ਖੁੰਝਾ ਲਿਆ ਗਿਆ ਹੈ। ਮਜੀਠੀਆ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਵਿਚ ਵੀ ਬੇਨਤੀ ਕੀਤੀ ਸੀ ਕਿ 2006 ਅਤੇ 2017 ਦੇ ਐਕਟ ਜਿਹਨਾਂ ਨੇ ਸੂਬੇ ਦੇ ਖੇਤੀਬਾੜੀ ਮੰਡੀਕਰਣ ਐਕਟ ਨੂੰ ਕਮਜ਼ੋਰ ਕੀਤਾ ਹੈ, ਨੂੰ ਰੱਦ ਕਰ ਦਿੱਤਾ ਜਾਵੇ। ਉਹਨਾਂ ਕਿਹਾ ਕਿ ਇਹ ਮੰਗ ਵੀ ਪੰਜਾਬੀਆਂ ਦੀਆਂ ਭਾਵਨਾਵਾਂ ਅਨੁਸਾਰ ਹੀ ਸੀ ਪਰ ਇਹ ਹੈਰਾਨ ਕਰਨ ਵਾਲੀ ਗੱਲ ਸੀ, ਇਸ ਲਈ ਪੰਜਾਬ ਸਰਕਾਰ ਨੇ ਮੌਕੇ ਮੁਤਾਬਕ ਡੱਟ ਕੇ ਏ ਪੀ ਐਮ ਸੀ ਮੰਡੀਆਂ ਦੀ ਰਾਖੀ ਵਾਸਤੇ ਠੋਸ ਕਦਮ ਲੈਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਕਿਹਾ ਕਿ ਵਿਧਾਨ ਸਭਾ ਨੂੰ ਉਹਨਾਂ ਦਾ ਸੁਝਾਅ ਮੰਨ ਕੇ ਮਤਾ ਪਾਸ ਕਰਨਾ ਚਾਹੀਦਾ ਸੀ ਜਿਸ ਵਿਚ ਕਿਸਾਨਾਂ ਦੇ ਸੰਘਰਸ਼ ਨੂੰ ਗੁੰਡੇ ਦੱਸਣ ਦੀ ਨਿਖੇਧੀ ਕੀਤੀ ਜਾਣੀ ਸੀ ਤੇ ਸਪਸ਼ਟ ਕੀਤਾ ਜਾਣਾ ਸੀ ਕਿ ਸੂਬਾ ਅੰਨਦਾਤਾ ਪ੍ਰਤੀ ਕਿਸੇ ਵੀ ਧਮਕੀ ਜਾਂ ਅਪਮਾਨ ਨੂੰ ਬਰਦਾਸ਼ਤ ਨਹੀਂ ਕਰੇਗਾ। ਮਜੀਠੀਆ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਇਹ ਵੀ ਬੇਨਤੀ ਕੀਤੀ ਸੀ ਕਿ ਕਾਂਗਰਸ ਸਰਕਾਰ ਮੌਕੇ ਦਾ ਲਾਹਾ ਲੈ ਕੇ ਕਿਸਾਨਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕਰਨ ਦਾ ਐਲਾਨ ਕਰੇ।

ਇਹਨਾਂ ਵਿਚ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਲਈ ਪੂਰੀ ਕਰਜ਼ਾ ਮੁਆਫੀ, ਇਕ ਸਰਕਾਰੀ ਨੌਕਰੀ ਤੇ 10 ਲੱਖ ਰੁਪਏ ਮੁਆਵਜ਼ਾ ਦੇਣ ਦਾ ਵਾਅਦਾ ਅਤੇ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਇਕ ਇਕ ਸਰਕਾਰੀ ਨੌਕਰੀ ਅਤੇ 20 ਹਜ਼ਾਰ ਰੁਪਏ ਫਸਲੀ ਨੁਕਸਾਨ ਦਾ ਮੁਆਵਜ਼ਾ ਦੇਣ ਦਾ ਵਾਅਦਾ ਵੀ ਸ਼ਾਮਲ ਹੈ ਜੋ ਕਾਂਗਰਸ ਪਾਰਟੀ ਨੇ 2017 ਦੀਆਂ ਚੋਣਾਂ ਮੌਕੇ ਕੀਤਾ ਸੀ। ਉਹਨਾਂ ਕਿਹਾ ਕਿ ਸਰਕਾਰ ਨੂੰ ਚਲ ਰਹੇ ਕਿਸਾਨੀ ਸੰਘਰਸ਼ ਵਿਚ ਜਾਨਾਂ ਗੁਆਉਣ ਵਾਲੇ 10 ਕਿਸਾਨਾਂ ਦੇ ਪਰਿਵਾਰਾਂ ਨੂੰ ਵੀ ਸਰਕਾਰੀ ਨੌਕਰੀ ਤੇ 10 ਲੱਖ ਰੁਪਏ ਮੁਆਵਜ਼ਾ ਦੇਣਾ ਚਾਹੀਦਾ ਹੈ।

### ਅੰਤਰਰਾਸ਼ਟਰੀ ਗਰੀਬੀ ਖਾਤਮਾ ਦਿਵਸ ਸਬੰਧੀ ਵਿਸ਼ੇਸ਼

# ਦੁਨੀਆਂ ਦੀ 10 ਫੀਸਦੀ ਜਨਸੰਖਿਆ ਅਜੇ ਵੀ ਅਤਿ ਗਰੀਬੀ ਦੀ ਹਾਲਤ ਵਿੱਚ ਰਹਿੰਦੀ ਹੈ





ਕੁਲਦੀਪ ਚੰਦ
91-9417563054

ਗਰੀਬੀ ਇੱਕ ਬਹੁਪੱਖੀ ਸੰਕਲਪ ਹੈ ਜਿਸ ਵਿੱਚ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਤੱਤ ਸਾਮਲ ਹੋ ਸਕਦੇ ਹਨ। ਗਰੀਬੀ ਉਹ ਦਸਾ ਹੈ ਜਿਸ ਵਿੱਚ ਕੋਈ ਵਿਅੱਕਤੀ ਅਪਣੀਆਂ ਬੁਨਿਆਦੀ ਜਰੂਰਤਾਂ ਪੂਰੀਆਂ ਨਾਂ ਕਰ ਸਕਣ ਕਾਰਨ ਸਿਹਤਮੰਦ ਅਤੇ ਉਪਜਾਊ ਜੀਵਨ ਜਿਉਣ ਤੋਂ ਅਸਮੱਰਥ ਰਹਿੰਦਾ ਹੈ। ਵਿਸਵ ਬੈਂਕ ਨੇ ਗਰੀਬੀ ਦੀਆਂ ਵੱਖ ਵੱਖ ਪ੍ਰੀਭਾਸਾਵਾਂ ਦਿੱਤੀਆਂ ਹਨ ਜਿਸ ਅਨੁਸਾਰ ਇੱਕ ਨਿਸਚਿਤ ਆਮਦਨ ਤੋਂ ਘੱਟ ਵਾਲੇ ਵਿਅੱਕਤੀ ਨੂੰ ਗਰੀਬ ਅਤੇ ਅਤਿ ਗਰੀਬ ਮੰਨਿਆਂ ਜਾਂਦਾ ਹੈ। ਇਹ ਆਮਦਨ ਦਾ ਪੱਧਰ ਸਮੇਂ ਸਮੇਂ ਤੇ ਬਦਲਦਾ ਰਹਿੰਦਾ ਹੈ। ਜੇਕਰ ਸਾਲ 2016-2017 ਦਾ ਆਮਦਨ ਪੱਧਰ ਵੇਖੀਏ ਤਾਂ 20163.33 ਰੁਪਏ ਸਾਲਾਨਾ ਤੋਂ ਘੱਟ ਆਮਦਨ ਵਾਲਾ ਵਿਅੱਕਤੀ ਗਰੀਬੀ ਦੀ ਰੇਖਾ ਤੋਂ ਹੇਠਾਂ ਮੰਨਿਆ ਗਿਆ ਹੈ ਅਤੇ 1 2358. 17 ਰੁਪਏ ਸਾਲਾਨਾ ਤੋਂ ਘੱਟ ਆਮਦਨ ਵਾਲਾ ਵਿਅੱਕਤੀ ਅਤਿ ਗਰੀਬੀ ਦੀ ਰੇਖਾ ਤੋਂ ਹੇਠਾਂ ਮੰਨਿਆ ਗਿਆ ਹੈ। ਵਿਸਵ ਪੱਧਰ ਤੇ 17 ਅਕਤੂਬਰ ਦਾ ਦਿਨ ਅੰਤਰਰਾਸ਼ਟਰੀ ਗਰੀਬੀ ਖਾਤਮਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜੇਕਰ ਇਸ ਦਿਨ ਦਾ ਪਿਛੋਕੜ੍ਹ ਵੇਖੀਏ ਤਾਂ ਅੱਜ ਦੇ ਦਿਨ ਹੀ 17 ਅਕਤੂਬਰ 1987 ਨੂੰ ਪੈਰਿਸ ਫਰਾਂਸ ਵਿੱਚ ਲੱਗਭੱਗ ਲੱਖ ਵਿਅੱਕਤੀ ਅਤੇ ਗਰੀਬੀ, ਭੁੱਖਮਰੀ, ਹਿੰਸਾ ਅਤੇ ਡਰ ਤੋਂ ਪੀੜ੍ਹਿਤ ਵਿਅੱਕਤੀਆਂ ਦਾ ਸਨਮਾਨ ਕਰਨ ਲਈ ਟਰੋਕਾਡੇਰੋ ਵਿਖੇ ਇਕੱਠੇ ਹੋਏ ਸਨ ਜਿੱਥੇ ਕਿ 1948 ਵਿੱਚ ਮਨੁੱਖੀ ਅਧਿਕਾਰਾਂ ਸਬੰਧੀ ਵਿਸਵਵਿਆਪੀ ਐਲਾਨਨਾਮਾ ਹੋਇਆ ਸੀ। ਇਨ੍ਹਾਂ ਨੇ ਐਲਾਨ ਕੀਤਾ ਕਿ ਗਰੀਬੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਇਸਦੇ ਹੱਲ ਲਈ ਇਕੱਠੇ ਹੋਣ ਦੀ ਲੋੜ ਤੇ ਜੋਰ ਦਿੱਤਾ। ਸੰਯੁਕਤ ਰਾਸਟਰ ਵਲੋਂ ਇਸ ਸਬੰਧੀ ਮਿਤੀ 22 ਦਸੰਬਰ 1992 ਨੂੰ ਮਤਾ ਨੰਬਰ 47/196 ਅਪਣਾਇਆ ਗਿਆ ਅਤੇ ਜਨਰਲ ਅਸੈਂਬਲੀ ਨੇ 17 ਅਕਤੂਬਰ ਦਾ ਦਿਨ ਅੰਤਰਰਾਸ਼ਟਰੀ ਗਰੀਬੀ ਖਾਤਮਾ ਦਿਵਸ ਵਜੋਂ ਘੋਸਿਤ ਕੀਤਾ ਹੈ। ਮਤਾ ਨੰਬਰ 72/233 ਵਿੱਚ ਜਨਰਲ ਅਸੈਂਬਲੀ ਨੇ ਗਰੀਬੀ ਦੇ ਖਾਤਮੇ ਲਈ ਸੰਯੁਕਤ ਰਾਸਟਰ ਦੇ ਤੀਸਰੇ ਦਹਾਕੇ 2018- 2027 ਦਾ ਐਲਾਨ ਕੀਤਾ। ਇਸ ਸਾਲ 2020 ਲਈ ਵਿਸੇਸ ਤੋਰ ਤੇ ਥੀਮ ਸਾਰਿਆਂ ਲਈ ਸਮਾਜਿਕ ਅਤੇ ਵਾਤਾਵਰਣਿਕ ਨਿਆਂ ਪ੍ਰਾਪਤ ਕਰਨ ਲਈ ਮਿਲਕੇ ਕੰਮ ਕਰਨਾ ਹੈ। ਦੁਨੀਆਂ ਦੀ 10 ਫਿਸਦੀ ਜਨਸੰਖਿਆ ਅਜੇ ਵੀ ਅਤਿ ਗਰੀਬੀ ਦੀ ਹਾਲਤ ਵਿੱਚ ਰਹਿੰਦੀ ਹੈ ਭੁੱਖਮਰੀ ਅਤੇ ਜੀਵਨ ਦੀਆਂ ਮੁਢਲੀਆਂ ਜਰੂਰਤਾਂ ਸਿਹਤ, ਸਿਖਿੱਆ, ਪਾਣੀ ਅਤੇ ਸਫਾਈ ਲਈ ਵੀ ਸੰਘਰਸ਼ ਕਰ ਰਹੀ ਹੈ । ਪੁਰਸਾਂ ਦੇ ਮੁਕਾਬਲੇ ਮਹਿਲਾਵਾਂ ਗਰੀਬੀ ਤੋਂ ਵੱਧ ਪੀੜ੍ਹਿਤ ਹਨ ਅਤੇ 25 ਤੋਂ 34 ਸਾਲ ਦੀਆਂ ਲੱਗਭੱਗ 122 ਮਹਿਲਾਵਾਂ 100 ਪੁਰਸਾਂ ਦੇ ਮੁਕਾਬਲੇ ਗਰੀਬੀ ਨਾਲ ਜੂਝ ਰਹੀਆਂ ਹਨ। ਇੱਕ ਅਨੁਮਾਨ ਅਨੁਸਾਰ ਸਾਲ 2015 ਵਿੱਚ ਲੱਗਭੱਗ 736 ਮਿਲੀਅਨ ਵਿੱਅਕਤੀ ਅੰਤਰਰਾਸਟਰੀ ਗਰੀਬੀ ਰੇਖਾ ਤੋਂ ਵੀ ਹੇਠਾਂ ਰਹਿ ਰਹੇ ਸਨ ਅਤੇ 2030 ਤੱਕ 160 ਮਿਲੀਅਨ ਤੋਂ ਵੱਧ ਬੱਚੇ ਅਤਿ ਗਰੀਬੀ ਵਾਲਾ ਜੀਵਨ ਜਿਉਣ ਦੇ ਖਤਰੇ ਤੋਂ ਪੀੜ੍ਹਿਤ ਹੋਣਗੇ। ਵਿਸਵ ਬੈਂਕ ਅਨੁਸਾਰ ਸਾਲ 2020 ਵਿੱਚ ਕੋਵਿਡ-19 ਮਹਾਂਮਾਰੀ ਦੇ ਪ੍ਰਭਾਵ ਕਾਰਨ ਗਰੀਬੀ ਪਿਛਲੇ 20 ਸਾਲਾਂ ਦਾ ਰਿਕਾਰਡ ਤੋੜ ਦੇਵੇਗੀ ਅਤੇ 88 ਤੋਂ 115 ਮਿਲੀਅਨ ਨਵੇਂ ਹੋਰ ਵਿੱਅਕਤੀ ਅਤਿ ਗਰੀਬੀ ਦੀ ਹਾਲਤ ਵਿੱਚ ਹੋਣਗੇ ਅਤੇ 2021 ਤੱਕ ਇਹ ਗਿਣਤੀ 150 ਮਿਲੀਅਨ ਤੱਕ ਪਹੁੰਚ ਜਾਵੇਗੀ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਦੇ ਸਭ ਤੋਂ ਗਰੀਬ 20ਗ ਲੋਕਾਂ ਕੋਲ ਵਿਸ਼ਵ ਦੀ ਕੁੱਲ ਆਮਦਨ ਦਾ ਸਿਰਫ 01 ਪ੍ਰਤੀਸ਼ਤ ਪਹੁੰਚ ਰਿਹਾ ਹੈ ਜਦਕਿ ਦੂਜੇ ਪਾਸੇ ਵਿਸ਼ਵ ਦੇ ਸਭ ਤੋਂ ਅਮੀਰ 20 ਫੀਸਦੀ ਲੋਕ ਵਿਸ਼ਵ ਦੀ ਕੁੱਲ ਆਮਦਨ ਦਾ 86 ਫੀਸਦੀ ਹਿੱਸਾ ਹੜੱਪ ਰਹੇ ਹਨ। ਵਿਸ਼ਵ ਦੇ ਸਭ ਤੋਂ ਅਮੀਰ 3 ਵਿਅਕਤੀਆਂ ਦੇ ਕੋਲ ਜਿੰਨੀ ਸੰਪਤੀ ਹੈ, ਉਹ ਗਰੀਬ ਦੇਸ਼ਾਂ ਵਿੱਚ ਰਹਿਣ ਵਾਲੇ ਵਿਸ਼ਵ ਦੇ 60 ਕਰੋੜ ਲੋਕਾਂ ਦੀ ਸਾਲਾਨਾ ਆਮਦਨ ਦੇ ਬਰਾਬਰ ਹੈ। ਸਾਰਾ ਪੈਸਾ ਅਤੇ ਸਾਧਨ ਇਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਹੀ ਹੈ, ਜਦਕਿ ਬਾਕੀ ਲੋਕ ਕਿਸੇ ਤਰ੍ਹਾਂ ਨਾਲ ਸਿਰਫ ਆਪਣੀ ਜਿੰਦਗੀ ਗੁਜ਼ਰ ਬਸਰ ਕਰ ਰਹੇ ਹਨ।ਭਾਰਤ ਵਿੱਚ ਲੱਗਭੱਗ 73 ਮਿਲੀਅਨ ਵਿੱਅਕਤੀ ਅਤਿ ਗਰੀਬੀ ਦੀ ਹਾਲਤ ਵਿੱਚ ਰਹਿੰਦੇ ਹਨ। ਇੱਕ ਅਨੁਮਾਨ ਅਨੁਸਾਰ ਦੁਨੀਆਂ ਦੇ ਗਰੀਬਾਂ ਦਾ ਤੀਜਾ ਹਿੱਸਾ ਭਾਰਤ ਵਿੱਚ ਹੀ ਰਹਿੰਦਾ ਹੈ। ਸਾਲ 2010 ਵਿੱਚ ਵਿਸਵ ਬੈਂਕ ਨੇ ਦੱਸਿਆ ਹੈ ਕਿ ਭਾਰਤ ਵਿੱਚ 32.7 ਫਿਸਦੀ ਵਿਅੱਕਤੀ ਰੋਜਾਨਾ 1.25 ਯੂ ਐਸ ਡਾਲਰ ਦੀ ਅੰਤਰਰਾਸ਼ਟਰੀ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ ਅਤੇ 68.7 ਫਿਸਦੀ ਵਿੱਅਕਤੀ ਰੋਜਾਨਾ 2 ਯੂ ਐਸ ਡਾਲਰ ਤੋਂ ਘੱਟ ਨਾਲ ਗੁਜਾਰਾ ਕਰਦੇ ਹਨ। ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਮੁਢਲੀਆਂ ਸੁਵਿਧਾਵਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਹਰ ਪੱਧਰ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਜਿਸ ਕਾਰਨ ਸਰਕਾਰੀ ਸੁਵਿਧਾਵਾਂ ਦਾ ਲਾਭ ਵੀ ਅਕਸਰ ਆਮ ਲੋਕਾਂ ਤੱਕ ਨਹੀਂ ਪਹੁੰਚਦੀਆਂ ਹਨ ਅਤੇ ਗਰੀਬਾਂ ਦੀ ਹਾਲਤ ਅਤਿ ਖਸਤਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐੱਨਡੀਪੀ) ਨੇ ਮਾਨਵ ਵਿਕਾਸ ਰਿਪੋਰਟ ਵਿੱਚ ਭਾਰਤ ਨੂੰ ਦੁਨੀਆਂ ਦੇ 189 ਦੇਸ਼ਾਂ ਵਿੱਚ 130ਵੇਂ ਸਥਾਨ ਤੇ ਰੱਖਿਆ ਹੈ। ਤੇਜ਼ ਆਰਥਿਕ ਵਿਕਾਸ ਦਾ ਦਾਅਵਾ ਕਰਨ ਵਾਲਾ ਭਾਰਤ ਅੱਜ ਗਰੀਬੀ ਪੱਖੋਂ ਅਫਗਾਨਿਸਤਾਨ, ਬੰਗਲਾਦੇਸ਼, ਕੰਬੋਡੀਆਂ, ਕਿਰਗਿਜਿਸਤਾਨ, ਲਾਓਸ, ਪਾਕਿਸਤਾਨ, ਨੇਪਾਲ, ਤਜ਼ਾਕਿਸਤਾਨ, ਉਜ਼ਬੇਕਿਸਤਾਨ, ਵੀਅਤਨਾਮ ਅਤੇ ਯਮਨ ਦੇ ਨੇੜੇ ਤੇੜੇ ਹੀ ਹੈ। ਇਹਨਾਂ ਵਿੱਚੋਂ ਵੀ ਵੀਅਤਨਾਮ ਅਤੇ ਉਜ਼ਬੇਕਿਸਤਾਨ ਦੇਸ਼ ਮਾਨਵ ਵਿਕਾਸ ਸੂਚਕਾਂਕ ਦੇ ਕਈ ਮਾਮਲਿਆਂ ਵਿੱਚ ਭਾਰਤ ਤੋਂ ਬਿਹਤਰ ਹਨ। ਇਹੀ ਅਮੀਰ ਲੋਕ ਹੀ ਇਸ ਦੇਸ਼ ਦੇ ਨੀਤੀ ਨਿਰਮਾਤਾ ਹਨ। ਸਮਾਜ ਦੀਆਂ ਨੀਤੀਆਂ ਦੇ ਨਿਰਧਾਰਨ ਵਿੱਚ ਗਰੀਬਾਂ ਦਾ ਕੋਈ ਵੀ ਯੋਗਦਾਨ ਨਹੀਂ ਹੈ। ਗਰੀਬ ਸਿਰਫ ਅੰਕੜੇ ਬਣਾਉਣ ਜਾਂ ਬਣਨ ਦੇ ਲਈ ਹੀ ਹਨ। ਦੇਸ਼ ਦੀਆਂ ਸੜਕਾਂ ਤੇ ਨਵੀਆਂ ਨਵੀਆਂ ਦੋੜਦੀਆਂ ਲਗਜ਼ਰੀ ਕਾਰਾਂ, ਲਗਾਤਾਰ ਖੁੱਲਦੇ ਮਾਲ ਅਤੇ ਅਜਿਹੀਆਂ ਹੀ ਹੋਰ ਗਤੀਵਿਧੀਆਂ ਨਿਸ਼ਚਿਤ ਤੌਰ ਤੇ ਵਿਕਾਸ ਦੀਆਂ ਸੂਚਕ ਹਨ, ਪਰ ਇਹ ਵੀ ਸੱਚ ਹੈ ਕਿ ਦੇਸ ਵਿੱਚ ਬਹੁਤੇ ਲੋਕਾਂ ਲਈ ਦੋ ਜੂਨ ਦੀ ਰੋਟੀ ਦਾ ਪ੍ਰਬੰਧ ਕਰਨਾ ਵੀ ਮੁਸ਼ਕਿਲ ਹੈ। ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਦੇਸ਼ ਦੇ ਕਰੋੜਾਂ ਲੋਕ ਗੁਲਾਮਾਂ ਵਰਗਾ ਜੀਵਨ ਜੀਣ ਲਈ ਮਜ਼ਬੂਰ ਹਨ। ਵਿਸ਼ਵ ਬੈਂਕ ਨੇ ਭਾਰਤ ਵਿੱਚ ਗਰੀਬੀ ਦੇ ਬਾਰੇ ਜੋ ਅੰਕੜੇ ਪੇਸ਼ ਕੀਤੇ ਹਨ ਉਹ ਵੀ ਹੈਰਾਨੀਜਨਕ ਹਨ। ਇਸ ਸੰਸਥਾ ਅਨੁਸਾਰ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੀ ਆਬਾਦੀ ਦੇ ਅਨੁਸਾਰ ਭਾਰਤ ਦੀ ਸਥਿਤੀ ਸਿਰਫ ਅਫਰੀਕਾ ਦੇ ਸਬ-ਸਹਾਰਾ ਦੇਸ਼ਾਂ ਤੋਂ ਹੀ ਬਿਹਤਰ ਹੈ।ਭਾਰਤੀ ਰਿਜਰਵ ਬੈਂਕ ਦੀ ਰਿਪੋਰਟ ਅਨੁਸਾਰ 2012 ਵਿੱਚ ਦੇਸ ਦੀ 21.9 ਫੀਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਇਸ ਰਿਪੋਰਟ ਅਨੁਸਾਰ ਸਭਤੋਂ ਵੱਧ ਗਰੀਬੀ ਛਤੀਸਗੜ੍ਹ ਵਿੱਚ ਹੈ ਜਿੱਥੇ ਲੱਗਭੱਗ 40 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਅਤੇ ਸਭਤੋਂ ਘੱਟ ਗਰੀਬੀ ਅੰਡੇਮਾਨ ਵਿੱਚ ਹੈ ਜਿੱਥੇ ਲੱਗਭੱਗ 01 ਫਿਸਦੀ, ਲਕਸਦੀਪ ਵਿੱਚ 2.7 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਅਤੇ ਗੋਆ ਵਿੱਚ ਲੱਗਭੱਗ 05 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ।

ਵਿਕਸਿਤ ਸੂੱਬੇ ਪੰਜਾਬ ਵਿੱਚ ਵੀ ਲੱਗਭੱਗ 8.26 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਲੱਗਭੱਗ ਦੇਸ਼ ਵਿੱਚ ਹਾਲਾਤ ਅਜਿਹੇ ਹਨ ਕਿ ਆਮ ਆਦਮੀ ਦੀ ਸੁਣਨ ਵਾਲਾ ਕੋਈ ਨਹੀਂ ਹੈ ਸਰਕਾਰੀ ਵਿਭਾਗਾਂ ਵਿੱਚ ਲਾਲ ਫੀਤਾਸ਼ਾਹੀ ਇੰਨੀ ਹਾਵੀ ਹੈ ਕਿ ਆਮ ਆਦਮੀ ਆਪਣੇ ਛੋਟੇ-ਛੋਟੇ ਕੰਮਾਂ ਅਤੇ ਦੋ ਵਕਤ ਦੀ ਰੋਟੀ ਦੇ ਲਈ ਦਰ-ਦਰ ਭਟਕਦਾ ਰਹਿੰਦਾ ਹੈ। ਦੇਸ਼ ਵਿੱਚ ਦਿਖ ਰਿਹਾ ਕਾਗਜ਼ੀ ਵਿਕਾਸ ਕਿਸਦੇ ਲਈ ਹੈ ਅਤੇ ਕਿਸਨੂੰ ਲਾਭ ਪਹੁੰਚਾ ਰਿਹਾ ਹੈ, ਇਹ ਇੱਕ ਵੱਡਾ ਪ੍ਰਸ਼ਨ ਹੈ। ਦੇਸ ਵਿੱਚ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਦੇਸ਼ ਦੇ ਕਈ ਹਿੱਸਿਆਂ ਵਿੱਚ ਪਰਿਵਾਰ ਦਾ ਪੇਟ ਪਾਲਣ ਲਈ ਮਹਿਲਾਵਾਂ ਅਪਣੇ ਆਪ ਨੂੰ ਅਤੇ ਬੱਚਿਆਂ ਨੂੰ ਵੇਚ ਰਹੀਆਂ ਹਨ, ਬੱਚੇ ਪੜ੍ਹਣ ਦੀ ਬਜਾਏ ਕੰਮ ਕਰ ਰਹੇ ਹਨ, ਕੁੱਝ ਵਿਸ਼ੇਸ ਜਾਤ ਅਤੇ ਵਰਗ ਦੇ ਲੋਕਾਂ ਤੋਂ ਬੇਗਾਰ ਕਰਵਾਈ ਜਾ ਰਹੀ ਹੈ।

ਕੋਰੋਨਾ ਲਈ ਹੋਈ ਤਾਲਾਬੰਦੀ ਦੌਰਾਨ ਗਰੀਬਾਂ ਦੀਆਂ ਅਣਗਣਿਤ ਕਹਾਣੀਆਂ ਅਤੇ ਤਸਵੀਰਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਤੋਂ ਸਰਕਾਰ ਦੇ ਗਰੀਬੀ ਖਤਮ ਕਰਨ ਲਈ ਕੀਤੇ ਜਾ ਰਹੇ ਪ੍ਰਬੰਧਾਂ ਦੀ ਅਸਲੀਅਤ ਸਾਹਮਣੇ ਆਈ ਹੈ। ਇੱਕ ਪਾਸੇ ਅਸਲੀ ਗਰੀਬ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ ਦੂਜੇ ਪਾਸੇ ਕਈ ਨਕਲੀ ਗਰੀਬ ਸਰਕਾਰੀ ਭਲਾਈ ਸਕੀਮਾਂ ਦਾ ਨਜਾਇਜ ਲਾਭ ਉਠਾ ਰਹੇ ਹਨ। ਭਾਰਤ ਇੱਕ ਖੇਤੀਬਾੜੀ ਪ੍ਰਧਾਨ ਦੇਸ ਹੈ ਅਤੇ ਇਸ ਲਈ ਪੰਜਾਬ ਹਰਿਆਣਾ ਸਮੇਤ ਕੁੱਝ ਹੋਰ ਸੂਬਿਆਂ ਵਿੱਚ ਕਿਸਾਨਾਂ ਅਤੇ ਖੇਤ ਮਜਦੂਰਾਂ ਦੀ ਮਿਹਨਤ ਨਾਲ ਦੇਸ ਅੰਨ ਭੰਡਾਰ ਵਿੱਚ ਸਵੈ ਨਿਰਭਰ ਹੋ ਸਕਿਆ ਹੈ ਪਰ ਕਿਸਾਨਾਂ ਅਤੇ ਖੇਤ ਮਜਦੂਰਾਂ ਦੀਆਂ ਵੱਡੀ ਗਿਣਤੀ ਵਿੱਚ ਕਰਜਿਆਂ ਕਾਰਨ ਹੋਈਆਂ ਆਤਮ ਹੱਤਿਆਵਾਂ ਸਾਬਤ ਕਰਦੀਆਂ ਹਨ ਕਿ ਸਰਕਾਰਾਂ ਵਲੋਂ ਇਨ੍ਹਾਂ ਵੱਲ ਵੀ ਸਹੀ ਧਿਆਨ ਨਹੀਂ ਦਿੱਤਾ ਗਿਆ ਹੈ।

ਸਰਕਾਰਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਦੇਸ ਦੇ ਗਰੀਬਾਂ ਪ੍ਰਤੀ ਗੰਭੀਰਤਾ ਨਾਲ ਸੋਚਣਾ ਪਵੇਗਾ ਅਤੇ ਗਰੀਬੀ ਦੂਰ ਕਰਨ ਲਈ ਬਣਾਈਆਂ ਜਾਂਦੀਆਂ ਯੋਜਨਾਵਾਂ ਜੋਕਿ ਅਕਸਰ ਹੀ ਭਿਰਸਟਾਚਾਰ ਦਾ ਸਿਕਾਰ ਹੁੰਦੀਆਂ ਹਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੰਮ ਕਰਨਾ ਪਵੇਗਾ ਤਾਂ ਹੀ ਆਣ ਵਾਲੇ ਸਮੇਂ ਵਿੱਚ ਗਰੀਬੀ ਘੱਟ ਸਕਦੀ ਹੈ ਅਤੇ ਇਸ ਦਿਨ ਤੇ ਹੋਣ ਵਾਲੇ ਸਮਾਰੋਹ ਸਾਰਥਿਕ ਸਿੱਧ ਹੋਣਗੇ ਨਹੀਂ ਤਾਂ ਇਹ ਮਹਿਜ ਇੱਕ ਖਾਨਾਪੂਰਤੀ ਹੀ ਰਹਿਣਗੇ।

### 22 ਅਕਤੂਬਰ ਭਾਖੜ੍ਹਾ ਡੈਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼


# 28390 ਕਰੋੜ ਰੁਪਏ ਦੀ ਲਾਗਤ ਨਾਲ ਸਾਲ 1962 ਵਿੱਚ ਬਣ ਕੇ ਤਿਆਰ ਹੋਇਆ ਭਾਖੜ੍ਹਾ ਡੈਮ

ਕੁਲਦੀਪ ਚੰਦ

ਸਾਡੇ ਦੇਸ਼ ਭਾਰਤ ਦਾ ਗੌਰਵ ਮੰਨੇ ਜਾਂਦੇ ਅਤੇ ਉਤਰੀ ਭਾਰਤ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਸਮਝੇ ਜਾਂਦੇ ਭਾਖੜਾ ਬੰਨ ਨੂੰ ਅੱਜ 57 ਸਾਲ ਪੂਰੇ ਹੋ ਰਹੇ ਹਨ। ਇਹ ਭਾਰਤ ਦਾ ਇੱਕ ਪ੍ਰਭਾਵਸ਼ਾਲੀ ਅਤੇ ਬਹੁਤ ਵੱਡਾ ਡੈਮ ਹੈ ਜੋ ਸਿੰਚਾਈ ਲਈ ਪਾਣੀ, ਉਦਯੋਗਾਂ, ਟਿਊਬਵੈੱਲਾਂ ਨੂੰ ਚਲਾਉਣ ਲਈ ਅਤੇ ਘਰਾਂ ਨੂੰ ਰੁਸ਼ਨਾਉਣ ਲਈ ਬਿਜਲੀ ਪ੍ਰਦਾਨ ਕਰਦਾ ਹੈ। ਇਹ ਇੱਕ ਟੂਰਿਸਟ ਸਥਾਨ ਵੀ ਬਣਦਾ ਜਾ ਰਿਹਾ ਹੈ ਜਿੱਥੇ ਅੰਦਾਜਨ ਪੰਜ ਲੱਖ ਟੂਰਿਸਟ ਹਰ ਸਾਲ ਇਸਨੂੰ ਵੇਖਣ ਲਈ ਪਹੁੰਚਦੇ ਹਨ। ਸੁਰੱਖਿਆ ਕਾਰਨਾਂ ਕਰਕੇ ਡੈਮ ਦੇ ਅੰਦਰ ਜਾਣ ਦੀ ਮਨਾਹੀ ਹੈ ਅਤੇ ਇੱਥੇ ਜਾਣ ਲਈ ਸਵੇਰੇ 8 ਵਜੇ ਤੋਂ ਲੈਕੇ ਦੁਪਿਹਰ 3 ਵਜੇ ਤੱਕ ਹੀ ਸਥਾਨਕ ਲੋਕ ਸੰਪਰਕ ਵਿਭਾਗ ਤੋਂ ਪਾਸ ਬਣਦੇ ਹਨ। ਇਸ ਪ੍ਰੋਜੈਕਟ ਨੂੰ ਬਣਾਉਣ ਦਾ ਖਿਆਲ ਬੇਸ਼ੱਕ ਅਜ਼ਾਦੀ ਤੋਂ ਪਹਿਲਾਂ ਹੀ ਆਇਆ ਸੀ ਪਰੰਤੂ ਇਸ ਪ੍ਰੋਜੈਕਟ ਦਾ ਨਿਰਮਾਣ ਅਜ਼ਾਦੀ ਤੋਂ ਬਾਦ ਹੀ ਸ਼ੁਰੂ ਹੋਇਆ ਸੀ। ਮੋਜੂਦਾ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜਿਲ੍ਹੇ ਵਿੱਚ ਸਥਿਤ ਭਾਖੜ੍ਹਾ ਡੈਮ ਪ੍ਰੋਜੈਕਟ ਨੂੰ ਬਣਾਉਣ ਦਾ ਵਿਚਾਰ ਸਭਤੋਂ ਪਹਿਲਾਂ ਸਰ ਲੂਈਸ ਡੈਨੇ ਦੁਆਰਾ 8 ਨਵੰਬਰ, 1908 ਨੂੰ ਦਿਤਾ ਗਿਆ ਸੀ ਅਤੇ ਇਸ ਸਬੰਧੀ ਵਿਸਥਾਰ ਰਿਪੋਰਟ ਮਾਰਚ 1919 ਵਿੱਚ ਪੇਸ਼ ਕੀਤੀ ਗਈ। 1920 ਤੋਂ ਲੈਕੇ 1938 ਤੱਕ ਇਸ ਸਬੰਧੀ ਵੱਖ ਵੱਖ ਤਰਾਂ ਦੇ ਸਰਵੇਖਣ ਹੋਏ ਅਤੇ 1939 ਤੋਂ 1942 ਤੱਕ ਇਸ ਪ੍ਰੋਜੈਕਟ ਸਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਸ਼ੁਰੂ ਵਿੱਚ ਇਸ ਪ੍ਰੋਜੈਕਟ ਦਾ ਉਦੇਸ਼ ਸਿਰਫ ਸਿੰਚਾਈ ਲਈ ਪਾਣੀ ਇਕੱਠਾ ਕਰਨਾ ਸੀ ਅਤੇ ਇਸ ਪ੍ਰੋਜੈਕਟ ਵਿੱਚ ਭਾਖੜਾ ਬੰਨ, ਅਪਰ ਸਰਹਿੰਦ ਨਹਿਰ, ਹੇਠਲੀ ਸਰਹਿੰਦ ਨਹਿਰ ਅਤੇ ਪੱਛਮੀ ਯਮੁਨਾ ਨਹਿਰ ਦਾ ਵਿਸਥਾਰ ਸ਼ਾਮਿਲ ਸਨ। ਉਸ ਵੇਲੇ ਪ੍ਰਸਤਾਵਿਤ ਭਾਖੜਾ ਬੰਨ ਦੀ ਉਚਾਈ 395 ਫੁੱਟ ਹੋਣੀ ਸੀ ਅਤੇ ਵੱਧ ਤੋਂ ਵੱਧ 2.58 ਮਿਲੀਅਨ ਏਕੜ ਫੁੱਟ ਪਾਣੀ ਭੰਡਾਰਨ ਦੀ ਵਿਵਸਥਾ ਹੋਣੀ ਸੀ। ਸਾਲ 1944 ਵਿੱਚ ਡਾਕਟਰ ਜੇ. ਐਲ. ਸੈਵੇਜ ਜੋ ਅਮਰੀਕਾ ਦੀ ਬਿਊਰੋ ਫਾਰ ਰੈਕਲੇਮੇਸ਼ਨ ਦਾ ਚੀਫ਼ ਇੰਜੀਨੀਅਰ ਸੀ ਨੇ 1600 ਫੁੱਟ ਉਚਾਈ ਤੱਕ ਪਾਣੀ ਭੰਡਾਰਣ ਦੀ ਸਮੱਰਥਾ ਵਾਲਾ ਡੈਮ ਬਣਾਉਣ ਦਾ ਸੁਝਾਅ ਦਿਤਾ। ਯੂ.ਐਸ.ਏ. ਦੀ ਅੰਤਰਰਾਸ਼ਟਰੀ ਡੈਨਵਰ ਨਾਂਅ ਦੀ ਕੰਪਨੀ ਨੇ ਇਹ ਉਚਾਈ 1580 ਫੁੱਟ ਰੱਖਣ ਦੀ ਤਜਵੀਜ਼ ਰੱਖੀ ਜਿਸਦਾ ਮੁੱਖ ਕਾਰਨ ਇਹ ਸੀ ਕਿ ਉਚਾਈ ਵਧਾਉਣ ਕਾਰਨ ਰਾਜਾ ਬਿਲਾਸਪੁਰ ਦੇ ਮਹਿਲ ਅਤੇ ਕੁਝ ਮੰਦਿਰ ਡੈਮ ਦੀ ਝੀਲ ਵਿੱਚ ਡੁਬਦੇ ਸਨ ਅਤੇ ਰਾਜਾ ਬਿਲਾਸਪੁਰ ਨੇ ਇਸ ਸਬੰਧੀ ਇਤਰਾਜ਼ ਕੀਤਾ ਸੀ। ਆਜ਼ਾਦੀ ਤੋਂ ਬਾਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਇਸ ਮਾਮਲੇ ਵਿੱਚ ਨਿੱਜੀ ਤੌਰ ਤੇ ਦਖਲ ਦੇਣ ਤੋਂ ਬਾਦ ਬਿਲਾਸਪੁਰ ਦੇ ਰਾਜਾ ਨੇ ਆਪਣੇ ਇਤਰਾਜ਼ਾਂ ਨੂੰ ਵਾਪਸ ਲੈ ਲਿਆ ਅਤੇ ਡੈਮ ਦੇ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਤੱਕ ਰੱਖਿਆ ਗਿਆ। 1948 ਤੋਂ 1951 ਦੌਰਾਨ ਇਸ ਪ੍ਰੋਜੈਕਟ ਨੂੰ ਪਾਸ ਕੀਤਾ ਗਿਆ। ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੀ ਸਿੰਚਾਈ ਸ਼ਾਖਾ ਅਤੇ ਅੰਤਰਰਾਸ਼ਟਰੀ ਕੰਪਨੀ ਆਈ ਐਨ ਸੀ ਯੂ ਐਸ ਏ ਵਿੱਚ 14 ਨਵੰਬਰ, 1948 ਨੂੰ ਹੋਏ ਸਮਝੋਤੇ ਅਨੁਸਾਰ ਇਸ ਪ੍ਰੋਜੈਕਟ ਸਬੰਧੀ ਦਸਤਾਵੇਜ਼ ਅਤੇ ਡਿਜਾਇਨ ਸਮੇਤ ਦਿਸ਼ਾ ਨਿਰਦੇਸ਼ ਕੰਪਨੀ ਨੂੰ ਸੋਂਪੇ ਗਏ। ਅਪ੍ਰੈਲ 1952 ਵਿੱਚ ਐਮ ਹਾਰਵੇ ਸਲੋਕਮ ਅਮਰੀਕਾ ਤੋਂ ਅਪਣੇ ਤਕਨੀਕੀ ਮਾਹਿਰਾਂ ਅਤੇ ਇੰਜਨੀਅਰਾਂ ਦੀ ਟੀਮ ਨਾਲ ਆਏ ਅਤੇ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾਇਆ। ਇਸ ਪ੍ਰੋਜੈਕਟ ਦੇ ਨਿਰਿਖਣ ਅਤੇ ਪ੍ਰਗਤੀ ਸਬੰਧੀ ਭਾਖੜਾ ਨਿਯੰਤਰਣ ਬੋਰਡ ਦਾ ਗਠਨ ਕੀਤਾ ਗਿਆ ਜਿਸ ਵਿੱਚ ਕੇਂਦਰ ਸਰਕਾਰ, ਪੰਜਾਬ ਸਰਕਾਰ, ਰਾਜਸਥਾਨ ਅਤੇ ਪੈਪਸੂ ਦੇ ਪ੍ਰਤੀਨਿਧੀ ਸ਼ਾਮਿਲ ਸਨ। ਇਸ ਵਿੱਚ ਪੰਜਾਬ ਦੇ ਰਾਜਪਾਲ ਨੂੰ ਕਮੇਟੀ ਦਾ ਚੇਅਰਮੈਨ, ਭਾਰਤ ਸਰਕਾਰ ਦੇ ਵਿੱਤ ਮੰਤਰਾਲਿਆ ਦੇ ਸਕੱਤਰ ਨੂੰ ਉਪੱ ਚੇਅਰਮੈਨ, ਕੇਂਦਰੀ ਜਲ ਅਤੇ ਊਰਜਾ ਆਯੋਗ ਭਾਰਤ ਸਰਕਾਰ ਦੇ ਚੇਅਰਮੈਨ ਨੂੰ ਮੈਂਬਰ, ਵੱਖ ਵੱਖ ਰਾਜ ਸਰਕਾਰਾਂ ਦੇ ਸਿੰਚਾਈ ਵਿਭਾਗ ਦੇ ਸਕੱਤਰਾਂ ਅਤੇ ਊਰਜਾ ਵਿਭਾਗ ਦੇ ਇੰਚਾਰਜਾਂ ਨੂੰ ਵਿੱਤੀ ਮੈਂਬਰ, ਭਾਖੜਾ ਡੈਮ ਦੇ ਨਿਰਮਾਣ ਵਿੱਚ ਲੱਗੇ ਹੋਏ ਸਾਰੇ ਮੁੱਖ ਇੰਜਨੀਅਰਾਂ ਨੂੰ ਮੈਂਬਰ ਅਤੇ ਸੰਯੁਕਤ ਸਕੱਤਰ ਵਿੱਤ ਮੰਤਰਾਲਿਆ ਭਾਰਤ ਸਰਕਾਰ ਨੂੰ ਮੈਂਬਰ ਬਣਾਇਆ ਗਿਆ ਸੀ। 1952 ਵਿੱਚ ਡਾਕਟਰ ਏ ਐਨ ਖੋਸਲਾ ਦੀ ਚੇਅਰਮੈਨਸ਼ਿਪ ਅਧੀਨ ਬੋਰਡ ਆਫ ਕਾਂਸਿਊਲੇਟਸ ਦੀ ਸਥਾਪਨਾ ਵੀ ਕੀਤੀ ਗਈ। 18 ਨਵੰਬਰ, 1955 ਨੂੰ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਕੰਕਰੀਟ ਦੀ ਪਹਿਲੀ ਟੋਕਰੀ ਪਾਕੇ ਪ੍ਰੋਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦੇ ਨਿਰਮਾਣ ਵਿੱਚ ਮੁੱਖ ਤੋਰ ਤੇ ਭਾਖੜ੍ਹਾ ਬੰਨ ਅਤੇ ਊਰਜਾ ਸੰਚਾਲਣ ਯੰਤਰ, ਨੰਗਲ ਬੰਨ, ਨੰਗਲ ਹਾਇਡਲ ਚੈਨਲ, ਗੰਗੂਵਾਲ ਅਤੇ ਕੋਟਲਾ ਪਾਵਰ ਹਾਊਸਿਜ਼, ਰੋਪੜ੍ਹ ਹੈਡ ਵਰਕਸ ਦਾ ਪੁਨਰ-ਨਿਰਮਾਣ, ਸਰਹੰਦ ਨਹਿਰ ਦਾ ਪੁਨਰ- ਨਿਰਮਾਣ, ਭਾਖੜ੍ਹਾ ਨਹਿਰ, ਬਿਸਤ-ਦੋਆਬ ਨਹਿਰ, ਬਿਜਲੀ ਦੀ ਪੈਦਾਵਰ ਅਤੇ ਵਿਤਰਣ ਪ੍ਰਣਾਲੀ, ਭਾਖੜ੍ਹਾ ਖੇਤਰ ਦੀ ਮਾਰਕੀਟ ਅਤੇ ਸੰਚਾਰ ਦਾ ਵਿਕਾਸ ਆਦਿ ਯੂਨਿਟ ਸ਼ਾਮਲ ਸਨ। ਭਾਖੜਾ ਬੰਨ ਦੀ ਉਚਾਈ ਦਿੱਲੀ ਵਿੱਚ ਸਥਿਤ ਕੁਤਬ ਮੀਨਾਰ ਦੀ ਉਚਾਈ ਤੋਂ ਵੀ 3 ਗੁਣਾ ਵੱਧ ਹੈ। ਇਸ ਡੈਮ ਦੀ ਉਸਾਰੀ ਲਈ ਵੱਖ ਵੱਖ ਤਰਾਂ ਦੀ ਮਸ਼ੀਨਰੀ ਤੋਂ ਇਲਾਵਾ ਲੱਗਭੱਗ 13000 ਕਾਮੇ, 300 ਇੰਜੀਨੀਅਰ, 30 ਅਮਰੀਕਨ ਮਾਹਿਰ ਲਗਾਏ ਗਏ ਜਿਨ੍ਹਾਂ ਨੇ ਦਿਨ-ਰਾਤ ਕੰਮ ਕੀਤਾ। ਭਾਖੜਾ ਬੰਨ ਦੇ ਨਿਰਮਾਣ ਵਿੱਚ ਵਰਤੀ ਗਈ ਸੀਮੇਂਟ, ਕੰਕਰੀਟ ਦੀ ਮਾਤਰਾ ਧਰਤੀ ਦੇ ਭੂ-ਮੱਧ ਰੇਖਾ ਤੇ 2.44 ਮੀਟਰ ਚੋੜੀ ਸੜਕ ਬਣਾਉਣ ਵਿੱਚ



(ਬਾਕੀ ਅਗਲੇ ਸਫੇ 'ਤੇ)




## ਵੈਰੀ ਕਿਸਾਨਾਂ ਦਾ

ਸਿਰ ਕਰਾਂਗੇ ਕਲਮ ਜੋ ਵੈਰੀ ਬਣੂੰ ਕਿਸਾਨਾਂ ਦਾ।
ਜੂੜ ਵੱਢਾਂਗੇ ਅਸੀਂ ਨੇਤਾਵਾਂ ਬੇਈਮਾਨਾਂ ਦਾ।
ਹੱਕ ਧੱਕੇ ਨਾਲ ਸਾਡੇ ਜੋ ਵੀ ਖੋਹਣਾ ਚਾਹਵੇਗਾ,
ਸਾਡੇ ਖੇਤੀਂ ਆ ਕੇ ਹਲ਼ ਜਿਹੜਾ ਵੀ ਵਾਹਵੇਗਾ,
ਨਾਲ ਲੜਾਂਗੇ ਉਹਦੇ ਮੁੱਠਾ ਫੜ੍ਹ ਕਿਰਪਾਨਾਂ ਦਾ।
ਜੂੜ ਵੱਢਾਂਗੇ..................।
ਖੂਨ ਅਣਖ ਦਾ ਰਗਾਂ'ਚ ਸਾਡੇ ਖੌਲਦਾ ਰਹਿੰਦਾ ਏ,
ਬਦਲਾ ਲਏ ਬਗੈਰ ਕਦੇ ਨਾ ਟਿਕ ਕੇ ਬਹਿੰਦਾ ਏ,
ਲੁੱਟ ਨਾ ਸਕੇ ਖਜਾਨਾ ਕੋਈ ਸੋਨੇ ਦੀਆਂ ਖਾਨਾਂ ਦਾ।
ਜੂੜ ਵੱਢਾਂਗੇ....................।
ਅਸੀਂ ਜਾਣਦੇ ਤੁਰਨਾ ਮੱਘਦੇ ਹੋਏ ਅੰਗਿਆਰਾਂ ਤੇ,
ਨੱਚਣਾਂ ਸਿੱਖਿਆ ਹੋਇਆ ਅਸੀਂ ਖੰਡੇ ਦੀਆਂ ਧਾਰਾਂ ਤੇ,
ਹੱਕਾਂ ਲਈ ਅਸੀਂ ਫਿਕਰ ਕਦੇ ਨਾ ਕੀਤਾ ਜਾਨਾਂ ਦਾ।
ਜੂੜ ਵੱਢਾਂਗੇ.....................।
ਏਕਾ ਸਾਡਾ ਜੜ੍ਹਾਂ ਹਿਲਾਵੇਗਾ ਸਰਕਾਰ ਦੀਆਂ,
ਦੁਨੀਆਂ ਜਾਣਦੀ ਗੱਲਾਂ ਸਾਡੀਆਂ ਤਾਂ ਖੂੰਖਾਰ ਦੀਆਂ,
ਸਤਿਕਾਰ ਵੀ ਸਾਡੇ ਵਰਗਾ ਨਾ ਕੋਈ ਕਰੇ ਮਹਿਮਾਨਾਂ ਦਾ।
ਜੂੜ ਵੱਢਾਂਗੇ.......................।
ਰਾਜੇ ਹਾਂ ਅਖਵਾਉਂਦੇ ਬਣਨਾ ਅਸੀਂ ਭਿਖਾਰੀ ਨਹੀਂ,
ਦੇਸ਼ ਕੌਮ ਦੇ ਨਾਲ ਕਦੇ ਵੀ ਕਰੀ ਗਦਾਰੀ ਨਹੀਂ,
ਗਊਆਂ ਦਾ ਨਹੀਂ ਭੇੜ,ਭੇੜ ਹੈ ਸਾਡਾ ਸਾਨ੍ਹਾਂ ਦਾ।
ਜੂੜ ਵੱਢਾਂਗੇ..................।

**ਜਸਪਾਲ ਸਿੰਘ ਨਾਗਰਾ 'ਮਹਿੰਦਪਰੀਆ'**
**-001-360-448-1989**

# ਜਰੂਰੀ ਹੈ ਸ਼ਖਸੀਅਤ ਦਾ ਸਰਬਪੱਖੀ ਵਿਕਾਸ ਹੋਣਾ

ਇਸ ਦੁਨੀਆਂ ਵਿੱਚ ਜਿੰਨੇ ਵੀ ਇਨਸਾਨ ਹਨ, ਹਰ ਇੱਕ ਵਿੱਚ ਕੋਈ ਨਾ ਕੋਈ ਵਿਲੱਖਣਤਾ ਜਰੂਰ ਹੈ। ਜਿਸ ਵਿੱਲਖਣਤਾ ਦੀ ਪਹਿਚਾਣ ਕਰ, ਕਈ ਇਸ ਸਮਾਜ ਵਿੱਚ ਆਪਣੀ ਇੱਕ ਵੱਖਰੀ ਪਛਾਣ ਬਣਾ ਲੈਂਦੇ ਹਨ। ਆਮ ਹੀ ਲੋਕਾਂ ਨੂੰ ਕਹਿੰਦਿਆਂ ਸੁਣਿਆ ਹੈ, ਕਿ ਪੜ੍ਹ ਲਿਖ ਕੇ ਬੰਦਾ ਵਧੀਆ ਇਨਸਾਨ ਬਣ ਜਾਂਦਾ ਹੈ, ਪਰ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ, ਮੈਂ ਆਪਣੀ ਜ਼ਿੰਦਗੀ ਵਿੱਚ ਅਜਿਹੇ ਬਹੁਤ ਲੋਕ ਵੇਖੇ ਹਨ, ਜੋ ਕਹਿਣ ਨੂੰ ਤਾਂ ਬਹੁਤ ਪੜੇ ਲਿਖੇ ਹੁੰਦੇ ਹਨ, ਪਰ ਉਹਨਾਂ ਵਿੱਚ ਬੋਲਣ ਦਾ ਸਲੀਕਾ, ਲੋਕਾਂ ਵਿੱਚ ਵਿਚਰਨ ਦਾ ਹੁਨਰ, ਕਿਸੇ ਦੂਸਰੇ ਦੇ ਦਰਦ ਨੂੰ ਸਮਝਣ ਦੇ ਗੁਣ ਬਹੁਤ ਘੱਟ ਹੁੰਦੇ ਹਨ। ਇਹ ਭਾਰਤੀ ਸਮਾਜ ਤੇ ਵਿਵਸਥਾ ਦੀ ਹਮੇਸ਼ਾ ਊਣਤਾਈ ਰਹੀ ਹੈ, ਬਚਪਨ ਤੋਂ ਹੀ ਸਾਡੇ ਸਮਾਜ ਵਿੱਚ ਬੱਚੇ ਦੇ ਸਰਬਪੱਖੀ ਵਿਕਾਸ ਦੀ ਬਜਾਇ ਕੇਵਲ ਪੜਾਈ ਵਿੱਚ ਰੱਟੇ ਲਗਵਾਉਣ ਵੱਲ ਧਕੇਲਿਆ ਜਾਂਦਾ ਹੈ। ਕੁਝ ਵੀ ਵਿਚਾਰ ਕਰਨ ਤੋਂ ਪਹਿਲਾਂ ਇਹ ਸਮਝ ਲੈਣਾ ਬਹੁਤ ਜਰੂਰੀ ਹੈ ਕਿ ਅਸਲ ਵਿੱਚ ਸ਼ਖ-ਸੀਅਤ ਦਾ ਸਰਬਪੱਖੀ ਵਿਕਾਸ ਹੈ ਕੀ?"ਸਰਬ "ਦਾ ਅਰਥ ਹੈ ਸਾਰੇ ਅਤੇ " ਪੱਖੀ " ਤੋ ਭਾਵ ਪਾਸਿਆਂ ਤੋਂ ਭਾਵ ਕਲਾਵਾਂ ਵਿੱਚ। ਇੰਝ ਸਰਬਪੱਖੀ ਸ਼ਬਦ ਦਾ ਅਰਥ ਹੈ ਸਰਬ ਗੁਣ ਭਰਭੂਰ ਹੋਣਾ।

ਸੁਭਾਅ ਵਿੱਚ ਬਹੁਤ ਹੀ ਨਿਮਰ, ਲੋਕਾਂ ਦੀਆਂ ਭਾਵਨਾਵਾਂ ਦਾ ਮਾਣ ਰੱਖਣ ਵਾਲਾ, ਦ੍ਰਿੜ ਇਰਾਦੇ, ਅਣਖੀ, ਸੱਚਾ, ਨਿਡਰ,ਪਿਆਰ ਦਾ ਮੁ-ਜਸਮਾ, ਜਿਸ ਨੂੰ ਦੇਖ ਦੇ ਹੀ ਰੂਹ ਖਿੜ ਜਾਵੇ, ਜਿਸ ਨਾਲ ਕੋਈ ਵੀ ਇਨਸਾਨ ਆਪਣੀਆਂ ਦਿਲ ਦੀਆਂ ਗੱਲਾਂ ਬਿਨਾ ਕਿਸੇ ਝਿਜਕ ਦੇ ਕਰ ਸਕੇ,ਕਲਾ ਦਾ ਸੋਮਾ, ਗਰੀਬਾਂ ਦਾ ਮਸੀਹਾ ਕੁਝ ਅਜਿਹੇ ਗੁਣ ਹੀ ਹੁੰਦੇ ਹਨ ਇੱਕ ਵਧੀਆ ਸ਼ਖਸੀਅਤ ਵਿੱਚ।



ਪਰ ਇੱਕ ਸਰਬਪੱਖੀ ਸ਼ਖਸੀਅਤ ਬਣਨਾ ਕੋਈ ਖਾਲਾ ਜੀ ਦਾ ਵਾੜਾ ਨਹੀ ਹੈ। ਸਰਬਪੱਖੀ ਸ਼ਖਸੀਅਤ ਦੀ ਘਾੜਤ ਲਈ ਬਹੁਤ ਹੀ ਵਿਸ਼ੇਸ਼ ਅਤੇ ਉਚੇਚੇ ਯਤਨ ਕਰਨੇ ਪੈਂਦੇ ਹਨ । ਸਰਬਪੱਖੀ ਬਣਨ ਤੋਂ ਪਹਿਲਾਂ ਸੁਚੱਜੀ ਸੁਥਰੀ ਸਖਸੀਅਤ ਦੇ ਨੁਕਤਿਆਂ ਤੋਂ ਵਾਕਫ਼ ਹੋਣਾ ਜਰੂਰੀ ਹੈ। ਸਰਬਪੱਖੀ ਸ਼ਖਸੀਅਤ ਬਣਨ ਲਈ ਜਰੂਰੀ ਹੈ ਕਿ ਸਾਡਾ ਸੁਭਾਅ ਬਹੁਤ ਖੁਸ਼ਫਹਿਮੀ ਹੋਵੇ। ਹਰ ਇੱਕ ਨੂੰ ਹੰਸੂ ਹੰਸੂ ਕਰਦੇ ਮਿਲੀਏ। ਗੱਲਬਾਤ ਵਿੱਚ ਹੋਰਨਾਂ ਦੀਆਂ ਭਾਵਨਾਵਾਂ ਅਤੇ ਉਹਨਾਂ ਦੇ ਸਹੀ ਵਿਚਾਰਾਂ ਦੀ ਵਡਿਆਈ ਅਤੇ ਕਦਰ ਕਰਨੀ ਇੱਕ ਚੰਗੀ ਸ਼ਖਸੀਅਤ ਦੀ ਨਿਸ਼ਾਨੀ ਹੈ। ਧਿਆਨ ਰਹੇ ਦੂਸਰਿਆਂ ਦੀਆਂ ਗੱਲਾਂ ਸੁਣਦੇ ਸਮੇਂ ਸਾਡੇ ਚਿਹਰੇ ਤੇ ਅਕੇਵੇਂ ਦਾ ਚਿੰਨ੍ਹ ਨਹੀ ਆਉਣਾ ਚਾਹੀਦਾ। ਕਹਿੰਦੇ ਹਨ ਕਿ ਚਿਹਰੇ ਸਾਡੇ ਅੰਦਰਲੇ ਆਪੇ ਦਾ ਆਇਨਾ ਹੈ। ਸਾਨੂੰ ਚਿਹਰੇ ਨੂੰ ਹਮੇਸ਼ਾ ਮੁਸਕਰਾਹਟ ਭਰਭੂਰ ਰੱਖਣਾ ਚਾਹੀਦਾ ਹੈ। ਸਰਬਪੱਖੀ ਸ਼ਖਸੀਅਤ ਵਿੱਚ ਸਾਡੇ ਪਹਿਰਾਵੇ ਦੀ ਅਹਿਮ ਭੂਮਿਕਾ ਹੁੰਦੀ ਹੈ। ਆਪਣੇ ਸਰੀਰ ਲਈ ਫੱਬਵਾਂ ਅਤੇ ਢੁੱਕਵਾਂ ਪਹਿਰਾਵਾ ਪਾਉਣਾ ਸਾਡੀ ਸ਼ਖਸੀਅਤ ਲਈ ਬਹੁਤ ਜਰੂਰੀ ਹੈ। ਇਸ ਦਾ ਅਰਥ ਇਹ ਨਹੀਂ ਕਿ ਸਾਨੂੰ ਬਹੁਤੇ ਕੀਮਤੀ ਕੱਪੜੇ ਪਹਿਨ ਕੇ ਆਪਣੀ ਸ਼ਖਸੀਅਤ ਨੂੰ ਨਿਖਾਰਨਾ ਹੈ, ਸਗੋਂ ਕੱਪੜੇ ਪਹਿਨਦੇ ਸਮੇਂ ਜਰੂਰੀ ਹੈ ਕਿ ਅਸੀਂ ਕੱਪੜਿਆਂ ਦਾ ਅਕਾਰ ਅਤੇ ਰੰਗ ਆਪਣੇ ਸਰੀਰ ਅਨੁਸਾਰ ਚੁਣੀ੍ਏ। ਆਤਮ ਵਿਸ਼ਵਾਸ ਸਰਬਪੱਖੀ ਸਖਸ਼ੀਅਤ ਦਾ ਅਹਿਮ ਨੁਕਤਾ ਹੈ। ਇੱਕ ਵਿਅਕਤੀ ਦੀ ਵੱਖਰੀ ਪਛਾਣ ਉਸਦਾ ਆਤਮ ਵਿਸ਼ਵਾਸ ਹੀ ਤਾਂ ਹੈ। ਆਤਮ ਬਲ ਆਪਣੇ ਫਰਜ਼ਾਂ, ਜਿੰਮੇਵਾਰੀਆਂ ਅਤੇ ਜੀਵਨ ਮਨੋਰਥਾਂ ਲਈ ਲਗਾਤਾਰ ਕੰਮ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਆਤਮਿਕ ਬਲ ਦਾ ਸਿੱਧਾ ਸੰਬੰਧ ਸਾਡੀ ਹਿੰਮਤ ਨਾਲ ਹੈ। ਹਿੰਮਤ ਨੂੰ ਅਸੀਂ ਆਤਮ ਸ਼ਕਤੀ ਵੀ ਕਹਿੰਦੇ ਹਾਂ । ਕਿਸੇ ਵੀ ਵਿਅਕਤੀ ਦੀ ਜੀਵਨ ਸ਼ੈਲੀ ਜਿੰਨੀ ਸਰਲ, ਸਪੱਸ਼ਟ ਅਤੇ ਸੰਜਮਮਈ ਹੋਵੇਗੀ ਉਨੀ ਹੀ ਉਸਦੀ ਸ਼ਖਸੀਅਤ ਸਰਲ ਹੋਵੇਗੀ। ਇਸ ਲਈ ਸਾਨੂੰ ਸਰਬਪੱਖੀ ਸ਼ਖਸੀਅਤ ਦੀ ਘਾੜਤ ਘੜਦਿਆਂ ਆਪਣੇ ਜੀਵਨ ਵਿੱਚ ਸਰਲ, ਸਪੱਸ਼ਟ, ਸੰਜਮ ਅਤੇ ਸਾਦਗੀ ਨੂੰ ਧਾਰਨ ਕਰਨਾ ਚਾਹੀਦਾ ਹੈਂ । ਇਹਨਾਂ ਗੁਣਾ ਨਾਲ ਅਸੀਂ ਆਪਣੇ ਜੀਵਨ ਨੂੰ ਸਕਾਰਾਤਮਿਕ ਬਣਾ ਸਕਦੇ ਹਾਂ। ਜਿੰਨਾ ਨੇ ਆਪਣੇ ਜੀਵਨ ਦੀ ਸਕਾਰਤਮਿਕਤਾ ਨੂੰ ਸਮਝ ਲਿਆ, ਉਹ ਵਿਅਕਤੀ ਹੀ ਇਸ ਜੀਵਨ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵਿੱਚ ਸਫ਼ਲ ਹੁੰਦੇ ਹਨ। ਜਿਹੜੀ ਵੀ ਸ਼ਖਸੀਅਤ ਇਸ ਪੜਾਅ ਤੱਕ ਪਹੁੰਚ ਜਾਂਦੀ ਹੈ ਉਹ ਸਰਬਪੱਖੀ ਸ਼ਖਸੀਅਤ ਹੋ ਨਿਬੜਦੀ ਹੈ। ਅਜਿਹੀਆਂ ਸ਼ਖਸੀਅਤਾਂ ਮਾਨਵਤਾ ਦਾ ਸ਼ਿੰਗਾਰ ਹੁੰਦੀਆਂ ਹਨ। ਸੋ ਸਾਨੂੰ ਆਪਣੀ ਅਤੇ ਬੱਚਿਆਂ ਦੀ ਸ਼ਖਸੀਅਤ ਦੇ ਸਰਬਪੱਖੀ ਵਿਕਾਸ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

# ਜ਼ਰੂਰਤ ਹੈ ਸਮਾਜਿਕ ਇਨਕਲਾਬ ਦੀ...

ਇੱਕ ਸਾਫ਼ ਸੁਥਰੀ ਜਿੰਦਗੀ ਜਿਉਣ ਲਈ ਇੱਕ ਸਾਫ ਸੁਥਰੇ ਸਮਾਜ ਦਾ ਹੋਣਾ ਬਹੁਤ ਜਰੂਰੀ ਹੈ। ਵਿਦਵਾਨਾਂ ਅਨੁਸਾਰ ਜਿਸ ਸਮਾਜ ਵਿੱਚ ਲੋਕ ਇੱਕ ਸੁਰੱਖਿਅਤ ਅਤੇ ਅਰਾਮਦਾਇਕ ਜਿੰਦਗੀ ਜਿਊਦੇਂ ਹਨ, ਇੱਕ ਵਧੀਆ ਸਮਾਜ ਅਖਵਾਉਣ ਦਾ ਹੱਕਦਾਰ ਹੈ।ਪਰ ਇੱਥੇ ਗੱਲ ਇਹ ਸੋਚਣ ਵਾਲੀ ਹੈ ਕਿ, ਸਮਾਜ ਦੀ ਸਿਰਜਣਾ ਕਰਦਾ ਕੋਣ ਹੈ? ਜਿਸ ਦਾ ਬਹੁਤ ਹੀ ਸਿੱਧਾ ਅਤੇ ਆਮ ਜਿਹਾ ਜਵਾਬ ਹੈ ਕਿ ਹਰ ਵਰਗ ਦਾ ਇਨਸਾਨ ਮਿਲ ਕੇ ਸਮਾਜ ਬਣਾਉਂਦਾ ਹੈ। ਹਰ ਵਿਅਕਤੀ, ਮਰਦ, ਔਰਤ, ਬੱਚੇ, ਬੁੱਢੇ ਸਮਾਜ ਦੀ ਸਿ-ਰਜਣਾ ਵਿੱਚ ਸ਼ਮੂਲੀਅਤ ਹੈ। ਇਸ ਤੋਂ ਇਲਾਵਾ ਸਮਾਜ ਨੂੰ ਸੁਵਿਧਾਵਾਂ ਪ੍ਦਾਨ ਕਰਨ ਲਈ, ਮਸਲਿਆਂ ਦਾ ਨਿਪਟਾਰਾ ਕਰਨ ਲਈ ਸਾਡੀ ਸੁਰੱਖਿਆ ਲਈ ਸਾਡੇ ਕੋਲ ਨਿਆਪਾਲਿਕਾ ਹੈ, ਸਰਕਾਰ ਹੈ। ਪਰ ਜੇਕਰ ਮੋਜੂਦਾ ਸਮੇ ਦੇ ਹਾਲਾਤਾਂ ਵੱਲ ਗੌਰ ਫੁਰਮਾਇਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਸਾਡਾ ਵਰਤਮਾਨ ਸਮਾਜ ਕੋਈ ਬਹੁਤਾ ਸੁਖਾਵਾਂ ਸਮਾਜ ਨਹੀਂ ਹੈ। ਇੱਕ ਖਾਸ ਵਰਗ ਨੂੰ ਛੱਡ ਕੇ ਬਾਕੀ ਸਾਰੇ ਦੁਖਾਂ ਤਕਲੀਫ਼ਾਂ ਵਾਲੀ ਜਿੰਦਗੀ ਜੀਅ ਰਹੇ ਹਨ। ਭਾਰਤ ਇੱਕ ਲੋਕਤੰਤਰੀ ਦੇਸ਼ ਹੈ। ਇੱਥੇ ਲੋਕਾਂ ਨੂੰ ਸੰਵਿਧਾਨਕ ਤੌਰ ਤੇ ਸਰਕਾਰ ਚੁਨਣ ਦਾ ਅਧਿਕਾਰ ਪ੍ਰਾਪਤ ਹੈ। ਲੋਕਾਂ ਕੋਲ ਇਹ ਵੀ ਹੱਕ ਹੈ ਕਿ ਜੇਕਰ ਸਰਕਾਰਾਂ ਉਹਨਾਂ ਦੀਆਂ ਉਮੀਦਾਂ ਉੱਪਰ ਖਰੀਆਂ ਨਹੀ ਉੱਤਰਦੀਆਂ ਤਾਂ ਜਨਤਾ ਸਰਕਾਰਾਂ ਦਾ ਬਾਈਕਾਟ ਵੀ ਕਰ ਸਕਦੀਆਂ ਹਨ। ਭਾਵੇਂ ਅਜ਼ਾਦੀ ਤੋਂ ਲੈਕੇ ਅੱਜ ਤੱਕ ਭਾਰਤ ਨੇ ਕਾਫ਼ੀ ਤਰੱਕੀ ਕਰ ਲਈ ਹੈ, ਪਰ ਮੈਨੂੰ ਯਕੀਨ ਹੈ ਕਿ ਅੱਜ ਵੀ ਭਾਰਤ ਦੀ ਜਨਸੰਖਿਆ ਦਾ ਤੀਸਰਾ ਹਿੱਸਾ ਭੁੱਖਮਰੀ, ਗਰੀਬੀ, ਬਿਮਾਰੀ, ਔਰਤਾਂ ਅੱਤਿਆਚਾਰ, ਸਮਾਜਿਕ ਵਿਤਕਰੇ, ਸਰੀਰਕ ਸ਼ੋਸ਼ਣ, ਆਦਿ ਅਲਾਮਤਾਂ ਨਾਲ ਜੂਝ ਰਿਹਾ ਹੈ। ਸਾਨੂੰ ਸਭ ਨੂੰ ਯਾਦ ਹੋਵੇਗਾ ਕਿ ਜਦੋਂ ਸੂਰਬੀਰ ਯੋਧੇ ਸਰਦਾਰ ਭਗਤ ਸਿੰਘ ਜੀ ਨੇ ਦੇਸ਼ ਨੂੰ ਅਜ਼ਾਦ ਕਰਵਾਇਆ ਸੀ ਤਾਂ ਉਹਨਾਂ ਨੇ ਇਨਕਲਾਬ ਜ਼ਿੰਦਾਬਾਦ ਦੀ ਨਾਅਰਾ ਬੁਲੰਦ ਕੀਤਾ ਸੀ। ਉਹਨਾਂ ਜਰੂਰ ਇਸ ਆਸ ਤੇ ਇਸ ਨਾਅਰੇ ਨੂੰ ਬੁਲੰਦ ਕੀਤਾ ਹੋਵ-ੇਗਾ ਕਿ ਆਉਣ ਵਾਲੀਆਂ ਪੀੜੀਆਂ ਇਸੇ ਤਰ੍ਹਾਂ ਇਸ ਨਾਅਰੇ ਦੀ ਅਵਾਜ਼ ਨੂੰ ਅਸਮਾਨਾਂ ਤੱਕ ਗੂੰਜਦੀ ਰੱਖੇਗੀ। ਪਰ ਹੋਇਆ ਸਭ ਉਹਨਾਂ ਦੀਆਂ ਆਸਾਂ ਦੇ ਉੱਲਟ ਹੈ। ਅੱਜ ਸਾਡੇ ਸਮਾਜ ਦਾ ਉਹ ਵਰਗ ਜਿਸ ਦੇ ਮੋਢਿਆਂ ਤੇ ਅਸੀਂ ਆਪਣੀ ਸੁਰੱਖਿਆ ਦੀ ਜ਼ਿੰਮੇਵਾਰੀ ਪਾਈ ਹੈ , ਉਹ ਖੁਦ ਸਾਡੇ ਉੱਤੇ ਮਾਰੂ ਨੀਤੀਆਂ ਨਾਲ ਹਮਲਾ ਕਰ ਰਿਹਾ ਹੈ। ਅਸੀਂ ਲੋਕ ਟੈਲੀਵਿਜ਼ਨ ਦੀਆਂ ਖਬਰਾਂ ਵਿੱਚ ਦਿਖਾਏ ਜਾਂਦੇ ਕੁਝ ਗਿਣਵੇਂ ਚੁਣਵੇਂ ਲੋਕਾਂ ਨੂੰ ਦੇਖ ਕੇ ਇਹ ਅੰਦਾਜ਼ਾ ਲਗਾ ਲੈਂਦੇ ਹਾਂ ਕਿ ਅਸੀਂ ਬਹੁਤ ਤਰੱਕੀ ਕਰ ਚੁੱਕੇ ਹਾਂ ਪਰ ਕੈਮਰਿਆਂ ਪਿੱਛੇ ਛੁਪੀ ਅਸਲੀਅਤ ਜੋ ਸਾਡੇ ਇਰਦ ਗਿਰਦ ਵਾਪਰਦੀ ਹੈ, ਉਸ ਵੱਲ ਸਾਡਾ ਧਿਆਨ ਹੀ ਨਹੀਂ ਜਾਂਦਾ। ਅੱਜ ਵੀ ਰਾਹ ਜਾਂਦੀ ਲੜਕੀ ਸਮਾਜ ਦੀਆਂ ਬੁਰੀਆਂ ਨਿਗਾਵਾਂ ਦੀ ਸ਼ਿਕਾਰ ਹੁੰਦੀ ਹੈ। ਅੱਜ ਵੀ ਘਰ ਵਿੱਚ ਰਹਿ ਰਹੀ ਔਰਤ ਮਰਦ ਦੇ ਅਤਿਆਚਾਰ ਦਾ ਸ਼ਿਕਾਰ ਹੋ ਰਹੀ ਹੈ। ਅੱਜ ਵੀ ਕਿਸਾਨ ਆਪਣੇ ਹੱਕਾਂ ਲਈ ਸੜਕਾਂ ਤੇ ਰੁਲਦਾ ਫਿਰਦਾ ਹੈ, ਤੇ ਅੱਜ ਵੀ ਬਹੁਤ ਸਾਰੇ ਬਾਲ ਨਿਆਣੇ ਕਿਤਾਬਾਂ ਤੋਂ ਦੂਰ ਬੈਠੇ ਹਨ।

ਅੱਜ ਵੀ ਜਿੰਨਾ ਹੱਥਾਂ ਵਿੱਚ ਕਾਪੀਆਂ ਕਿਤਾਬਾਂ ਹੋਣੀਆਂ ਚਾਹੀਦੀਆਂ ਹਨ, ਉਨ੍ਹਾਂ ਹੱਥਾਂ ਵਿੱਚ ਇੱਟਾਂ ਬਣਾਉਣ ਲਈ ਮਿੱਟੀ ਹੈ। ਮੈਨੂੰ ਅਕਸਰ ਮੇਰੇ ਪਾਠਕ ਕਹਿੰਦੇ ਹਨ ਕਿ ਕੀ ਤੁਹਾਨੂੰ ਸਮਾਜ ਵਿੱਚ ਅਛਾਈ ਨਜ਼ਰ ਨਹੀਂ ਆਉਂਦੀ? ਮੇਰਾ ਜਵਾਬ ਹੁੰਦਾ ਕਿ ਮੈਂ ਸੁਰਖੀਆਂ ਦੇ ਵਿੱਚ ਰਹਿਣ ਵਾਲਿਆਂ ਦੇ ਜੀਵਨ ਨੂੰ ਘੱਟ ਤੇ ਸੁਰਖੀਆਂ ਵਿੱਚ ਲਿਆਉਣ ਵਾਲਿਆਂ ਦੇ ਜੀਵਨ ਨੂੰ ਜਿਆਦਾ ਦੇਖਦੀ ਹਾਂ, ਇਸੇ ਲਈ ਸ਼ਾਇਦ ਸਮਾਜ ਦੀ ਅਸਲ ਤਸਵੀਰ ਨੂੰ ਬਿਆਨ ਕਰਨ ਦਾ ਹੀਲਾ ਕਰ ਲੈਂਦੀ ਹਾ।

ਹੁਣ ਸਵਾਲ ਇਹ ਨਿਕਲਦਾ ਹੈ ਕਿ ਇਸ ਦਾ ਹੱਲ ਕੀ ਹੋ ਸਕਦਾ ਹੈ? ਜੇਕਰ ਸਿੱਖ ਪਰੰਪਰਾ ਵੱਲ ਝਾਤ ਮਾਰੀਏ ਤਾਂ ਇਹ ਤੱਥ ਬੜੇ ਪ੍ਰਭਾਵਕਾਰੀ ਢੰਗ ਨਾਲ ਨਿੱਖਰ ਕੇ ਸਾਹਮਣੇ ਆਉਂਦੇ ਹਨ ਕਿ ਸਾਡੇ ਗੁਰੂਆਂ ਨੇ ਹਮੇਸ਼ਾ ਇੱਕ ਵਧੀਆ ਸਮਾਜ ਸਿਰਜਣ ਦਾ ਯਤਨ ਕੀਤਾ। ਆਪਣੇ ਹੱਕਾਂ ਲਈ ਅਵਾਜ਼ ਉਠਾਉਣ ਦਾ ਉਪਦੇਸ਼ ਪਹਿਲੀ ਪਾਤਸ਼ਾਹੀ ਨੇ ਹੀ ਸਾਡੀ ਝੋਲੀ ਵਿੱਚ ਪਾ ਦਿੱਤਾ। ਸਿੱਖ ਇਤਹਾਸ ਨੂੰ ਫੋਲ ਲਈਏ ਤਾਂ ਨਚੋੜ ਇਹ ਨਿਕਲਦਾ ਹੈ ਇਸ ਸਾਰੇ ਦਰਦੱਦ ਦਾ ਮਕਸਦ ਇੱਕ ਨਵੇਂ ਸਮਾਜ ਦੀ ਸਿਰਜਣਾ ਸੀ । ਸਾਰੀ ਸੋਚ ਦਾ ਕੇਂਦਰ ਸਮਾਜਿਕ ਬਦਲਾਵ ਸੀ। ਪਰ ਅੱਜ ਦੇ ਹਲਾਤਾਂ ਵੱਲ ਝਾਤ ਮਾਰੀਏ ਤਾਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ, ਆਪਣੇ ਹੱਕਾਂ ਲਈ ਇਨਕਲਾਬ ਦਾ ਨਾਅਰਾ ਬੁਲੰਦ ਕਰਨਾ ਸਮੇਂ ਦੀ ਮੁੱਖ ਲੋੜ ਹੈ। ਜਦੋਂ ਭਗਤ ਸਿੰਘ ਹੋਰਾਂ ਦੇਸ਼ ਨੂੰ ਅਜ਼ਾਦ ਕਰਵਾਇਆ ਸੀ ਤਾਂ ਉਹਨਾਂ ਦੀ ਸਭ ਤੋਂ ਵੱਡੀ ਤਾਕਤ ਇੱਕ ਤਾਂ ਆਪਸੀ ਏਕਤਾ ਸੀ ਅਤੇ ਦੂਸਰਾ ਉਹਨਾਂ ਵਿੱਚ ਆਪਣਾ ਕੋਈ ਵੀ ਨਿੱਜੀ ਸੁਆਰਥ ਨਹੀਂ ਸੀ। ਉਹਨਾਂ ਜੋ ਵੀ ਕੀਤਾ ਦੇਸ਼ ਭਗਤੀ ਦੀ ਆੜ ਵਿੱਚ ਕੀਤਾ।

ਅੱਜ ਵੀ ਸਮਾਜ ਦੀ ਨੁਹਾਰ ਬਦਲਣ ਲਈ ਆਪਸੀ ਏਕਤਾ ਅਤੇ ਨਿਰਸੁਆਰਥ ਹੋਣ ਦੀ ਜਰੂਰਤ ਹੈ। ਅਸੀਂ ਆਮ ਨਹੀਂ ਦੇਖਦੇ ਹਾਂ ਕਿ ਜੇਕਰ ਕੋਈ ਇੱਕ ਸਮਾਜ ਭਲਾਈ ਦੇ ਕੰਮਾਂ ਲਈ ਉੱਠਦਾ ਹੈਂ ਤਾਂ ਅਸੀਂ ਸਾਰੇ ਰਲ ਮਿਲ ਕੇ ਇਹ ਸੋਚਣ ਲੱਗਦੇ ਹਾਂ ਕਿ ਇਸਨੂੰ ਪਿੱਛੇ ਵੱਲ ਨੂੰ ਕਿਵੇਂ ਧਕੇਲਿਆ ਜਾਵੇ ਜਾਂ ਕਿਸੇ ਤਰ੍ਹਾਂ ਦੀ ਤੋਹਮਤ ਕਿਵੇਂ ਲਗਾਈ ਜਾਵੇ। ਮੈਨੂੰ ਲੱਗਦਾ ਜਿਸ ਸਮਾਜ ਇੱਕ ਦੂਸਰੇ ਨੂੰ ਅੱਗੇ ਵੱਧਣ ਲਈ ਪ੍ਤੋਸਾਹਿਤ ਕਰਨ ਦੀ ਬਜਾਇ ਪਿੱਛੇ ਖਿੱਚਿਆ ਜਾਂਦਾ ਹੈ ਅਜਿਹਾ ਸਮਾਜ ਇੱਕ ਚੰਗਾ ਸਮਾਜ ਅਖਵਾਉਣ ਦਾ ਹੱਕਦਾਰ ਨਹੀਂ ਹੈ। ਅੱਜ ਜਰੂਰਤ ਹੈ ਸਾਨੂੰ ਸਾਰਿਆਂ ਨੂੰ ਇੱਕਜੁਟ ਹੋਣ ਦੀ, ਜਰੂਰਤ ਹੈ ਆਪਣੀ ਆਵਾਜ਼ ਨੂੰ ਬੁਲੰਦ ਕਰਨ ਦੀ। ਜਰੂਰਤ ਹੈ ਭਗਤ ਸਿੰਘ ਵਾਂਗ ਇਨਕਲਾਬ ਦੇ ਨਾਅਰੇ ਨੂੰ ਬੁਲੰਦ ਕਰਨ ਦੀ, ਤਾਂ ਜੋ ਅਸੀਂ ਕੂਟਨੀਤਕ ਸਰਕਾਰਾਂ ਨਾਲ ਟਾਕਰਾ ਕਰ ਸਕੀਏ ਅਤੇ ਇੱਕ ਚੰਗਾ ਸਮਾਜ ਸਿਰਜ ਸਕੀਏ।

**- ਹਰਕੀਰਤ ਕੌਰ ਸਭਰਾ**

# ਕਿਰਸਾਨੀ ਸੰਘਰਸ਼ , ਵਿਰੋਧੀ ਬਿੱਲਾਂ ਨੂੰ ਵਾਪਿਸ ਕਰਾਉਣ ਦੇ ਨਾਲ , "ਪੰਜਾਬ" ਦੀ ਹੋਂਦ ਨੂੰ ਬਚਾਉਣਾ ਵੀ ਹੈ



ਜੀਗ ਸਿੰਘ
91-94170-95965

ਪੰਜਾਬੀ ਦੇ ਮਸ਼ਹੂਰ ਤੇ ਹਰਮਨ ਪਿਆਰੇ ਕਲਾਕਾਰ ਕਨਵਰ ਗਰੇਵਾਲ ਨੇ ਸ਼ੰਭੂ ਬਾਰਡਰ ਵਿਖੇ ਕਿਰਸਾਨਾਂ ਦੀ ਰੈਲੀ ਵਿੱਚ ਸ਼ਾਮਲ ਹੋ ਕੇ ਜਿਹੜਾ ਉਨ੍ਹਾਂ ਦੀਆਂ ਮੰਗਾਂ ਦੇ ਸਬੰਧ ਵਿੱਚ ਚੱਲ ਰਹੇ ਸੰਘਰਸ਼ ਦੀ ਤਰਜਮਾਨੀ ਕਰਦਾ ਗੀਤ ਗਾਇਆ ਹੈ।ਉਸ ਵਿੱਚ ਪੰਜਾਬ,ਵਿਸ਼ੇਸ਼ ਕਰਕੇ ਪੰਜਾਬੀਆਂ ਦੇ ਸੁਭਾਅ ਤੇ ਉਨ੍ਹਾਂ ਦੇ ਅਮੀਰ ਵਿਰਸੇ ਦਾ ਵੀ ਵਰਨਣ ਕੀਤਾ ਹੈ।ਉਨ੍ਹਾਂ ਨੇ ਕਿਰਸਾਨਾਂ ਦੇ ਅੰਦੋਲਨ ਵਿੱਚ ਜਿਹੜੀ ਏਕਤਾ ਸਿਰਫ ਕਿਸਾਨਾਂ ਤਕ ਹੀ ਸੀਮਤ ਨਾ ਹੋ ਕੇ ਸਮੁੱਚੇ ਪੰਜਾਬ ਦੇ ਹਰੇਕ ਵਰਗ ਦੀ ਏਕਤਾ ਬਣ ਚੁੱਕੀ ਹੈ ਤੋਂ ਜਜ਼ਬਾਤੀ ਹੋ ਕੇ ਗਾਏ ਗੀਤ ਵਿੱਚ ਕਿਹਾ ਹੈ ਕਿ :-

ਇਨ੍ਹਾਂ ਇਕੱਤੀਆਂ ਦੇ ਏਕੇ ਤੋਂ ਕਰੋੜ ਹੋਣਗੇ ,
ਤੇਰੀ ਧੌਣ ਦੇ ਜੋ ਮਣਕੇ ਮਰੋੜ ਹੋਣਗੇ
ਅੱਸੀ ਵਰ੍ਹੇ ਦੇ ਬਾਬਿਆਂ ਤੋਂ ਲੈ ਕੇ ਥਾਪੜਾ,
ਤੈਨੂੰ ਜੰਗ ਦਾ ਐਲਾਨ ਨੌਜਵਾਨ ਕਰੂਗਾ।
ਅਸੀਂ ਹੱਕ ਦੀ ਲੜਾਈ , ਹੱਕ ਨਾਲ ਲੜਾਂਗੇ ,
ਅਸੀਂ ਜਿੱਤਾਂਗੇ ਤੇ ਦੇਗ ਤੇਗ ਫਤਹਿ ਪੜ੍ਹਾਂਗੇ,
ਸਾਨੂੰ ਮਾਣ ਵਰਿਆਏ ਇਤਿਹਾਸ ਦੇ ਉੱਤੇ,
ਬਾਕੀ ਦੁੱਧ ਪਾਣੀ ਜੰਗ ਦਾ ਮੈਦਾਨ ਕਰੂਗਾ,
ਤੈਨੂੰ ਦਿੱਲੀਏ ਇਕੱਠ ਪਰੇਸ਼ਾਨ ਕਰੂਗਾ ,
ਪਰ ਫ਼ਸਲਾਂ ਦੇ ਫੈਸਲੇ ਕਿਸਾਨ ਕਰੂਗਾ ॥

ਪੰਜਾਬ ਦੇ ਕਿਰਸਾਨ ਪਿਛਲੇ ਲਗ ਭਗ ਇਕ ਮਹੀਨੇ ਤੋਂ ਕਦੇ ਪੰਜਾਬ ਬੰਦ ਕਰਕੇ ਜਾਂ ਫਿਰ ਸੜਕੀ ਆਵਾਜਾਈ ਤੇ ਰੇਲ ਰੌਕੋ ਆਦਿ ਵਰਗੇ ਅੰਦੋਲਨ ਚਲਾ ਕੇ ਭਾਰਤੀ ਜਨਤਾ ਪਾਰਟੀ ਨੂੰ ਮਜਬੂਰ ਕਰ ਰਹੇ ਹਨ ਕਿ ਉਸ ਵਲੋਂ ਧੱਕੇ ਨਾਲ ਪਾਸ ਕੀਤੇ ਤਿੰਨ ਕਿਰਸਾਨ ਵਿਰੋਧੀ ਬਿੱਲ ਵਾਪਿਸ ਲਏ ਜਾਣ। ਕਿਰਸਾਨਾਂ ਦੀ ਇਸ ਜੱਦੋ-ਜਹਿਦ ਵਿੱਚ ਪੰਜਾਬ ਦਾ ਹਰ ਵਰਗ ਚਾਹੇ ਉਹ ਮਜ਼ਦੂਰ, ਮੁਲਾਜ਼ਮ, ਪੰਜਾਬੀ ਕਲਾਕਾਰ, ਵਿਦਿਆਰਥੀ ,ਦੁਕਾਨਦਾਰ ਆੜ੍ਹਤੀ, ਪੱਲੇਦਾਰ, ਟਰਾਂਸਪੋਰਟਰ ਜਾਂ ਕੋਈ ਵੀ ਪੰਜਾਬ ਦਾ ਹੋਰ ਵਰਗ ਹੈ ਸਾਰੇ ਕਿਸਾਨਾਂ ਦੀ ਇਸ ਲੜਾਈ ਨੂੰ ਆਪਣੀ ਤੇ ਆਪਣੇ "ਪੰਜਾਬ" ਦੀ ਜੱਦੋ-ਜਹਿਦ ਸਮਝ ਕੇ ਜਿੰਦਗੀ ਮੌਤ ਦੀ ਲੜਾਈ ਲੜਣ ਲਈ ਉਨ੍ਹਾਂ ਨਾਲ ਡੱਟ ਕੇ ਆਣ ਖੜੋਤਾ ਹੈ । ਇਸ ਸੰਘਰਸ਼ ਦੀ ਹੋਰ ਮਹੱਤਤਾ ਵਾਲੀ ਗੱਲ ਇਹ ਵੀ ਹੈ ਕਿ ਬਹੁਤ ਭਾਰੀ ਗਿਣਤੀ ਵਿੱਚ ਨੌਜਵਾਨ ਵੀ ਕਿਸਾਨਾਂ ਦੇ ਨਾਲ ਉਨ੍ਹਾਂ ਦੀ ਮਦਦ ਲਈ ਕੁੱਦ ਪਏ ਹਨ।ਜਿਸ ਨਾਲ ਕਿਸਾਨਾਂ ਦੇ ਸੰਘਰਸ਼ ਨੂੰ ਭਾਰੀ ਬੱਲ ਮਿਲਿਆ ਹੈ। ਭਾਜਪਾ ਆਗੂਆਂ ਦੇ ਪੰਜਾਬ ਵਿੱਚ ਥਾਂ ਥਾਂ ਤੇ ਘਿਰਾਓ ਕੀਤੇ ਜਾ ਰਹੇ ਹਨ ।ਇਸ ਪਾਰਟੀ ਦੀ ਭਾਈਵਾਲ ਪਾਰਟੀ ਅਕਾਲੀ ਦਲ ਬਾਦਲ ਆਪਣੀਆਂ ਨੀਤੀਆਂ ਕਾਰਨ ਪੰਜਾਬ ਵਿੱਚ ਹਾਸ਼ੀਏ ਤੇ ਪੁੱਜ ਗਈ ਹੈ ਤੇ ਪੰਜਾਬ ਵਿੱਚ ਭਾਜਪਾ ਦਾ ਗਰਾਫ ਹਾਲ ਦੀ ਘੜੀ ਲਗ ਭਗ ਜ਼ੀਰੋ ਉੱਤੇ ਆ ਗਿਆ ਹੈ। 2022 ਦੀਆਂ ਹੋਣ ਵਾਲੀਆਂ ਚੋਣਾਂ ਵਿੱਚ ਉਸ ਦਾ ਪੰਜਾਬ ਜਿੱਤਣ ਦਾ ਮਨਸੂਬਾ ਛਾਈਂ ਮਾਈਂ ਪ੍ਰਤੀਤ ਹੁੰਦਾ ਨਜ਼ਰ ਆ ਰਿਹਾ ਹੈ। ਕੇਂਦਰ ਦੀ ਸਰਕਾਰ ਕਿਰਸਾਨਾਂ ਦੀ ਇਸ ਯੋਜਨਾਬੱਧ ਲਾਮਬੰਦੀ ਤੋਂ ਇੰਨੀ ਹੱਫਲ ਗਈ ਹੈ ਕਿ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਕਿਸਾਨਾਂ ਦਾ ਇਹ ਅੰਦੋਲਨ ਵੀ ਖਤਮ ਕਰਨਾ ਚਾਹੁੰਦੀ ਹੈ। ਕਦੇ ਉਹ ਕਿਸੇ ਕੇਂ-ਦਰੀ ਅਧਿਕਾਰੀ ਵਲੋਂ ਕਿਸਾਨਾਂ ਦੀਆਂ ਜਥੇਬੰਦੀਆਂ ਨੂੰ ਬੁਲ-ਾਉਂਦੀ ਹੈ ਕਿ ਉਹ ਉਨ੍ਹਾਂ ਨਾਲ ਮੀਟਿੰਗ ਕਰਨ ਆਉਣ ਤਾਂ ਕਿ ਉਨ੍ਹਾਂ ਨੂੰ ਸਮਝਾਇਆ ਜਾਵੇ ਕਿ ਇਹ ਬਿੱਲ ਕਿਸਾਨ ਪੱਖੀ ਹਨ।ਪਰ ਕਿਸਾਨ ਜਥੇਬੰਦੀਆਂ ਨੇ ਉਨ੍ਹਾਂ ਦੀ ਮੀਟਿੰਗ ਨੂੰ ਮੂਲੋਂ ਰੱਦ ਕਰਕੇ ਇਹ ਕਿਹਾ ਸੀ ਕਿ ਉਨ੍ਹਾਂ ਨੇ ਬਿੱਲ ਦਾ ਇੱਕ ਇੱਕ ਅੱਖਰ ਪੜ੍ਹ ਲਿਆ ਹੈ ,ਉਨ੍ਹਾਂ ਨੂੰ ਹੋਰ ਸਮਝਾਉਣ ਦੀ ਜਰੂਰਤ ਨਹੀਂ । ਹੁਣ ਫਿਰ 14 ਅਕਤੂਬਰ ਨੂੰ ਕੇਂਦਰ ਸਰਕਾਰ ਨੇ ਕਿਰਸਾਨਾਂ ਨੂੰ ਗੱਲ ਬਾਤ ਦਾ ਸੱਦਾ ਭੇਜਿਆ ਸੀ।ਕਿਸਾਨਾਂ ਦੀਆਂ ਸ ਾ ਰ ੀ ਆ ਂ ਜਥੇਬੰਦੀਆਂ ਨੇ ਇਕ ਸੱਤ ਮੈਂਬਰੀ ਕਮੇਟੀ ਬਣਾਈ ਜੋ ਸਰਕਾਰ ਨਾਲ ਗਲ ਬਾਤ ਕਰਨ ਲਈ ਦਿਲੀ ਗਈ। ਇਕ ਪਾਸੇ ਕੇਂਦਰ ਦੀ ਸਰਕਾਰ ਕਿਸਾਨਾਂ ਨੂੰ ਗੱਲ ਬਾਤ ਲਈ ਸੱਦੇ ਦੇ ਰਹੀ ਹੈ। ਦੂਸਰੀ ਤਰਫ਼ ਭਾਰਤ ਦੇ ਪ੍ਰਧਾਨ ਮੰਤਰੀ ਇਹ ਕਹਿ ਰਹੇ ਹਨ ਕਿ ਇਹ ਬਿੱਲ ਕਿਸਾਨ ਪੱਖੀ ਹਨ ਉਹ ਇਨ੍ਹਾਂ ਬਿੱਲਾਂ ਨੂੰ ਵਾਪਿਸ ਨਹੀਂ ਲਵੇਗੀ। ਇਸ ਦਾ ਭਾਵ ਤਾਂ ਕਿਸਾਨਾਂ ਨੇ ਸਮਝ ਹੀ ਲਿਆ ਸੀ ਕਿ ਇਸ ਮੀਟਿੰਗ ਵਿੱਚੋਂ ਕੁਝ ਵੀ ਨਿਕਲਣ ਵਾਲਾ ਨਹੀਂ। ਪਰ ਇਸ ਸਭ ਕੁਝ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਸਰਕਾਰ ਨਾਲ ਇਸ ਕਰਕੇ ਗੱਲ ਬਾਤ ਕਰਨ ਲਈ ਦਿਲੀ ਗਈਆਂ ਤਾਂ ਕਿ ਸੰਸਾਰ ਵਿੱਚ ਕਿਸਾਨਾਂ ਬਾਰੇ ਇਹ ਵਿਚਾਰ ਨਾ ਜਾਵੇ ਕਿ ਕਿਰਸਾਨ ਗੱਲ ਬਾਤ ਤੋਂ ਭੱਜਦੇ ਹਨ। ਪਰ ਇਸ ਮੀ-ਟਿੰਗ ਵਿੱਚ ਜਿਸ ਤਰਾਂ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਦਿਲੀ ਬੁਲਾ ਕੇ ਜਲੀਲ ਕੀਤਾ ਹੈ ਉਸ ਤੋਂ ਕੇਂਦਰ ਦੀ ਫਿਰਕੂ ਨੀਤੀ ਬੜੀ ਸਪਸ਼ਟ ਹੋ ਗਈ ਹੈ ਕਿ ਇਸ ਸਰਕਾਰ ਦਾ ਖਾਸਾ ਕਿਸਾਨ ਵਿਰੋਧੀ ਹੋਣ ਦੇ ਨਾਲ ਪੰਜਾਬ ਤੇ ਸਿੱਖ ਵਿਰੋਧੀ ਵੀ ਹੈ। ਉਹ ਪੰਜਾਬੀਆਂ ਵਿਸ਼ੇਸ਼ ਕਰਕੇ ਘੱਟ ਗਿਣਤੀ ਸਿੱਖਾਂ ਨੂੰ ਵੀ ਮੁਸਲਮਾਨਾਂ ਦੀ ਤਰਾਂ ਸਬਕ ਸਿੱਖਾ ਕੇ ਆਪਣੀ ਹਿੰਦੂਤਵੀ ਈਨ ਮਨਵਾਉਣਾ ਚਾਹੁੰਦੀ ਹੈ। ਦੂਸਰੀ ਤਰਫ਼ ਸਰਕਾਰ ਵਲੋਂ ਕਿਸਾਨ ਸੰਘਰਸ਼ ਨੂੰ ਤਾਰ ਪੀਡੋ ਕਰਨ ਲਈ ਕਈ ਤਰਾਂ ਦੇ ਸ਼ੋਸ਼ੇ ਛੱਡੇ ਜਾ ਰਹੇ ਹਨ ਕਿ ਪੰਜਾਬ ਵਿੱਚ ਕੋਲਾ ਖਤਮ ਹੋ ਰਿਹਾ ਹੈ । ਜਿਸ ਕਾਰਨ ਥਰਮਲ ਪਲਾਂਟਾਂ ਵਿੱਚ ਬਿੱਜਲੀ ਦੀ ਸਪਲਾਈ ਪ੍ਰਭਾਵਤ ਹੋਣ ਦੇ ਨਾਲ ਪੰਜਾਬ ਵਿੱਚ ਘੁੱਪ ਹਨੇਰਾ ਹੋ ਜਾਵੇਗਾ, ਖਾਦਾਂ, ਬਾਰਦਾਨਾਂ ਰੇਲਾਂ ਦੇ ਬੰਦ ਹੋਣ ਕਾਰਨ ਬਾਹਰੋਂ ਨਹੀਂ ਆ ਰਿਹਾ। ਜਿਸ ਨਾਲ ਝੋਨਾ ਖਰੀਦਣ ਵਿੱਚ ਸਰਕਾਰ ਨੂੰ ਔਖ ਆਉਣ ਦੇ ਨਾਲ ਪੰਜਾਬ ਦੇ ਗੁਦਾਮਾਂ ਵਿੱਚ ਪਿਆ ਝੋਨਾ ਚੁੱਕਿਆ ਨਾ ਜਾ ਸਕਣ ਕਰਕੇ, ਨਵਾਂ ਖਰੀਦਿਆ ਜਾਣ ਵਾਲਾ ਝੋਨਾ ਗੁਦਾਮਾਂ ਵਿੱਚ ਨਹੀਂ ਰੱਖਿਆ ਜਾ ਸਕੇਗਾ ਵਗੈਰਾ ਵਗੈਰਾ ਤਾਂ ਕਿ ਕਿਸਾਨਾਂ ਦੇ ਸੰਘਰਸ਼ ਨੂੰ ਕਿਸੇ ਨਾ ਕਿਸੇ ਤਰਾਂ ਪ੍ਰਭਾਵਤ ਕੀਤਾ ਜਾ ਸਕੇ। ਕਿਸਾਨਾਂ ਵਲੋਂ ਕੀਤੀ ਜਾ ਰਹੀ ਮੰਗ 'ਦੇਰ ਆਏ ਦਰੁਸਤ ਆਏ' ਅਨੁਸਾਰ ਪੰਜਾਬ ਸਰਕਾਰ ਨੇ 19 ਅਕਤੂਬਰ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਇਨ੍ਹਾਂ ਕਿਸਾਨ ਬਿੱਲਾਂ ਦੇ ਸਬੰਧ ਵਿੱਚ ਬੁਲਾ ਲਿਆ ਹੈ। ਸਰਕਾਰ ਵਲੋਂ ਕਿਸਾਨ ਬਿੱਲਾਂ ਸਬੰਧੀ ਜੋ ਮੱਤੇ ਪਾਸ ਕਰਕੇ ਕੇਂਦਰ ਨੂੰ ਭੇਜਣੇ ਹਨ ।ਉਹ ਕਾਨੂੰਨੀ ਪੱਖ ਤੌਂ ਵਿਚਾਰੇ ਜਾ ਰਹੇ ਹਨ ਤਾਂ ਕਿ ਉਨ੍ਹਾਂ ਮੱਤਿਆਂ ਨੂੰ ਸਰਬ ਉੱਚ ਅਦਾਲਤ ਵਿੱਚ ਚਣੌਤੀ ਨਾ ਦਿੱਤੀ ਜਾ ਸਕੇ। ਇਧਰ ਦਿਲੀ ਤੋਂ ਖੱਫਾ ਹੋ ਕੇ ਪਰਤੀਆਂ ਕਿਸਾਨ ਜਥੇਬੰਦੀਆਂ ਨੇ 15 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਮੀਟਿੰਗ ਕਰਕੇ ਆਪਣੇ ਸੰਘਰਸ਼ ਨੂੰ ਹੋਰ ਤੇਜ ਕਰਨ ਦਾ ਫੈਸਲਾ ਲਿਆ ਹੈ। ਜਿਸ ਮੁਤਾਬਿਕ 17 ਅਕਤੂਬਰ ਨੂੰ ਸਾਰੇ ਪੰਜਾਬ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਿਰੁੱਧ ਮੁਜਾਹਰੇ ਕਰਕੇ ਉਸ ਦੇ ਪੁੱਤਲੇ ਸਾੜੇ ਜਾਣਗੇ, ਭਾਜਪਾ ਦੇ ਕਿਸੇ ਵੀ ਕੇਂਦਰੀ ਮੰਤਰੀ ਨੂੰ ਪੰਜਾਬ ਵਿੱਚ ਵੜਣ ਨਹੀਂ ਦਿੱਤਾ ਜਾਵੇਗਾ, ਨਾ ਹੀ ਭਾਜਪਾ ਨੂੰ ਕਿਸਾਨ ਬਿੱਲਾਂ ਬਾਰੇ ਮੀਟਿੰਗਾਂ ਕਰਨ ਦਿੱਤੀਆਂ ਜਾਣਗੀਆਂ, ਭਾਜਪਾ ਆਗੂਆਂ ਦੇ ਘਰਾਂ ਦਾ ਘਿਰਾਉ ਕੀਤਾ ਜਾਵੇਗਾ। ਕਿਸਾਨ ਜਥੇਬ-ੰਦੀਆ ਵਲੋਂ ਇਸ ਗੱਲ ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ ਕਿ ਨਵੰਬਰ ਮਹੀਨੇ ਵਿੱਚ ਇਕ ਦਿਨ ਲਈ ਭਾਰਤ ਬੰਦ ਦਾ ਸੱਦਾ ਵੀ ਦਿੱਤਾ ਜਾਵੇ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਜੋ ਬੜੀ ਹੁਸ਼ਿਆਰ ਤੇ ਚਲਾਕ ਹੈ।

ਉਸ ਨੂੰ ਲੋਕ ਪਹਿਲਾਂ ਤੋਂ ਹੀ ਭਲੀਭਾਂਤ ਜਾਣਦੇ ਹਨ ਕਿ ਕਿਵੇਂ ਇਸ ਪਾਰਟੀ ਨੇ 2014 ਵਿੱਚ ਬੜੇ ਸ਼ਾਤਰ ਤਰੀਕੇ ਨਾਲ ਦੇਸ਼ ਦੇ ਲੋਕਾਂ ਦੀਆਂ ਮੁਸ਼ਕਲਾਂ ਦੀ ਨੱਬਜ ਤੇ ਹੱਥ ਰੱਖ ਕੇ ਉਨ੍ਹਾਂ ਨੂੰ ਅਜਿਹਾ ਭਰਮਾਇਆ ਕਿ ਲੋਕਾਂ ਨੇ ਉਨ੍ਹਾਂ ਨੂੰ ਰਾਜ ਗੱਦੀ ਤੇ ਬਿੱਠਾ ਦਿੱਤਾ।ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਇਹ ਦੇਸ਼ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਦੇ ਮੁੱਦੇ ਨੂੰ ਮੂਲੋਂ ਭੁੱਲ ਕੇ ਦੇਸ਼ ਨੂੰ ਤਾਨਾਸ਼ਾਹੀ ਦੇ ਰਾਹ ਤੇ ਤੋਰਨ ਲਗ ਪਵੇਗੀ। ਪੂਰੇ ਪੰਜ ਸਾਲ ਲੋਕ ਵੇਖਦੇ ਰਹੇ ਕਿ ਮਹਿੰਗਾਈ , ਭ੍ਰਿਸ਼ਟਾਚਾਰ ,ਬੇਰੁਜਗਾਰੀ ਕਦੋਂ ਦੂਰ ਹੋਵੇਗੀ, ਕਦੋਂ ਹਰ ਸਾਲ ਦੋ ਕਰੋੜ੍ਹ ਨੌਜਵਾਨਾਂ ਨੂੰ ਰੁਜਗਾਰ ਮਿਲੇਗਾ, ਕਦੋਂ ਵਿਦੇਸ਼ਾਂ ਵਿੱਚ ਪਿਆ ਦੇਸ਼ ਦਾ ਕਾਲਾ ਧੰਨ ਦੇਸ਼ ਵਿੱਚ ਵਾਪਿਸ ਲਿਆਂਦਾ ਜਾਵੇਗਾ, ਕਦੋਂ ਕਿਰਸਾਨਾਂ ਦੀ ਆਮਦਨ ਦੁਗੱਣੀ ਹੋਣ ਦੇ ਨਾਲ ਉਨ੍ਹਾਂ ਦੀਆਂ ਖੁਦਕਸ਼ੀਆਂ ਰੁੱਕਣਗੀਆਂ ਅਤੇ ਕਦੋਂ ਸਵਾਮੀਨਾਥਨ ਰੀਪੋਰਟ ਕਿਰਸਾਨਾਂ ਤੇ ਲਾਗੂ ਕੀਤੀ ਜਾਵੇਗੀ।

ਪਰ ਸਰਕਾਰ ਵਲੋਂ ਇਨ੍ਹਾਂ ਮੰਗਾਂ ਤੋਂ ਪੂਰੀ ਤਰਾਂ ਅੱਖਾਂ ਮੀਟੀ ਰਖੀਆਂ ਤੇ ਇਕ ਵੀ ਕੰਮ ਲੋਕਾਂ ਦੇ ਹਿੱਤ ਵਿੱਚ ਨਾ ਕੀਤਾ। ਦੇਸ਼ ਦੇ ਭੋਲੇ ਭਾਲੇ ਬਹੁਤੇ ਲੋਕਾਂ ਨੂੰ ਇਸ ਪਾਰਟੀ ਦੇ ਖਾਸੇ ਦਾ ਹੀ ਪਤਾ ਨਹੀਂ ਸੀ ਕਿ ਇਹ ਪਾਰਟੀ ਆਮ ਲੋਕਾਂ ਦੀ ਤਰਜਮਾਨੀ ਕਰਨ ਵਾਲੀ ਹੈ ਜਾਂ ਕਿ ਵੱਡੇ ਵਿਉਪਾਰੀਆਂ, ਅਜਾਰੇਦਾਰਾਂ ਦੀ ਪਾਰਟੀ ਹੈ? ਇਸੇ ਕਰਕੇ ਇਸ ਪਾਰਟੀ ਨੇ ਆਮ ਲੋਕਾਂ ਦੇ ਕੰਮਾਂ ਨੂੰ ਕਰਨ ਦੀ ਥਾਂ ਤੇ ਵੱਡੇ ਅਜਾਰੇਦਾਰਾਂ ਦੇ ਹੀ ਕੰਮ ਕੀਤੇ। ਜਿਸ ਤਹਿਤ ਨੋਟ ਬੰਦੀ ਕੀਤੀ ਗਈ ਤੇ ਜੇ ਐਸ ਟੀ ਵਰਗੇ ਲੋਕ ਵਿਰੋਧੀ ਕਾਨੂੰਨ ਲਿਆਂਦੇ ਗਏ। ਵੱਡੇ ਅਜਾਰੇਦਾਰਾਂ ਦਾ ਕਾਲਾ ਧੰਨ ਚਿੱਟੇ ਵਿੱਚ ਤਬਦੀਲ ਹੋਣ ਦੇ ਨਾਲ ਆਮ ਲੋਕਾਂ ਨੂੰ ਟੈਕਸਾਂ ਦੇ ਭਾਰ ਹੇਠ ਦੱਬ ਦਿੱਤਾ। ਜਦੋਂ ਕਿ ਧਨਾਢ ਲੋਕਾਂ ਦੇ ਘਰ ਬੈਠੇ ਨੋਟ ਬਦਲੇ ਵੀ ਗਏ ਤੇ 'ਕਾਲਾ ਧੰਨ' ਵੀ ਚਿੱਟਾ ਹੋ ਗਿਆ। ਅੰਬਾਨੀਆਂ, ਅਡਾਨੀਆਂ ,ਨੀਰਵ ਮੋਦੀਆਂ, ਮਹਿਲ ਚੌਕਸੀਆਂ ਆਦਿ ਕਈ ਹੋਰ ਵੱਡੇ ਵੱਡੇ ਅਜਾਰੇਦਾਰਾਂ ਜਿਨਾਂ ਨੇ ਬੈਂਕਾਂ ਕੋਲੋਂ ਕਈ ਲੱਖਾਂ ਕਰੋੜ੍ਹ ਰੁਪਏ ਦੇ ਕਰਜੇ ਲਏ ਸਨ। ਉਹਨਾਂ ਦੇ ਕਰਜਿਆਂ ਤੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਬੈਂਕਾਂ ਦੇ ਅਧਿਕਾਰੀਆਂ ਕੋਲੋਂ ਲਕੀਰ ਮਰਵਾ ਦਿੱਤੀ ਤੇ ਵਿਚਾਰੇ ਗਰੀਬ ਕਿਸਾਨ ਜਿਨਾਂ ਨਾਲ ਸਰਕਾਰ ਨੇ ਕਰਜੇ ਮੁਆਫ ਕਰਨ ਦਾ ਵਾਅਦਾ ਕੀਤਾ ਸੀ , ਉਹ ਮੂੰਹ ਟੱਡ ਕੇ ਵੇਖਦੇ ਰਹੇ। ਇਸ ਸਰਕਾਰ ਨੇ ਇਕ ਨਵਾਂ ਸ਼ੋਸ਼ਾ ਛੱਡ ਦਿੱਤਾ ਕਿ ਦੇਸ਼ ਵਿੱਚ ਇਕ ਸੰਵਿਧਾਨ ਇਕ ਬੋਲੀ, ਇਕ ਧਰਮ, ਇਕ ਪਹਿਰਾਵਾ ਕੀਤਾ ਜਾਵੇਗਾ, ਦਾ ਪ੍ਰਚਾਰ ਕਰ ਕੇ ਆਮ ਲੋਕਾਂ ਨੂੰ ਮੂਰਖ ਬਣਾਈ ਰੱਖਿਆ ਤਾਂ ਕਿ ਦੇਸ਼ ਦੇ ਲੋਕ ਪੰਜ ਸਾਲ ਬਾਅਦ ਹੋਣ ਵਾਲੀਆਂ ਚੋਣਾਂ ਦੌਰਾਨ ਕਿਧਰੇ ਭਾਜਪਾ ਸਰਕਾਰ ਕੋਲੋਂ ਮਹਿੰਗਾਈ, ਬੇਰੁਜਗਾਰ, ਭ੍ਰਿਸ਼ਟਾਚਾਰ ਆਦਿ ਮਸੱਲਿਆਂ ਦਾ ਕੀ ਬਣਿਆ ਹੈ, ਸਬੰਧੀ ਪੁੱਛ ਨਾ ਲੈਣ।ਉਨ੍ਹਾਂ ਦਾ ਸਾਰਾ ਧਿਆਨ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ, ਜੰਮੂ ਕਸਮੀਰ ਵਿੱਚ ਧਾਰਾ 370 ਤੇ ਧਾਰਾ 35 ਏ ਖਤਮ ਕਰਨ, ਬਾਬਰੀ ਮਸਜਿਦ ਵਾਲੀ ਥਾਂ ਤੇ ਰਾਮ ਮੰਦਰ ਬਣਾਉਣ ਦੇ ਵਲ ਲਗਾਈ ਰੱਖਿਆ। ਭਾਜਪਾ ਨੇਤਾਵਾਂ ਨੂੰ 2019 ਵਿੱਚ ਆ ਰਹੀਆਂ ਲੋਕ ਸਭਾ ਚੋਣਾਂ ਦਾ ਡਰ ਸਤਾ ਰਿਹਾ ਸੀ ਕਿ ਜੇ ਕਰ ਵੋਟਾਂ ਬੈਲਟ ਪੇਪਰਾਂ ਨਾਲ ਕਰਾਈਆਂ ਗਈਆਂ ਤਾਂ ਉਨ੍ਹਾਂ ਨੂੰ ਨਿਸਚਿਤ ਹੀ ਹਾਰ ਦਾ ਮੂੰਹ ਵੇਖਣਾ ਪਵੇਗਾ। ਲੋਕਾਂ ਵਿੱਚ ਇਸ ਗੱਲ ਦੀ ਆਮ ਚਰਚਾ ਹੈ ਕਿ ਸਰਕਾਰ ਨੇ ਉਹ ਚੋਣਾਂ ਗਿੱਣੀ ਮਿੱਥੀ ਯੋਜਨਾ ਤਹਿਤ ਈ ਵੀ ਐਮ ਰਾਹੀਂ ਕਰਾਈਆਂ, ਕਿਉਂ ਕਿ ਭਾਜਪਾ ਜਾਣਦੀ ਸੀ ਕਿ ਈ ਵੀ ਐਮ ਨਾਲ ਛੇੜ੍ਹ ਛਾੜ੍ਹ ਕਰਕੇ ਅਸਾਨੀ ਨਾਲ ਚੋਣ ਜਿੱਤੀ ਜਾ ਸਕਦੀ ਹੈ। ਇਸ ਮਨਸੂਬੇ ਵਿੱਚ ਸਫਲ ਹੋਣ ਲਈ ਸਰਕਾਰ ਨੇ ਚੋਣ ਕਮਿਸ਼ਨ, ਨਿਆਂ ਪਾਲਕਾ, ਸਪੀਕਰ ਸਮੇਤ ਦੇਸ਼ ਦੇ ਰਾਸ਼ਟਰਪਤੀ ਸਭ ਨਾਲ ਇਕੋ ਰਾਏ ਬਣਾ ਲਈ ਸੀ ਤਾਂ ਕਿ ਰਾਜ ਕਰ ਰਹੀ ਪਾਰਟੀ ਨੂੰ ਈ ਵੀ ਐਮ ਰਾਹੀਂ ਵੋਟਾਂ ਕਰਾ ਕੇ ਜਿੱਤਾਇਆ ਜਾ ਸਕੇ। ਦੇਸ਼ ਦੀਆਂ ਸਾਰੀਆਂ ਰਾਜਨੀਤਕ ਵਿਰੋਧੀ ਪਾਰਟੀਆਂ ਨੇ ਬੜਾ ਰੋਲਾ ਪਾਇਆ ਕਿ ਚੋਣਾਂ ਈ ਵੀ ਐਮ ਦੀ ਥਾਂ ਤੇ ਬੈਲਟ ਪੇਪਰਾਂ ਰਾਹੀਂ ਕਰਾਈਆਂ ਜਾਣ ਕਿਉਂਕਿ ਇਹ ਸਿਸਟਮ ਸਾਰੇ ਸੰਸਾਰ ਵਿੱਚ ਫੇਲ੍ਹ ਹੋ ਚੁੱਕਾ ਹੈ। ਇਸ ਲਈ 'ਮਤ ਦਾਨ' ਰਾਹੀਂ ਵੋਟਾਂ ਪੁਆਈਆਂ ਜਾਣ। ਪਰ ਦੇਸ਼ ਦੀਆਂ ਤਿੰਨੇ ਪ੍ਰਣਾਲੀਆਂ ਵਿੱਚੋਂ ਕਿਸੇ ਇਕ ਵੀ ਪ੍ਰਣਾਲੀ ਨੇ ਵਿਰੋਧੀ ਪਾਰਟੀਆਂ ਦੀ ਇਕ ਨਾ ਸੁਣੀ। ਫਿਰ ਹੋਣਾ ਕੀ ਸੀ ਕਿ ਦੇਸ਼ ਵਿੱਚ ਤਾਨਾਸ਼ਾਹੀ ਢੰਗ ਨਾਲ ਈ ਵੀ ਐਮ ਰਾਹੀਂ ਚੋਣਾਂ ਕਰਾਈਆਂ ਗਈਆਂ ਤੇ ਇਹ ਸ਼ਾਤਰ ਭਾਰਤੀ ਜਨਤਾ ਪਾਰਟੀ ਤਿੰਨ ਸੋ ਤੋਂ ਵਧੇਰੇ ਸੀਟਾਂ ਲੋਕ ਸਭਾ ਵਿੱਚ ਜਿੱਤ ਕੇ ਲੈ ਗਈ। ਹੁਣ ਇਨ੍ਹਾਂ ਨੂੰ ਪੁੱਛਣ ਗਿੱਛਣ ਵਾਲਾ ਕੋਈ ਨਹੀਂ ਸੀ। ਸਭ ਤੋਂ ਪਹਿਲਾਂ ਦੇਸ਼ ਦੀ ਘੱਟ ਗਿਣਤੀ ਮੁਸਲਮਾਨਾਂ ਦੇ ਅਧਿਕਾਰਾਂ ਤੇ ਵੱਡਾ ਡਾਕਾ ਐਨ ਆਰ ਸੀ ਆਦਿ ਦੇ ਕਾਲੇ ਕਾਨੂੰਨਾਂ ਰਾਹੀਂ ਮਾਰਿਆ ਗਿਆ।ਜਦੋ ਮੁਸਲਮਾਨ ਵਰਗ ਦੇ ਨਾਲ ਹੋਰ ਘੱਟ ਗਿਣਤੀਆਂ ਤੇ ਜਮਹੂਰੀਅੱਤ ਪਸੰਦ ਲੋਕਾਂ ਨੇ ਇਕੱਠੇ ਹੋ ਕੇ ਜਹੀਨ ਬਾਗ ਦਿਲੀ ਵਿਖੇ ਇਨ੍ਹਾਂ ਕਾਲੇ ਕਾਨੂੰਨਾਂ ਵਿਰੁੱਧ ਧਰਨਾ ਲਗਾਇਆ ਹੋਇਆ ਸੀ।ਜੇ ਇਹ ਕਹਿ ਲਿਆ ਜਾਵੇ ਕਿ ਸਾਰੇ ਦੇਸ਼ ਵਿੱਚ ਥਾਂ ਥਾਂ ਤੇ ਧਰਨੇ ਲਗੇ ਹੋਣ ਕਾਰਨ ਜਹੀਨ ਬਾਗ ਬਣ ਗਏ ਸਨ ਤਾਂ ਸਰਕਾਰ ਨੇ ਕੋਵਿਡ 19 ਦੀ ਆੜ੍ਹ ਲੈ ਕੇ ਬੜੇ ਸ਼ਾਤਰ ਢੰਗ ਨਾਲ ਦੇਸ਼ ਵਿਆਪੀ ਧਰਨੇ ਚੁੱਕਵਾਏ। ਇਸੇ ਬਿਮਾਰੀ ਦੀ ਆੜ੍ਹ ਵਿੱਚ ਜਦੋਂ ਲੋਕ ਘਰਾਂ ਅੰਦਰ ਤਾੜ੍ਹੇ ਹੋਏ ਸਨ ਅਤੇ ਉਹ ਸਰਕਾਰ ਦਾ ਕਿਸੇ ਪ੍ਰਕਾਰ ਦਾ ਵੀ ਵਿਰੋਧ ਨਹੀਂ ਸਨ ਕਰ ਸਕਦੇ ਤਾਂ ਉਸ ਵੇਲੇ ਜੰਮੂ ਕਸ਼ਮੀਰ ਵਿਖੇ ਕਰਫਿਊ ਲਗਾ ਕੇ, ਮਿਲਟਰੀ, ਪੁਲੀਸ ਤੇ ਹੋਰ ਅਰਧ ਬੱਲ ਸੈਨਿਕਾਂ ਦੇ ਅਨੇਕਾਂ ਵਿਸ਼ੇਸ਼ ਦਸਤਿਆਂ ਦੀ ਮਦਦ ਨਾਲ ਲੋਕਾਂ ਵਿੱਚ ਇੰਨੀ ਦਹਿਸ਼ਤ ਪੈਦਾ ਕਰ ਦਿੱਤੀ ਤੇ ਉਨ੍ਹਾਂ ਤੇ ਸਿੱਖਰਾਂ ਦਾ ਜਬਰ ਢਾਹ ਕੇ ਜਿਥੇ ਜੰਮੂ ਕਸਮੀਰ ਦੀ ਧਾਰਾ 370, 35 ਏ ਧਾਰਾ ਨੂੰ ਖਤਮ ਕੀਤਾ। ਉੱਤੇ ਨਾਲ ਹੀ ਜੰਮੂ ਕਸ਼ਮੀਰ ਪ੍ਰਾਂਤ ਦਾ ਨਾਂ ਦੇਸ਼ ਦੇ ਨਕਸ਼ੇ ਤੋਂ ਮੂਲੋਂ ਹੀ ਖਤਮ ਕਰਕੇ ਉਸ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ। ਉਸ ਦੇ ਇਕ ਹਿੱਸੇ ਨੂੰ ਕੇਂਦਰੀ ਸ਼ਾਸ਼ਤ ਪ੍ਰਦੇਸ਼ ਬਣਾ ਦਿੱਤਾ ਤੇ ਦੂਜੇ ਕੁਝ ਹਿੱਸੇ ਨੂੰ ਲਦਾਖ ਨਾਲ ਮਿਲਾ ਦਿੱਤਾ।ਇਸ ਤਰਾਂ ਮੁਸਲਿਮ ਘੱਟ ਗਿਣਤੀਆਂ ਨੂੰ ਡੰਡੇ ਦੇ ਜੋਰ ਨਾਲ ਦਬਾਉਣ ਤੋਂ ਬਾਅਦ ਹੁਣ ਪੰਜਾਬ ਵਿੱਚ ਬਹੁ ਗਿਣਤੀ ਵਿੱਚ ਰਹਿੰਦੇ ਸਿੱਖ, ਜਿਹੜੇ ਘੱਟ ਗਿਣਤੀਆਂ ਵਿੱਚ ਵੀ ਹਨ ਜਿਨਾਂ ਦਾ ਖੇਤੀਬਾੜ੍ਹੀ ਮੁੱਖਉਧੰਦੇ "ਦੇ ਨਾਲ ਉਨ੍ਹਾਂ ਦੀ ਉਵਿਰਾਸਤ" ਵੀ ਹੈ ।ਉਨ੍ਹਾਂ ਨੂੰ 'ਕਿਰਸਾਨਾਂ' ਤੋਂ 'ਮੁਜਾਰੇ' ਬਣਾਉਣ ਦੀ ਡੂੰਘੀ ਚਾਲ ਨਾਲ ਤਿੰਨ ਕਿਸਾਨ ਵਿਰੋਧੀ ਬਿੱਲ ਲੋਕ ਸਭਾ ਵਿੱਚ ਪਾਸ ਕੀਤੇ ਗਏ ਤਾਂ ਕਿ ਘੱਟ ਗਿੱਣਤੀ ਸਿੱਖਾਂ ਤੇ ਪੰਜਾਬੀਆਂ ਨੂੰ ਵੀ ਮੁਸਲਮਾਨਾਂ ਵਾਂਗੂ ਦਬਾਇਆ ਜਾ ਸਕੇ।ਪਰ ਭਾਜਪਾ ਨੂੰ ਇਸ ਦੀ ਕਿਆਸ ਅਰਾਈਂ ਵੀ ਨਹੀਂ ਸੀ ਕਿ ਪੰਜਾਬ ਦੇ ਕਿਸਾਨ ਸਰਕਾਰ ਦਾ ਇੰਨਾ ਵਿਰੋਧ ਕਰ ਦੇਣਗੇ।ਪਿਛਲੇ ਕਾਫੀ ਸਮੇਂ ਤੋਂ ਕਿਸਾਨਾਂ ਦੀਆਂ ਸਾਰੀਆਂ ਜਥੇਬੰਦੀਆਂ ਜਿਨਾਂ ਨੂੰ ਪੰਜਾਬ ਦੇ ਹਰ ਵਰਗ ਵਲੋਂ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ। ਇਕ ਤਰਾਂ ਦਾ ਪੰਜਾਬ ਬੰਦ ਕਰਕੇ ਭਾਜਪਾ ਦੇ ਨੱਕ ਵਿੱਚ ਦਮ ਕਰ ਰੱਖਿਆ ਹੈ। ਉਸ ਦੀ ਹਾਲੇ ਵੀ ਸਾਜਿਸ਼ ਹੈ ਕਿ ਕਿ ਸ ਾ ਨ ਜਥੇਬੰਦੀਆਂ ਦੇ ਏਕੇ ਨੂੰ ਕਿਸੇ ਨਾ ਕਿਸੇ ਤਰਾਂ ਤੋੜ੍ਹ ਕੇ ਕੰਮਜੋਰ ਕੀਤਾ ਜਾਵੇ।ਇਸੇ ਯੋਜਨਾ ਅਧੀਨ ਕਿਸਾਨ ਜਥੇਬੰਦੀਆਂ ਨੂੰ 14 ਅਕਤੂਬਰ ਨੂੰ ਗੱਲ ਬਾਤ ਲਈ ਦਿੱਲ਼ੀ ਬੁਲਾਇਆ । ਇਕ ਪਾਸੇ ਕਿਸਾਨਾਂ ਨੂੰ ਗੱਲ ਬਾਤ ਲਈ ਦਿੱਲ਼ੀ ਬੁਲਾਇਆ ਜਾ ਰਿਹਾ ਸੀ ਦੂਸਰੇ ਪਾਸੇ ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰ ਬਾਰ ਇਹ ਕਹਿ ਰਹੇ ਸਨ ਕਿ ਇਹ ਬਿੱਲ ਕਿਸਾਨਾਂ ਪੱਖੀ ਹਨ ਉਹ ਕਿਸੇ ਤਰਾਂ ਵੀ ਇਨ੍ਹਾਂ ਬਿੱਲਾਂ ਨੂੰ ਵਾਪਿਸ ਨਹੀਂ ਲੈਣਗੇ।ਇਸ ਤੋਂ ਇਕ ਤਰਾਂ ਸਪਸ਼ਟ ਹੀ ਹੋ ਗਿਆ ਸੀ ਕਿ ਦਿਲੀ ਵਿਖੇ ਹੋਣ ਵਾਲੀ ਮੀਟਿੰਗ ਵਿੱਚੋਂ ਕੁਝ ਵੀ ਨਿਕਲਣ ਵਾਲਾ ਨਹੀਂ। ਪਰ ਕਿਸਾਨ ਜਥੇਬੰਦੀਆਂ ਸਭ ਕੁਝ ਜਾਣਦੀਆਂ ਹੋਈਆਂ ਦਿੱਲ਼ੀ ਮੀਟਿੰਗ ਕਰਨ ਲਈ ਇਸ ਕਰਕੇ ਗਈਆਂ ਤਾਂ ਕਿ ਸੰਸਾਰ ਭਰ ਵਿੱਚ ਇਹ ਗੱਲ ਨਾ ਜਾਵੇ ਕਿ ਕਿਸਾਨ ਜਥੇਬੰਦੀਆਂ ਸਰਕਾਰ ਨਾਲ ਗੱਲ ਬਾਤ ਕਰਨ ਤੋਂ ਭੱਜਦੀਆਂ ਹਨ।ਕੇਂਦਰ ਦੀ ਸਰਕਾਰ ਨੇ ਗਲ ਬਾਤ ਕਰਨ ਲਈ ਆਈਆਂ ਕਿਸਾਨ ਜਥੇਬੰਦੀਆਂ ਨਾਲ ਜਿਸ ਤਰਾਂ ਦਾ ਰਵੱਈਆ ਅਪਣਾਇਆ ਉਹ ਉਸ ਦੀ ਨਿਕੰਮੀ ਤੇ ਕਿਸਾਨ ਵਿਰੋਧੀ ਸੂਝ ਹੋਣ ਦਾ ਪ੍ਰਗਟਾਵਾ ਕਰਦਾ ਹੈ।ਜੇ ਸਰਕਾਰ ਨੇ ਕਿਸਾਨ ਜਥੇਬੰਦੀਆਂ ਨਾਲ ਇੰਝ ਹੀ ਕਰਨਾ ਸੀ, ਤਾਂ ਕੀ ਲੋੜ੍ਹ ਸੀ ਇਨ੍ਹਾਂ ਕਿਸਾਨਾਂ ਨੂੰ ਦਿਲੀ ਬੁੱਲਾ ਕੇ ਖੱਜਲ ਖੁਆਰ ਕਰਨ ਦੀ? ਇਹ ਸਮਾਂ ਕਿਰਸਾਨ ਜਥੇਬੰਦੀਆਂ ਲਈ ਹੋਰ ਵੀ ਚਣੋਤੀ ਭਰਿਆ ਬਣ ਗਿਆ ਹੈ। ਇਹ ਬਿੱਲ ਹੁਣ ਇਕੱਲੇ ਕਿਸਾਨ ਵਿਰੋਧੀ ਹੀ ਨਹੀਂ ਰਹਿ ਗਏ ਬਲਕਿ ਇਸ ਦੇ ਨਾਲ ਪੰਜਾਬ ਦੀ ਹੋਂਦ ਦਾ ਮੱਸਲਾ ਵੀ ਜੁੱੜ੍ਹ ਗਿਆ ਹੈ।ਜੇ ਇਹ ਆਖ ਲਿਆ ਜਾਵੇ ਕਿ ਕਿਰਸਾਨਾਂ ਸਮੇਤ ਪੰਜਾਬ ਵਾਸੀਆਂ ਲਈ ਇਹ ਮੱਸਲਾ ਉਜਿੰਦਗੀ, ਮੌਤ"ਦਾ ਬਣ ਗਿਆ ਹੈ ਤਾਂ ਗਲਤ ਨਹੀਂ ਹੋਵੇਗਾ।ਇਸ ਲਈ ਕਿਰਸਾਨ ਜਥੇਬੰਦੀਆਂ ਨੂੰ ਹਰ ਹੀਲੇ ਆਪਣੀ ਏਕਤਾ ਨੂੰ ਕਾਇਮ ਰਖਣਾ ਹੋਵੇਗਾ ।ਮੌਜੂਦਾ ਸਰਕਾਰ ਦੇ ਪਿਛੇ ਜੇ ਕੋਈ ਧਿਰ ਕੰਮ ਕਰ ਰਹੀ ਹੈ ਤਾਂ ਉਹ ਰ ਸ ਸ ਹੈ। ਜਿਸ ਦਾ ਬੁੱਧੀ ਜੀਵੀ ਵਰਗ ਨਿੱਤ ਨਵੀਆਂ ਯੋਜਨਾਵਾਂ ਘੜ੍ਹ ਕੇ ਦੇਂਦਾ ਹੈ ਤਾਂ ਕਿ ਕਿਸਾਨ ਸੰਘਰਸ਼ ਨੂੰ ਫੇਲ੍ਹ ਕੀਤਾ ਜਾ ਸਕੇ।ਇਸ ਲਈ ਕਿਸਾਨਾਂ ਦੀਆ ਸਾਰੀਆਂ ਜਥੇਬੰਦੀ ਨੂੰ ਚੌਕਸ ਰਹਿਣ ਦੀ ਲੋੜ੍ਹ ਹੈ। ਇਸ ਸਮੇਂ ਕਿਸਾਨਾਂ ਦਾ "ਥਿੰਕ ਟੈਂਕ"ਹੋਣਾ ਬੜਾ ਜਰੂਰੀ ਹੈ ।



ਜੋ ਰ ਸ ਸ ਦੇ ਮੁਕਾਬਲੇ ਕਿਸਾਨਾਂ ਦੀ ਯੋਗ ਅਗਵਾਈ ਕਰ ਸਕੇ।ਇਹ ਵੀ ਕਨਸੋਆਂ ਮਿਲ ਰਹੀਆਂ ਹਨ ਕਿ ਕੇਂਦਰ ਦੀ ਸਰਕਾਰ ਕਿਸਾਨਾਂ ਦੀਆਂ ਜਾਇਜ ਤੇ ਹੱਕੀ ਮੰਗਾਂ ਮੰਨਣ ਦੀ ਥਾਂ ਤੇ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਕੇ ਜਾਂ ਫਿਰ ਜੰਮੂ ਕਸ਼ਮੀਰ ਦੀ ਤਰਾਂ ਪੰਜਾਬ ਸੂਬੇ ਨੂੰ ਤੋੜ੍ਹ ਕੇ ਕੇਂ-ਦਰੀ ਸ਼ਾਸ਼ਤ ਪ੍ਰਦੇਸ਼ ਬਣਾ ਕੇ ਪੰਜਾਬ ਨੂੰ ਫੌਜ, ਅਰਧ ਸੈਨਿਕ ਬੱਲਾਂ ਦੇ ਹਵਾਲੇ ਕਰਕੇ ਪੰਜਾਬ ਦੇ ਕਿਸਾਨਾਂ ਤੇ ਜੁਲਮ ਢਾਹ ਕੇ ਉਨ੍ਹਾਂ ਦੇ ਸੰਘਰਸ਼ ਨੂੰ ਸਖਤੀ ਨਾਲ ਕੁਚੱਲਣਾ ਚਾਹੁੰਦੀ ਹੈ। ਜੇ ਕਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇੰਝ ਕਰਦੀ ਹੈ ਤਾਂ ਇਹ ਉਸ ਦੀ ਇਕ ਅਤਿ ਭਿਆਨਕ ਗਲਤੀ ਹੋਵੇਗੀ ਜਿਵੇਂ ਕਾਂਗਰਸ ਪਾਰਟੀ ਨੇ 1984 ਵਿੱਚ ਫੌਜੀ ਟੈਂਕਾਂ ਨਾਲ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕਰਕੇ ਸਿੱਖਾਂ ਦੇ ਮਨਾਂ ਅੰਦਰ ਬੇਗਾਨਗੀ ਦੀ ਭਾਵਨਾ ਪੈਦਾ ਕੀਤੀ ਸੀ। ਇਹ ਕਾਰਵਾਈ ਉਸ ਤੋਂ ਵੀ ਕਿਤੇ ਵਧੇਰੇ ਖਤਰਨਾਕ ਹੋਵੇਗੀ ਤੇ ਪੰਜਾਬੀ ਕਿਰਸਾਨਾਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਇਹ ਸੁਨੇਹਾ ਦੇਣ ਦੀ ਨਿਆਈਂ ਹੋਵੇਗੀ ਕਿ ਉਨ੍ਹਾਂ ਦੀ ਭਾਰਤ ਦੇਸ਼ ਵਿੱਚ ਕੋਈ ਥਾਂ ਨਹੀਂ ਹੈ। ਜਿਸ ਭਾਰਤ ਨੂੰ ਅਜਾਦ ਕਰਾਉਣ ਲਈ ਉਨ੍ਹਾਂ ਨੇ 80% ਤੋਂ ਵਧੇਰੇ ਕੁਰਬਾਨੀਆਂ ਦਿੱਤੀਆਂ ਸਨ।

ਉਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਲੋਂ ਆਪਣਾ ਨਵਾਂ ਦੇਸ਼ ਬਣਾਉਣ ਲਈ ਜਾਨ ਬੁੱਝ ਕੇ ਮਜਬੂਰ ਕੀਤਾ ਜਾ ਰਿਹਾ ਹੈ। ਕਿਸਾਨ ਜਥੇਬੰਦੀਆਂ ਨੂੰ ਚਾਹੀਦਾ ਹੈ ਇਸ ਨਾਜੁਕ ਮੋੜ ਤੇ ਕੋਈ ਵੀ ਕਿਸਾਨ ਜਥੇਬੰਦੀ ਸੰਘਰਸ਼ ਤੋਂ ਮੂੰਹ ਨਾ ਮੋੜੇ ਬਲਕਿ ਇਸ ਸਮੇਂ ਜਿਹੜਾ ਸਾਰੇ ਪੰਜਾਬ ਵਿੱਚ ਲੋਕਾਂ ਦਾ ਏਕਾ ਬਣਿਆ ਹੋਇਆ ਹੈ ਇਸ ਏਕੇ ਨੂੰ ਹੋਰ ਮਜਬੂਤ ਕਰਕੇ ਆਪਣੀਆਂ ਮੰਗਾਂ ਸ਼ਾਤਮਈ ਢੰਗ ਨਾਲ ਪੂਰਾ ਕਰਾਉਣ ਵਿੱਚ ਕੋਈ ਕਸਰ ਨਾ ਛੱਡੇ ।

ਇਸ ਵਿੱਚ ਹੀ ਸਭ ਦੀ ਭਲਾਈ ਹੈ। ਆਸ ਹੈ ਕਿ ਭਾਰਤ ਦੀ ਸਰਕਾਰ ਆਪਣੇ ਫੋਕੇ ਹੱਠ ਦਾ ਤਿਆਗ ਕਰਕੇ ਕਿਸਾਨ ਵਿਰੋਧੀ ਬਿੱਲਾਂ ਨੂੰ ਵਾਪਿਸ ਲੈ ਕੇ ਪੰਜਾਬ ਦੇ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰਕੇ ਮਾਹੌਲ ਨੂੰ ਸ਼ਾਂਤਮਈ ਤੇ

## ਜ਼ੁਲਮ

ਲੋਕ ਮਾਰੂ ਨੀਤੀਆਂ ਬਣਾਈ ਜਾਦੇ ਨੇ ।
ਧੱਕੇ ਨਾਲ ਲੋਕਾਂ ਨੂੰ ਦਬਾਈ ਜਾਦੇ ਨੇ ।

ਕਹਿੰਦੇ ਕੁਝ ਹੋਰ ਤੇ ਕਰਦੇ ਕੁਝ ਹੋਰ ਨੇ ,
ਗੱਲ ਗੱਲ ਉੱਤੇ ਪਰਦੇ ਪਾਈ ਜਾਦੇ ਨੇ ।

ਮਰਜ਼ੀ ਨਾਲ ਬਿੱਲ ਪਾਸ ਕਰੀ ਜਾਵਣ ,
ਅੰਨੇਵਾਹ ਹਰਾ ਪੈਂਨ ਚਲਾਈ ਜਾਦੇ ਨੇ ।

ਕੁੜੀਆ ਤੇ ਨਿੱਤ ਜ਼ੁਲਮ ਹੋਈ ਜਾਦੇ ,
ਫਿਰ ਵੀ ਦੋਸ਼ੀਆਂ ਨੂੰ ਬਚਾਈ ਜਾਦੇ ਨੇ ।

ਮਿਹਨਤ ਕਰਕੇ ਵੀ ਨਾ ਖਾਣ ਦੇਣ ਸਾਨੂੰ ,
ਕਿਸਾਨ ਵੀਰਾਂ ਨੂੰ ਖੂੰਜੇ ਲਾਈ ਜਾਦੇ ਨੇ ।

ਸਾਡੇ ਚੁਣੇ ਲੀਡਰ ਕਿਹੜਾ ਦੁੱਧ ਧੋਤੇ ਨੇ ,
ਇਨਾ ਦੀ ਹਾਂ ਚ ਹਾਂ ਮਿਲਾਈ ਜਾਦੇ ਨੇ ।

ਕਰੋ ਜਾਂ ਮਰੋ ਦਾ ਵੇਲਾ ਹੁਣ ਆ ਗਿਆ ,
ਸੱਤੀ ਕੱਖਾਂ ਥੱਲੇ ਅੱਗ ਛੁਪਾਈ ਜਾਦੇ ਨੇ ।



**-ਸੱਤੀ ਉਟਾਲਾਂ ਵਾਲਾ**
**91-99157-70356**

## ਦੁੱਲੇ ਈ ਕਰਦੇ ਸੂਤ ਦਿੱਲੀ!

ਸਿਰੜੀ ਮਿਹਨਤੀ ਕਾਮੇ ਇਹ ਜਾਣਦੇ ਨੇ
ਹੋਵੇ ਫਤਹਿ ਨਸੀਬ ਬਿਨ ਡੁੱਲਿਆਂ ਤੋਂ।

ਲੈ ਕੇ ਪ੍ਰੇਰਨਾ ਅੜ ਗਿਆ ਅੰਨ-ਦਾਤਾ
ਝੱਖੜ ਕਈ ਇਤਹਾਸ ਵਿੱਚ ਝੁੱਲਿਆਂ ਤੋਂ।

ਤਾਜੋ-ਤਖਤ ਵੀ ਆਖਰ ਨੂੰ ਝੁਕ ਜਾਂਦੇ
ਯੋਧੇ 'ਕਰੋ ਜਾਂ ਮਰੋ' 'ਤੇ ਤੁੱਲਿਆਂ ਤੋਂ।

'ਕੱਠ ਲੋਕਾਂ ਦਾ ਲੋਹੇ ਦੀ ਲੱਠ ਬਣਿਆਂ
ਹੁੰਦਾ ਸਾਂਭ ਨਾ ਹਾਕਮਾਂ ਭੁੱਲਿਆਂ ਤੋਂ।

ਦੇਖ ਰੁਮਕਦੇ ਫੇਰ ਉਹ ਯਰੁਕਦੀ ਐ
ਨੌਜਵਾਨਾਂ ਵਿੱਚ ਅਣਖ ਦੇ ਬੁੱਲਿਆਂ ਤੋਂ।

'ਬਾਤ ਚੀਤ' ਦੇ 'ਛੁਣਕਣੇ' ਦੇਣ ਵਾਲੀ
ਦਿੱਲੀ ਸੂਤ ਹੀ ਆਉਂਦੀ ਹੈ 'ਦੁੱਲਿਆਂ' ਤੋਂ!

**ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**



## ਬਦਲੋ ਅਜਿਹੇ ਨਿਜ਼ਾਮ ਨੂੰ

ਕੰਗਾਲ ਕੀਤਾ ਮਜ਼ਦੂਰ ਤੇ ਲੁੱਟ ਲਿਆ ਕਿਸਾਨ ਨੂੰ ।
ਖਾ ਗਏ ਨੇ ਕਾਰਪੋਰੇਟ ਪਾ ਹੋਰ ਪਾਸੇ ਧਿਆਨ ਨੂੰ ।
ਸਮਝ ਲਓ ਚਾਲ ਜਿਸ ਖਾਲੀ ਕੀਤਾ ਇਨਸਾਨ ਨੂੰ ।
ਉਠੋ,ਤੁਰੋ ਬਣ ਕਾਫ਼ਲਾ ਬਦਲੋ ਅਜਿਹੇ ਨਿਜ਼ਾਮ ਨੂੰ ।

ਇਹਦੀ ਰਗ-ਰਗ ਸ਼ਾਹੂਕਾਰੀ ਕਰੇ ਲੁੱਟ ਗ਼ਰੀਬਾਂ ਦੀ,
ਸੁੱਟ ਦੋ ਛਿੱਲੜ ਚਾਹੁੰਦੇ ਤੋੜਣੀ ਤੰਦ ਨਸੀਬਾਂ ਦੀ ।
ਲੋੜ ਨਹੀਂ ਤਰਸ ਦੀ ਰੱਖੋ  ਸਾਂਭ ਇਸ ਇਨਾਮ ਨੂੰ,
ਉਠੋ,ਤੁਰੋ ਬਣ ਕਾਫ਼ਲਾ ਬਦਲੋ ਅਜਿਹੇ ਨਿਜ਼ਾਮ ਨੂੰ ।

ਕੀਤੇ ਸਰਕਾਰੀ ਅਦਾਰੇ ਖੋਖਲੇ ਲਾਏ ਨੀਲਾਮੀ ਤੇ,
ਹੋਈ ਹੈ ਤਬਾਹ ਇਕਾਨਮੀ ਦੇਸ਼ ਰਾਹ ਗੁਲਾਮੀ ਦੇ।
ਸੁਣ-ਸੁਣ ਥੱਕੇ ਨਸੀਹਤਾਂ ਪਹੁੰਚੇ ਨਾ ਕਿਸੇ ਮੁਕਾਮ ਨੂੰ,
ਉਠੋ, ਤੁਰੋ ਬਣ ਕਾਫ਼ਲਾ ਬਦਲੋ ਅਜਿਹੇ ਨਿਜ਼ਾਮ ਨੂੰ।

ਭੁੱਖ, ਗਰੀਬੀ ਵੱਧੀ ਤੇ ਰੋਜ਼ਗਾਰ ਕੋਈ ਦਿੱਤਾ ਨਾ,
ਜ਼ਾਤ,ਧਰਮਾਂ ਦੀ ਵੰਡ ਸਿਵਾਏ ਹੋਰ ਕੁਝ ਡਿੱਠਾ ਨਾ।
ਮੀਡੀਆ ਕਾਬੂ ਕੀਤਾ ਇਨ੍ਹਾਂ ਲੋਕਾਂ ਨੂੰ ਦਬਾਉਣ ਨੂੰ,
ਉਠੋ, ਤੁਰੋ ਬਣ ਕਾਫ਼ਲਾ ਬਦਲੋ ਅਜਿਹੇ ਨਿਜ਼ਾਮ ਨੂੰ।

ਜੁਮਲੇਬਾਜ਼ੀਆਂ ਵਿੱਚ ਆ ਲੋਕਾਂ ਧੋਖਾ ਹੈ ਖਾ ਲਿਆ,
ਦੇਸ਼ ਕੰਪਨੀਆਂ ਹਵਾਲੇ ਤੇ ਲੋਕਾਂ ਨੂੰ ਉਲਝਾ ਲਿਆ ।
ਕਿਰਤੀ ਕਿਸਾਨ ਜਾਗਿਆ, ਸਮਝ ਪਈ ਤਮਾਮ ਨੂੰ,
ਉਠੋ,ਤੁਰੋ ਬਣ ਕਾਫ਼ਲਾ ਬਦਲੋ ਅਜਿਹੇ ਨਿਜ਼ਾਮ ਨੂੰ ।



## ਇਜ਼ਤ ਸਾਂਝੀ ਹੋਰ ਲਿਬੇੜੋ ਨਾ

ਧੀ, ਭੈਣ ਦਾ ਮਾਨ ਕਰੋ,
ਗੱਲ ਇਹਦੀ ਮਰੋੜੋ ਨਾ ।
ਹੋਵੇ ਜਬਰ ਜ਼ਿਨਾਹ ਕਿਤੇ,
ਗੱਲਾਂ ਹੋਰ ਵਿੱਚ ਜੋੜੋ ਨਾ ।

ਸੱਚ ਲਈ ਲੜੋ ਸਦਾ,
ਦਿਲ ਸੱਚਿਆਂ ਦਾ ਤੋੜੋ ਨਾ ।
ਅਤਿਆਚਾਰੀ ਨੂੰ ਬਲ ਦੇਕੇ,
ਵੇਗ ਅੱਗੇ ਨਾਰੀ ਰੋੜ੍ਹੋ ਨਾ ।

ਦਲਿਤ ਬੇਟੀ ਕਹਿਕੇ ਇਹਨੂੰ,
ਨਾਰੀ ਜਾਤ ਨੂੰ ਝੰਜੋੜੋ ਨਾ ।
ਹਿੰਦੂ,ਮੁਸਲਿਮ,ਸਿੱਖ ਵੰਡੇ,
ਧੀਆਂ 'ਚ' ਜ਼ਾਤਾਂ ਨੂੰ ਘਸੋੜੋ ਨਾ ।

ਪਾਪੀਆਂ ਨੂੰ ਕਰੋ ਨੰਗੇ,
ਹੋਏ ਜ਼ਖ਼ਮਾਂ ਨੂੰ ਘਰੋੜੋ ਨਾ ।
ਟੁੱਟ ਚਲਿਆ ਸਮਾਜ ਗੰਢੋ,
ਇਹਨੂੰ ਹੋਰ ਅਧੇੜੋ ਨਾ ।

ਮਨੁੱਖੀ ਜਾਤ ਦੇ ਨੇ ਲੋਕ ਸਾਰੇ,
ਪਾ ੨ ਵੰਡੀਆਂ ਐਂਵੇ ਨਿਖੇੜੋ ਨਾ।
ਧੀ, ਭੈਣ ਹੈ ਸਭ ਦੀ ਸਾਂਝੀ,
ਇਜ਼ਤ ਸਾਂਝੀ ਹੋਰ ਲਿਬੇੜੋ ਨਾ ।

**-ਰਬਿੰਦਰ ਸ਼ਰਮਾ**
**91-98146-67682**

## ਅੱਖਾਂ ਦੀ ਨਜ਼ਰ

ਜਦੋਂ ਦੋ ਤੋਂ ਹੋ ਜਾਣ ਚਾਰ ਵੇ ਮੱਖਣਾ ਕਰਦੀਆਂ ਮਾਰੋ ਮਾਰ
ਹਾਣੀਆਂ ਲੁਟਦੀਆਂ ਭਰੇ ਬਜ਼ਾਰ ਤਾਹੀਉਂ ਰੁਕ ਜਾਂਦੇ ਕੰਮ ਕਾਰ
ਸੋਹਣਿਆ ਜਿੱਥੇ ਵੀ ਜਾ ਲੜੀਆਂ
ਬਚਿਆ ਜਾਂਦਾ ਬਚ ਸੱਜਣਾ ਕਿਉਂ ਕਰਦਾ ਪਿਆ ਤੂੰ ਅੜੀਆਂ।

ਘਰ ਪੱਟੇ ਕਦੇ ਰਾਸ ਨਾ ਆਏ ਕਰਦੇ ਰਾਜ ਸੀ ਮੰਗਣ ਲਾਏ
ਕੱਢ ਦਿੱਤਾ ਇਨ੍ਹਾ ਮਹਿਲਾਂ 'ਚੋਂ ਆ ਕੇ ਕੁੱਲੀਆਂ ਦੇ ਵਿਚ ਆਣ ਬਠਾਏ
ਤਾਹੀਉਂ ਬੁੱਲ੍ਹੇ ਸ਼ਾਹ ਸੀ ਦੇਵੇ ਦੁਹਾਈਆਂ ਘਰ ਕੰਜਰਾਂ ਦੇ ਵੜੀਆਂ
ਵੇ ਬਚਿਆ ਜਾਂਦਾ ਬਚ ਸੱਜਣਾ ਕਿਉਂ ਕਰਦਾ ...

ਨੈਣਾਂ ਨਾਲ ਜੋ ਲੈਣ ਤਾਂ ਲਗਦੇ ਅੰਦਰੋਂ ਅੰਦਰੀ ਰਹਿੰਦੇ ਠੱਗਦੇ
ਸੌ ਸੌ ਕਸਮਾਂ ਖਾਂਦੇ ਤੇ ਨਾ ਮਾਪਿਆਂ ਦੀ ਕੋਈ ਗੱਲ ਤਾਂ ਜਰਦੇ
ਪਿੱਛੋਂ ਸੁੱਖਾਂ ਸੁੱਖਦੇ ਸ਼ਾਮ ਸਵੇਰੇ ਬੈਠੇ ਰਹਿਣ ਮਸੀਤਾਂ ਮੜ੍ਹੀਆਂ
ਵੇ ਬਚਿਆ ਜਾਂਦਾ ਬਚ ਸੱਜਣਾ ਕਿਉਂ ਕਰਦਾ ...

ਵੇ ਸੱਥਾਂ ਦੇ ਵਿਚ ਹੁੰਦੀ ਚਰਚਾ 307 ਦਾ ਬਣਦਾ ਪਰਚਾ
ਹੱਸ ਕਦੇ ਬੁਲਾਵੇ ਨਾ ਕੋਈ ਮੁੱਕ ਜਾਂਦਾ ਜਦੋਂ ਜੇਬ 'ਚੋਂ ਖਰਚਾ
ਆ ਜਾਂਦੀ ਫਿਰ ਅਕਲ ਟਿਕਾਣੇ ਗੱਲਾਂ ਕਰਦੇ ਲੋਕੀ ਸੜੀਆਂ
ਵੇ ਬਚਿਆ ਜਾਂਦਾ ਬਚ ਸੱਜਣਾ ਕਿਉਂ ਕਰਦਾ ...

ਕਰੀਏ ਨਾ ਮਨ ਮਾੜੀ ਸੋਹਣਿਆ ਹੋ ਜਾਂਦੀ ਇਹ ਹਾਲੀ ਸੋਹਣਿਆ
ਮੰਨ ਲਈਏ ਕਿਸੇ ਭੜੂਏ ਦੀ ਰਹੀਏ ਬਣ ਕੇ ਦਿਲ ਦਾ ਜਾਨੀ ਸੋਹਣਿਆ
ਨਹੀਂ 'ਦੇਵ ਘੋਲੀਏ' ਵਾਲਿਆ ਵੇ ਤੈਨੂੰ ਉਡੀਕ ਰਹੀਆਂ ਹੱਥਕੜੀਆਂ
ਵੇ ਬਚਿਆ ਜਾਂਦਾ ਬਚ ਸੱਜਣਾ ਕਿਉਂ ਕਰਦਾ ਪਿਆ ਤੂੰ ਅੜੀਆਂ।

**ਦੇਵ ਘੋਲੀਆ ਖੁਰਦ, ਫਰਿਜ਼ਨੋ**
**559-232-7764**



## ਮੰਗ ਸਾਡੀ ਕੋਈ ਨਹੀਂ



**ਮੇਜਰ ਸਿੰਘ ਨਾਭਾ**
**91-94635-53962**

ਕੇਸਰ ਸਿੰਘ ਕੋਲ ਪੰਜਾਹ ਵਿੱਘੇ ਜ਼ਮੀਨ ਸੀ।ਇੱਕਲਾ ਮੁੰਡਾ ਹੋਣ ਕਰਕੇ ਰਿਸ਼ਤੇ ਛੋਟੀ ਉਮਰੇ ਆਉਣੇ ਸ਼ੁਰੂ ਹੋ ਗਏ।ਧੀ ਦਾ ਵਿਆਹ ਦੋ ਸਾਲ ਪਹਿਲਾਂ ਹੀ ਚੰਗੇ ਘਰੇ ਕਰ ਦਿੱਤਾ ਸੀ। ਕੇਸਰ ਸਿੰਘ ਦੇ ਗੁਰਸਿੱਖ ਹੋਣ ਕਾਰਣ ਪਿੰਡ 'ਚ ਵਧੀਆ ਸਤਿਕਾਰ ਸੀ।

ਮੁੰਡਾ ਵੀ ਬੜਾ ਸਾਊ ਸੀ। ਉਸਦੇ ਦੋਸਤ ਨੇ ਆਪਣੀ ਜਾਣ ਪਛਾਣ 'ਚ ਇੱਕ ਸਾਊ ਪਰਿਵਾਰ ਦੀ ਕੁੜੀ ਦੇ ਰਿਸ਼ਤੇ ਦੀ ਗੱਲ ਤੋਰਨੀ ਚਾਹੀ।ਇਹ ਪਰਿਵਾਰ ਵੀ ਗੁਰਸਿੱਖ ਸੀ। ਕੁੜੀ ਦਾ ਸੁਭਾਅ ਵੀ ਬਹੁਤ ਵਧੀਆ ਸੀ।ਸਮਝੋ ਜੌੜੀ ਫੱਬਦੀ ਸੀ। ਕੇਸਰ ਦੇ ਦੋਸਤ ਨੇ ਜਦੋਂ ਗੱਲ ਤੋਰੀ ਤਾਂ ਕੇਸਰ ਸਿੰਘ ਨੇ ਮੰਗ ਦੀ ਗੱਲ ਕਰਨ ਤੇ ਕਿਹਾ, ''ਸਾਡੀ ਕੋਈ ਮੰਗ ਨਹੀਂ, ਅਸੀਂ ਆਪਣੀ ਕੁੜੀ ਦਾ ਵਿਆਹ ਕਰਿਆ ਸੀ, ਉਹਦੇ ਤੇ ਉਦੋਂ ਠਾਈ ਲੱਖ ਲਾਇਆ ਤੀ,ਹੁਣ ਮਹਿੰਗਾਈ ਵੱਧ ਗਈ ਆ, ਓਹਦੇ ਹਿਸਾਬ ਨਾਲ ਵਿਆਹ ਕਰ ਦਿਓ''।

ਦੋਸਤ ਦੇ ਮੰਗ ਬਾਰੇ ਦੁਬਾਰਾ ਪੁੱਛਣ ਤੇ, 'ਮੰਗ ਹੋਰ ਸਾਡੀ ਕੋਈ ਨਹੀਂ' ਕੇਸਰ ਸਿੰਘ ਵਾਰ-ਵਾਰ ਇਹੋ ਕਹਿ ਰਿਹਾ ਸੀ।ਦੋਸਤ ਸੋਚ ਰਿਹਾ ਸੀ ਕਿ ਕੁੜੀ ਦੇ ਚੰਗੇ ਗੁਣਾਂ ਨਾਲੋਂ ਵਿਆਹ ਤੇ ਖਰਚ ਭਾਰੂ ਹੋ ਗਿਆ, ਕੁੜੀ ਦੇ ਮਾਪੇ ਏਨੇ ਖਰਚਣ ਦੀ ਔਕਾਤ 'ਚ ਨਹੀਂ ਸੀ ਤੇ ਰਿਸ਼ਤਾ ਸਿਰੇ ਨਾ ਚੜ੍ਹ ਸਕਿਆ।

## ਕੋਰੋਨਾ ਦਾ ਸੰਭਾਵੀ ਇਲਾਜ ਲਭਣ ਵਾਲੀ ਭਾਰਤੀ ਮੂਲ ਦੀ 14 ਸਾਲਾ ਅਨਿਕਾ ਚੇਬਰੋਲੂ ਨੇ ਜਿੱਤਿਆ ਇਨਾਮ

**ਹਿਊਸਟਨ-** ਅਮਰੀਕਾ 'ਚ ਭਾਰਤੀ ਮੂਲ ਦੀ ਇਕ ਵਿਦਿਆਰਥਣ ਨੇ ਕੋਰੋਨਾ ਵਾਇਰਸ ਨਾਲ ਮੁਕਾਬਲੇ ਦੀ ਦਿਸ਼ਾ ਵਿਚ ਆਪਣੀ ਖੋਜ ਲਈ 25 ਹਜ਼ਾਰ ਡਾਲਰ (ਕਰੀਬ 18 ਲੱਖ ਰੁਪਏ) ਦਾ ਇਨਾਮ ਜਿੱਤਿਆ ਹੈ। ਉਸ ਦੀ ਇਸ ਖੋਜ ਨਾਲ ਕੋਰੋਨਾ ਲਈ ਇਲਾਜ ਮੁਹੱਈਆ ਹੋ ਸਕਦਾ ਹੈ।

ਟੈਕਸਾਸ ਦੇ ਫ੍ਰਿਸਕੀ ਵਿਚ ਰਹਿਣ ਵਾਲੀ 14 ਸਾਲਾਂ ਦੀ ਅਨਿਕਾ ਚੇਬਰੋਲੂ ਨੇ ਥ੍ਰੀਐਮ ਯੰਗ ਸਾਇੰਟਿਸਟ ਚੈਲੰਜ ਮੁਕਾਬਲੇ ਵਿਚ ਜਿੱਤ ਦਰਜ ਕੀਤੀ ਹੈ। ਅੱਠਵੀਂ ਵਿਚ ਪੜ੍ਹਨ ਵਾਲੀ ਅਨਿਕਾ ਨੇ ਇਕ ਅਜਿਹੇ ਮੋਲੀਕਿਊਲ ਦੀ ਖੋਜ ਕੀਤੀ ਹੈ ਜੋ ਕੋਰੋਨਾ ਵਾਇਰਸ ਦੇ ਸਪਾਈਕ ਪ੍ਰੋਟੀਨ ਨਾਲ ਜੁੜ ਸਕਦਾ ਹੈ। ਇਸ ਤਰੀਕੇ ਨਾਲ ਕੋਰੋਨਾ ਲਈ ਇਲਾਜ ਵਿਕਸਿਤ ਕੀਤਾ ਜਾ ਸਕਦਾ ਹੈ। ਇਹ ਘਾਤਕ ਵਾਇਰਸ ਆਪਣੇ ਇਸੇ ਪ੍ਰੋਟੀਨ ਰਾਹੀਂ ਆਪਣਾ ਇਨਫੈਕਸ਼ਨ ਫੈਲਾਉਂਦਾ ਹੈ। ਅਨਿਕਾ ਨੇ ਦੱਸਿਆ ਕਿ ਉਹ ਪਿਛਲੇ ਸਾਲ ਇਨ-ਫਲੂਏਂਜਾ ਨਾਲ ਗੰਭੀਰ ਰੂਪ ਤੋਂ ਪੀੜਤ ਸੀ। ਇਸ ਲਈ ਉਹ ਇਸ ਦਾ ਇਲਾਜ ਲੱਭਣਾ ਚਾਹੁੰਦੀ ਸੀ। ਹਾਲਾਂਕਿ ਬਾਅਦ ਵਿਚ ਕੋਰੋਨਾ ਮਹਾਮਾਰੀ ਸ਼ੁਰੂ ਹੋਣ ਪਿੱਛੋਂ ਉਸ ਨੇ ਆਪਣਾ ਇਰਾਦਾ ਬਦਲ ਦਿੱਤਾ ਸੀ। ਅਮਰੀਕੀ ਕੰਪਨੀ ਥ੍ਰੀਐਮ ਵੱਲੋਂ ਕਰਵਾਏ ਗਏ ਇਸ ਮੁਕਾਬਲੇ ਦੇ ਫਾਈਨਲ ਵਿਚ ਅਨਿਕਾ ਸਮੇਤ 10 ਮੁਕਾਬਲੇਬਾਜ਼ ਪੁੱਜੇ ਸਨ।

## ਗ਼ਜ਼ਲ

ਹਿਫਾਜ਼ਤ ਆਪਣੇ ਸਾਹਾਂ ਦੀ ਏਦਾਂ ਕਰ ਰਹੇ ਹਾਂ।
ਜਦੋਂ ਵੀ ਜੰਗ ਹੋਈ ਹੈ ਸਦਾ ਹੀ ਘਰ ਰਹੇ ਹਾਂ।

ਤੁਹਾਨੂੰ ਵਹਿਮ ਹੈ ਐਵੇਂ ਅਜ਼ਲ ਤੋਂ ਸੌਂ ਰਹੇ ਹਾਂ,
ਅਸੀਂ ਤਾਂ ਨੀਂਦ ਵਿਚ ਖ਼ਾਬਾਂ ਦੀ ਰਾਖੀ ਕਰ ਰਹੇ ਹਾਂ।

ਕੁਤਾਹੀ ਤਾਂ ਪਤਾ ਲੱਗੇ ਕਿਵੇਂ ਰੁੱਸੇ ਨੇ ਦਰਿਆ,
ਅਸੀਂ ਤਾਂ ਖਾਰਿਆਂ ਖੂਹਾਂ ਤੋਂ ਪਾਣੀ ਭਰ ਰਹੇ ਹਾਂ।

ਕਿਸੇ ਵੀ ਬੁੱਤ ਘਾੜੇ ਨੇ ਅਸਾਨੂੰ ਰੱਬ ਨਾ ਕੀਤਾ,
ਯੁਗਾਂ ਤੋਂ ਹੀ ਅਸੀਂ ਰਾਹਾਂ ਚ ਪਏ ਪੱਥਰ ਰਹੇ ਹਾਂ।

ਮਿਲੇ ਵਰਦਾਨ ਹੀ ਕਾਰਨ ਅਸਾਡੀ ਮੌਤ ਦੇ ਨੇ,
ਖੁਸ਼ਾਮਦ ਰੱਬ ਦੀ ਕਰਨੋ ਤਦੇ ਤਾਂ ਡਰ ਰਹੇ ਹਾਂ।

**-ਤਲਵਿੰਦਰ ਸ਼ੇਰਗਿੱਲ**
**91-99154-15501**



## ਭਾਰਤ ਤੇ ਚੀਨ ਨੇ ਫੈਲਾਇਆ ਹਵਾ ਪ੍ਰਦੂਸ਼ਣ- ਟਰੰਪ




**ਵਾਸ਼ਿੰਗਟਨ-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਚੋਣ ਰੈਲੀ ਵਿਚ ਭਾਰਤ, ਰੂਸ ਅਤੇ ਚੀਨ 'ਤੇ ਗਲੋਬਲ ਹਵਾ ਪ੍ਰਦੂਸ਼ਣ ਫੈਲਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਨੇ ਇਹ ਵੀ ਆਖਿਆ ਕਿ ਅਮਰੀਕਾ ਦੇ ਵਾਤਾਵਰਣ ਦੇ ਹਿਸਾਬ ਨਾਲ ਰਿਕਾਰਡ ਚੰਗਾ ਹੈ। ਟਰੰਪ ਨੇ ਇਹ ਗੱਲ ਉਸ ਵੇਲੇ ਆਖੀ ਜਦ ਉਹ ਅਹਿਮ ਬੈਟਲਗ੍ਰਾਉਂਡ ਸੂਬਾ ਨਾਰਥ ਕੈਰੋਲੀਨਾ ਵਿਚ ਵੀਰਵਾਰ ਨੂੰ ਆਪਣੇ ਸਮਰਥਕਾਂ ਨੂੰ ਸੰਬੋਧਿਤ ਕਰ ਰਹੇ ਸਨ। 3 ਨਵੰਬਰ ਨੂੰ ਅਮਰੀਕਾ ਵਿਚ ਲੋਕ ਰਾਸ਼ਟਰਪਤੀ ਚੋਣਾਂ ਲਈ ਵੋਟ ਪਾਉਣ ਜਾਣਗੇ। ਕੋਰੋਨਾਵਾਇਰਸ ਤੋਂ ਉਭਰੇ ਟਰੰਪ ਇਸ ਸਮੇਂ ਜਮ ਕੇ ਚੋਣ ਰੈਲੀਆਂ ਕਰ ਰਹੇ ਹਨ। ਰਿਪਬਲਿਕਨ ਪਾਰਟੀ ਦੇ ਉਮੀਦਵਾਰ ਰਾਸ਼ਟਰਪਤੀ ਟਰੰਪ ਨੇ ਆਖਿਆ ਕਿ ਉਨ੍ਹਾਂ ਦੇ ਕਾਰਜਕਾਲ ਵਿਚ ਅਮਰੀਕਾ ਨੇ ਵਾਤਾਵਰਣ ਦੀ ਰੱਖਿਆ ਕਰਦੇ ਹੋਏ ਊਰਜਾ ਸੁਤੰਤਰਤਾ ਹਾਸਲ ਕੀਤੀ ਹੈ। ਉਨ੍ਹਾਂ ਆਖਿਆ ਕਿ ਸਾਡਾ ਵਾਤਾਵਰਣੀ ਰਿਕਾਰਡ, ਓਜ਼ੋਨ ਰਿਕਾਰਡ ਅਤੇ ਕਈ ਹੋਰ ਰਿਕਾਰਡ ਸਭ ਤੋਂ ਚੰਗੇ ਹਨ। ਇਸ ਦੌਰਾਨ ਭਾਰਤ, ਰੂਸ ਅਤੇ ਚੀਨ ਇਨ੍ਹਾਂ ਸਾਰੇ ਦੇਸ਼ਾਂ ਨੇ ਹਵਾ ਨੂੰ ਪ੍ਰਦੂਸ਼ਿਤ ਕੀਤਾ ਹੈ।

ਟਰੰਪ ਨੇ ਜੂਨ 2017 ਵਿਚ ਪੈਰਿਸ ਜਲਵਾਯੂ ਸਮਝੌਤੇ ਤੋਂ ਬਾਹਰ ਹੋਣ ਦਾ ਐਲਾਨ ਕੀਤਾ ਸੀ। ਉਨ੍ਹਾਂ ਦਾ ਆਖਣਾ ਸੀ ਕਿ ਇਸ ਸਮਝੌਤੇ ਕਾਰਨ ਅਮਰੀਕਾ ਨੂੰ ਅਰਬਾਂ ਡਾਲਰ ਦਾ ਨੁਕਸਾਨ ਹੋ ਰਿਹਾ ਹੈ ਅਤੇ ਰੁਜ਼ਗਾਰ ਖੋਹਿਆ ਜਾ ਰਿਹਾ ਹੈ। ਨਾਲ ਗੈਸ, ਆਇਲ ਅਤੇ ਕੋਲੇ ਦੀਆਂ ਫੈਕਟਰੀਆਂ ਵੀ ਘਾਟੇ ਵਿਚ ਜਾ ਰਹੀਆਂ ਹਨ।

ਇਹ ਦੂਜੀ ਵਾਰ ਹੈ ਜਦ ਟਰੰਪ ਨੇ ਚੋਣ ਰੈਲੀ ਵਿਚ ਭਾਰਤ, ਚੀਨ ਅਤੇ ਰੂਸ 'ਤੇ ਦੋਸ਼ ਲਗਾਇਆ ਹੈ। ਇਸ ਤੋਂ ਪਹਿਲਾਂ 29 ਸਤੰਬਰ ਨੂੰ ਪਹਿਲਾਂ ਹੋਈ ਰਾਸ਼ਟਰਪਤੀ ਬਹਿਸ (ਪ੍ਰੈਸੀਡੈਂਸ਼ੀਅਲ ਡਿਬੇਟ) ਵਿਚ ਵੀ ਟਰੰਪ ਨੇ ਇਨ੍ਹਾਂ 3 ਦੇਸ਼ਾਂ 'ਤੇ ਦੋਸ਼ ਲਗਾਇਆ ਸੀ। ਬਹਿਸ ਵਿਚ ਕੋਰੋਨਾਵਾਇਰਸ ਮਹਾਮਾਰੀ 'ਤੇ ਬੋਲਦੇ ਹੋਏ ਟਰੰਪ ਨੇ ਆਖਿਆ ਸੀ ਕਿ ਭਾਰਤ, ਰੂਸ ਅਤੇ ਚੀਨ ਕੋਰੋਨਾਵਾਇਰਸ ਨਾਲ ਹੋਈਆਂ ਮੌਤਾਂ ਦੇ ਅੰਕੜੇ ਲੁਕਾ ਰਹੇ ਹਨ। ਆਪਣੇ ਵਿਰੋਧੀ ਧਿਰ ਦੇ ਡੈਮੋਕ੍ਰੇਟਿਕ ਜੋਅ ਬਾਇਡੇਨ ਦੇ ਇਕ ਸਵਾਲ ਦੇ ਜਵਾਬ ਵਿਚ ਟਰੰਪ ਨੇ ਆਖਿਆ ਕਿ ਦੁਨੀਆ ਵਿਚ ਕੋਈ ਨਹੀਂ ਜਾਣਦਾ ਕਿ ਇਨ੍ਹਾਂ ਦੇਸ਼ਾਂ ਕਿੰਨੀਆਂ ਮੌਤਾਂ ਹੋਈਆਂ ਹਨ, ਇਥੇ ਅੰਕੜੇ ਸਪੱਸ਼ਟ ਨਹੀਂ ਹਨ।

## 70 ਸਾਲ ਬਾਅਦ ਕਿਸੇ ਮਹਿਲਾ ਨੂੰ ਮਿਲੀ ਸਜ਼ਾ-ਏ-ਮੌਤ

**ਨਿਊਯਾਰਕ-** ਅਮਰੀਕਾ ਵਿਚ ਕਰੀਬ 70 ਸਾਲ ਬਾਅਦ ਕਿਸੇ ਮਹਿਲਾ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਅਦਾਲਤ ਦੇ ਹੁਕਮਾਂ ਉੱਤੇ ਹੁਣ 8 ਦਸੰਬਰ ਨੂੰ ਜਾਨਲੇਵਾ ਇੰਜੈਕਸ਼ਨ ਦੇ ਕੇ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਅਦਾਲਤ ਨੇ ਇਸ ਮਹਿਲਾ ਨੂੰ ਇਕ ਗਰਭਵਤੀ ਦੀ ਹੱਤਿਆ ਤੇ ਉਸ ਦੇ ਪੇਟ ਨੂੰ ਕੱਟ ਬੱਚੇ ਨੂੰ ਅਗਵਾ ਕਰਨ ਦਾ ਦੋਸ਼ੀ ਪਾਇਆ। ਹਾਲਾਂਕਿ ਵਕੀਲ ਨੇ ਉਸ ਨੂੰ ਬਚਾਉਣ ਲਈ ਪਰਿਆਸ ਕੀਤਾ, ਪਰ ਜੱਜ ਨੇ ਇਕ ਨਾ ਸੁਣੀ।



### ਕੁੱਤਾ ਖ਼ਰੀਦਣ ਦੇ ਬਹਾਨੇ ਘਰ ਵਿਚ ਕੀਤਾ ਪਰਵੇਸ਼

ਇਹ ਮਾਮਲਾ ਸਾਲ 2004 ਦਾ ਹੈ। ਪੁਲਿਸ ਅਨੁਸਾਰ ਲਿਸਾ ਮਾਂਟਗੋਮੇਰੀ ਪਾਲਤੂ ਕੁੱਤਾ ਖ਼ਰੀਦਣ ਦੇ ਬਹਾਨੇ ਮਿਸੋਰੀ ਸਥਿਤ 23 ਸਾਲ ਸਟੀਨੇਟ ਦੇ ਘਰ ਪਹੁੰਚੇਗੀ। 36 ਸਾਲ ਮਾਂਟਗੋਮੇਰੀ ਨੇ ਸਭ ਤੋਂ ਪਹਿਲਾਂ 8 ਮਹੀਨੇ ਦੀ ਗਰਭਵਤੀ ਸਟੀਨੇਟ ਦਾ ਰੱਸੀ ਨਾਲ ਗ਼ਲਾ ਕੱਟ ਕੇ ਹੱਤਿਆ ਕਰ ਦਿੱਤੀ। ਇਸ ਦੇ ਬਾਅਦ ਉਸ ਨੇ ਸਟੀਨੇਟ ਦਾ ਪੇਟ ਪਾੜ ਕੇ ਬੱਚੇ ਨੂੰ ਲੈ ਕੇ ਫ਼ਰਾਰ ਹੋ ਗਈ। ਪੁਲਿਸ ਨੇ ਮਾਮਲਾ ਦਰਜ ਕੀਤਾ ਤੇ ਫੜੇ ਜਾਣ ਦੇ ਬਾਅਦ ਮੌਂਟਗੋਮਰੀ ਨੇ ਮਿਸੋਰੀ ਦੀ ਕੋਰਟ ਵਿਚ ਆਪਣਾ ਗੁਨਾਹ ਸਵਿਕਾਰ ਕੀਤਾ।

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



## DHAN DHAN SRI GURU RAVIDASS JI

Bole' So Nirbhay! Guru Ravidass Maharaj Ki Jai!

**Guru- Piari Sadh Sangat Ji,**

Sri Guru Ravidass Temple Pittsburg- Committee has decided to open the Gurudwara Sahib on Sundays, from 10:00 AM to 1:00 PM, starting September 6, 2020. Kitchen and Langar hall will remain closed until the conditions improve. Sangat is requested to follow Contra Costa County's COVID-19 health and safety guidelines. Everyone must wear a face mask and wash hands before entering Darbar Hall and maintain 6 feet distance from others to avoid the spread of CORONA Virus. If you are not feeling well, please pray at home but do not come to Gurughar as a precaution.

Committee is taking applications for new SEWADARS ( board members) applications were sent to members last month. However, the election date has been postponed due to CORONA Virus. Sangat will be notified once the election date is re-scheduled.

Gurughar members are requested to renew their membership by paying their annual renewal fee. Your donations are greatly appreciated.

For any special needs, please contact the managing committee. We pray to Waheguru ji for the safety and good health of the entire Sangat.

**"NANAK NAM CHARDI KALA TERE BHANE SARBAT DA BHALA"**

| Chairman | President | Sangat | General Secretary | Treasurer |
|---|---|---|---|---|
| Jagtar Bhatia | Shinder Paul Narabut | De Sewadar | Dharam Pal Chonkria | Vinod Kumar |



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop